SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 17
August 4, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਹੁਣ ਤੱਕ ਜਿੱਤੇ ਤਮਗੇ

| ਅੰਕ | ਦੇਸ਼ | ਸੋਨ | ਚਾਂਦੀ | ਕਾਂਸੀ | ਕੁੱਲ |
|---|---|---|---|---|---|
| 1 | ਚੀਨ | 32 | 21 | 16 | 69 |
| 2 | ਅਮਰੀਕਾ | 25 | 28 | 21 | 73 |
| 3 | ਜਾਪਾਨ | 21 | 6 | 11 | 36 |
| 4 | ਆਸਟ੍ਰੇਲੀਆ | 15 | 4 | 15 | 33 |
| 5 | ਆਰ.ਓ.ਸੀ. | 13 | 21 | 18 | 52 |
| 6 | ਇੰਗਲੈਂਡ | 15 | 17 | 13 | 43 |
| 7 | ਜਰਮਨੀ | 8 | 8 | 14 | 30 |
| 8 | ਫਰਾਂਸ | 6 | 10 | 8 | 24 |
| 9 | ਨੀਦਰਲੈਂਡ | 6 | 7 | 7 | 20 |
| 64 | ਭਾਰਤ | 0 | 1 | 1 | 2 |

# ਫਾਈਨਲ ਵਿਚ ਪਹੁੰਚਣ ਤੋਂ ਖੁੰਝ ਗਈਆਂ ਭਾਰਤੀ ਹਾਕੀ ਟੀਮਾਂ

## ਸੈਮੀਫਾਈਨਲ 'ਚ ਹਾਰੀ ਭਾਰਤੀ ਹਾਕੀ ਟੀਮ, ਮੁੱਕੇਬਾਜ਼ ਲਵਲੀਨਾ ਨੂੰ ਕਾਂਸੀ ਦਾ ਮੈਡਲ



**ਟੋਕੀਓ (ਬਿਊਰੋ)–** ਭਾਰਤੀ ਮਹਿਲਾ ਹਾਕੀ ਟੀਮ ਦਾ ਅੱਜ ਅਰਜਨਟੀਨਾ ਨਾਲ ਸੈਮੀ ਫਾਈਨਲ ਬਹੁਤ ਦਿਲਚਸਪ ਮੈਚ ਹੋਇਆ। ਪਹਿਲੇ ਅੱਧ ਤੱਕ ਅਰਜਨਟੀਨਾ ਦੀ ਟੀਮ 2-1 ਨਾਲ ਅੱਗੇ ਨਿਕਲ ਗਈ, ਜਿਸ ਤੋਂ ਬਾਅਦ ਭਾਰਤੀ ਟੀਮ ਦਬਾਅ ਵਿਚ ਆ ਗਈ। ਹਾਲਾਂਕਿ ਦੂਜੇ ਅੱਧ ਵਿਚ ਭਾਰਤੀ ਮਹਿਲਾ ਹਾਕੀ ਟੀਮ ਨੇ ਬਹੁਤ ਜ਼ੋਰਦਾਰ ਸ਼ੁਰੂਆਤ ਕੀਤੀ ਪਰ ਅਰਜਨਟੀਨਾ ਨੇ ਗੋਲ ਨਹੀਂ ਉਤਾਰਨ ਦਿੱਤਾ। ਆਖਿਰ 1 ਗੋਲ ਨਾਲ ਭਾਰਤੀ ਮਹਿਲਾ ਹਾਕੀ ਟੀਮ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਭਾਰਤੀ ਟੀਮ ਫਾਈਨਲ ਵਿਚ ਪਹੁੰਚਣ ਤੋਂ ਰਹਿ ਗਈ।

ਮੈਡਲ ਜਿੱਤਣ ਦੇ ਮਾਮਲੇ ਵਿਚ ਇਸ ਵਕਤ ਤੱਕ ਚੀਨ ਸਭ ਤੋਂ ਅੱਗੇ ਹੈ, ਜਦਕਿ ਅਮਰੀਕਾ ਦਾ ਸਥਾਨ ਦੂਜਾ ਚੱਲ ਰਿਹਾ ਹੈ। ਜਾਪਾਨ ਤੀਜੇ ਨੰਬਰ ਤੇ ਚਲਾ ਗਿਆ ਹੈ।

### ਮੁੱਕੇਬਾਜ਼ ਲਵਲੀਨਾ ਸੈਮੀਫਾਈਨਲ ਮੈਚ ਹਾਰੀ

ਟੋਕੀਓ ਓਲੰਪਿਕਸ ਵਿੱਚ ਰਿਕਾਰਡ ਬਣ ਰਹੇ ਹਨ ਅਤੇ ਰਿਕਾਰਡ ਟੁੱਟ ਵੀ ਰਹੇ ਹਨ। ਬਹੁਤ ਸਾਰੇ ਖਿਡਾਰੀਆਂ ਤੋਂ ਵੱਡੀਆਂ ਉਮੀਦਾਂ ਹਨ। ਭਾਰਤੀ ਮੁੱਕੇਬਾਜ਼ ਲਵਲੀਨਾ ਬੋਰਗੋਹੇਨ ਨੇ ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਮਗਾ ਜਿੱਤ ਲਿਆ ਹੈ, ਪਰ ਉਹ ਆਪਣਾ ਸੈਮੀਫਾਈਨਲ ਮੈਚ ਹਾਰ ਗਈ। ਲਵਲੀਨਾ ਨੇ 69 ਕਿਲੋਗ੍ਰਾਮ ਭਾਰ ਵਰਗ ਵਿੱਚ ਚੀਨੀ ਤਾਈਪੇ ਦੀ ਨਿਏਨ-ਚਿਨ ਚੇਨ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਥਾਂ ਬਣਾਈ ਸੀ। ਅਸਾਮ ਤੋਂ ਓਲੰਪਿਕ ਤੱਕ ਜਾਣ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਮੁੱਕੇਬਾਜ਼ ਹੈ। ਉਹ 69 ਕਿਲੋਗ੍ਰਾਮ ਵੇਲਟਰਵੇਟ ਵਰਗ ਵਿੱਚ ਖੇਡਦੀ ਹੈ।

ਲਵਲੀਨਾ ਨੂੰ ਮਾਈਕ ਟਾਈਸਨ ਦਾ ਸਟਾਈਲ ਪਸੰਦ ਹੈ ਤਾਂ ਮੁਹੰਮਦ ਅਲੀ ਵੀ ਓਨੇ ਹੀ ਪਸੰਦ ਹਨ। ਪਰ ਇਹਨਾਂ ਸਭ ਤੋਂ ਵੱਖ ਉਸ ਨੂੰ ਆਪਣੀ ਅਲੱਗ ਪਛਾਣ ਵੀ ਬਣਾਉਣੀ ਸੀ। ਨਿਏਨ-ਚਿਨ-ਚੇਨ ਨਾਂਅ ਦੀ ਜਿਹੜੀ ਖਿਡਾਰਨ ਤੋਂ ਲਵਲੀਨਾ ਨੇ ਇਸ ਵਾਰ ਬਾਜ਼ੀ ਮਾਰੀ ਹੈ, ਉਹ ਸਾਬਕਾ ਵਿਸ਼ਵ ਚੈਂਪੀਅਨ ਹਨ ਅਤੇ ਲਵਲੀਨਾ ਹੁਣ ਤੱਕ ਉਹਨਾਂ ਤੋਂ ਕਈ ਵਾਰ ਹਾਰੇ ਹਨ। ਲਵਲੀਨਾ 2018 ਦੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਵੀ ਉਹਨਾਂ ਤੋਂ ਹਾਰੇ ਸਨ। ਲਵਲੀਨਾ ਅਸਾਮ ਤੋਂ ਓਲੰਪਿਕ ਵਿੱਚ ਜਾਣ ਵਾਲੀ ਪਹਿਲੀ ਬਾਕਸਰ ਹਨ ਅਤੇ 69 ਕਿੱਲੋਗ੍ਰਾਮ ਭਾਰ ਵਰਗ ਵਿੱਚ

(ਬਾਕੀ ਸਫਾ 3 'ਤੇ)

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਫਾਈਨਲ ਵਿਚ ਪਹੁੰਚਣ ਤੋਂ ਖੁੰਝ ਗਈ ਭਾਰਤੀ ਮਹਿਲਾ ਟੀਮ

(ਸਫਾ 1 ਦੀ ਬਾਕੀ)

ਖੇਡਦੇ ਹਨ।

**ਸਟਾਰ ਜਿਮਨਾਸਟ ਸਿਮੋਨ ਬਾਈਲਜ਼ ਓਲੰਪਿਕ ਤੋਂ ਪਿੱਛੇ ਹਟੀ**

ਜੇਕਰ ਕੋਈ ਵਿਸ਼ਵ ਚੈਂਪੀਅਨ ਖਿਡਾਰੀ ਅਤੇ ਆਪਣੀ ਖੇਡ ਵਿੱਚ ਤਮਗੇ ਦਾ ਸਭ ਤੋਂ ਵੱਡਾ ਦਾਅਵੇਦਾਰ ਪ੍ਰਤੀਯੋਗਤਾ ਤੋਂ ਪਹਿਲਾਂ ਆਪਣਾ ਨਾਮ ਵਾਪਸ ਲੈ ਲਏ ਤਾਂ ਦੁਨੀਆ ਲਈ ਇਹ ਫ਼ੈਸਲਾ ਹੈਰਾਨੀਜਨਕ ਹੀ ਹੋਵੇਗਾ। ਅਮਰੀਕਾ ਦੀ ਸਟਾਰ ਜਿਮਨਾਸਟ ਸਿਮੋਨ ਬਾਈਲਜ਼ ਨੇ ਅਜਿਹਾ ਹੀ ਕਰਦਿਆਂ ਟੋਕੀਓ ਓਲੰਪਿਕਸ ਦੌਰਾਨ ਆਪਣਾ



ਨਾਮ ਵਾਪਸ ਲੈ ਲਿਆ। ਟੋਕੀਓ ਵਿੱਚ ਸਿਮੋਨ ਨੇ ਪੰਜ ਮੁਕਾਬਲੇ ਦੇ ਫਾਈਨਲ ਲਈ ਕੁਆਲੀਫਾਈ ਕਰ ਲਿਆ ਸੀ।

2016 ਰੀਓ ਓਲੰਪਿਕਸ ਵਿੱਚ ਸਿਮੋਨ ਨੇ ਚਾਰ ਸੋਨ ਤਮਗੇ ਅਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ ਸੀ। ਸਿਮੋਨ ਨੇ ਕੁੱਲ 30 ਵਿਸ਼ਵ ਚੈਂਪੀਅਨਸ਼ਿਪ ਅਤੇ ਓਲੰਪਿਕ ਤਮਗੇ ਜਿੱਤੇ ਹਨ। ਜਿਮਨਾਸਟਿਕ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਤਮਗੇ ਹਾਸਿਲ ਕਰਨ ਵਾਲੀ ਖਿਡਾਰਨ ਬਣਨ ਲਈ ਉਨ੍ਹਾਂ ਨੂੰ ਟੋਕੀਓ ਵਿੱਚ ਚਾਰ ਤਮਗੇ ਜਿੱਤਣ ਦੀ ਜ਼ਰੂਰਤ ਸੀ।

**ਰਵੀ ਅਤੇ ਪੂਨੀਆ ਪਹੁੰਚੇ ਸੈਮੀਫਾਈਨਲ ਵਿਚ**

ਰਵੀ ਕੁਮਾਰ ਨੇ 57 ਕਿਲੋਗ੍ਰਾਮ ਭਾਰ ਵਰਗ ਵਿਚ ਮੈਚ ਜਿੱਤ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ ਹੈ। ਉਹ ਤਕਨੀਕੀ ਜਾਂਚ ਦੇ ਨਾਲ ਕੁਆਰਟਰ ਫਾਈਨਲ ਜਿੱਤਣ ਵਿਚ ਕਾਮਯਾਬ ਰਹੇ। ਰਵੀ ਨੇ ਬੁਲਗਾਰੀਆ ਦੇ ਜੌਰਜੀ ਵਾਂਗੇਲੋਵ ਨੂੰ 14-4 ਨਾਲ ਹਰਾਇਆ। ਹੁਣ ਰਵੀ ਕੁਮਾਰ ਦਾ ਸਾਹਮਣਾ ਸੈਮੀਫਾਈਨਲ ਵਿਚ ਕਜਾਕਿਸਤਾਨ ਦੇ ਨੂਰੀਸਲਾਮ ਸਨਾਯੇਵ ਨਾਲ ਹੋਵੇਗਾ।

ਇਸ ਦੇ ਨਾਲ ਹੀ ਦੀਪਕ ਪੂਨੀਆ ਨੇ ਆਪਣਾ ਕੁਆਰਟਰ ਫਾਈਨਲ ਮੈਚ ਜਿੱਤ ਲਿਆ ਹੈ। 87 ਕਿਲੋਗ੍ਰਾਮ ਭਾਰ ਵਰਗ ਵਿਚ ਉਸਨੇ 3 ਅੰਕਾਂ ਦੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ ਅਤੇ ਰਵੀ ਕੁਮਾਰ ਤੋਂ ਬਾਅਦ ਦੀਪਕ ਪੂਨੀਆ ਵੀ ਸੈਮੀਫਾਈਨਲ ਵਿਚ ਪਹੁੰਚ ਗਿਆ ਹੈ। ਦੀਪਕ ਪੂਨੀਆ ਨੇ ਚੀਨ ਦੇ ਲਿਨ ਜ਼ੁਸ਼ੇਨ ਨੂੰ 6-3 ਨਾਲ ਹਰਾ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ, ਜਿੱਥੇ ਉਸ ਦਾ ਸਾਹਮਣਾ ਅਮਰੀਕਾ ਦੇ ਡੇਵਿਡ ਮੌਰਿਸ ਟੇਲਰ ਨਾਲ ਹੋਵੇਗਾ।

**ਹਾਰ ਗਏ ਅੰਸ਼ੂ ਮਲਿਕ**

ਭਾਰਤ ਦੀ ਅੰਸ਼ੂ ਮਲਿਕ ਮਹਿਲਾ ਫ੍ਰੀਸਟਾਈਲ 57 ਕਿਲੋਗ੍ਰਾਮ 1/8 ਫਾਈਨਲ ਮੈਚ ਵਿੱਚ ਬੇਲਾਰੂਸ ਦੀ ਇਰੀਨਾ ਕੁਰਾਚਕਿਨਾ ਤੋਂ ਹਾਰ ਗਈ। ਇਰੀਨਾ ਨੇ ਲਗਭਗ ਇਕ ਪਾਸੜ ਢੰਗ ਨਾਲ ਮੈਚ 8-2 ਨਾਲ ਜਿੱਤਿਆ।

**14ਵੇਂ ਸਥਾਨ 'ਤੇ ਰਹੀ ਅਨੂ ਰਾਣੀ**

ਭਾਰਤ ਦੀ ਅਨੂ ਰਾਣੀ ਟੋਕੀਓ ਓਲੰਪਿਕ ਖੇਡਾਂ ਦੇ ਨੇਜ਼ਾ ਸੁੱਟ ਮੁਕਾਬਲੇ ਦੇ ਫਾਈਨਲ ਲਈ ਕੁਆਲੀਫਾਈ ਨਹੀਂ ਕਰ ਸਕੀ ਤੇ ਮੰਗਲਵਾਰ ਨੂੰ ਇੱਥੇ 54.04 ਮੀਟਰ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਨਾਲ 14ਵੇਂ ਸਥਾਨ 'ਤੇ ਰਹੀ। ਅਨੂ ਨੇ 14 ਖਿਡਾਰੀਆਂ ਦੇ ਗਰੁੱਪ-ਏ ਵਿਚ 50.35 ਮੀਟਰ ਨੇਜ਼ਾ ਸੁੱਟ ਕੇ ਸ਼ੁਰੂਆਤ ਕੀਤੀ ਤੇ ਆਪਣੀ ਦੂਜੀ ਕੋਸ਼ਿਸ਼ ਵਿਚ 53.19 ਮੀਟਰ ਦੀ ਦੂਰੀ ਤੈਅ ਕੀਤੀ। ਇਸ 29 ਸਾਲਾ ਐਥਲੀਟ ਨੂੰ 12 ਖਿਡਾਰੀਆਂ ਦੇ ਫਾਈਨਲ ਵਿਚ ਥਾਂ ਬਣਾਉਣ ਲਈ ਬਿਹਤਰੀਨ ਪ੍ਰਦਰਸ਼ਨ ਕਰਨ ਦੀ ਲੋੜ ਸੀ ਪਰ ਉਹ 63 ਮੀਟਰ ਦੇ ਕੁਆਲੀਫਿਕੇਸ਼ਨ ਨੰਬਰ ਦੇ ਨੇੜੇ ਵੀ ਨਹੀਂ ਪੁੱਜ ਸਕੀ। ਅਨੂ ਦਾ ਸਰਬੋਤਮ ਪ੍ਰਦਰਸ਼ਨ 63.24 ਮੀਟਰ ਹੈ ਜੋ ਉਹਨਾਂ ਨੇ ਇਸ ਸਾਲ ਫੈਡਰੇਸ਼ਨ ਕੱਪ ਵਿਚ ਹਾਸਲ ਕੀਤਾ ਸੀ। ਪੋਲੈਂਡ ਦੀ ਮਾਰੀਆ ਆਂਦਰੇਜਿਕ ਇੱਕੋ-ਇਕ ਐਥਲੀਟ ਰਹੀ ਜਿਹਨਾਂ ਨੇ ਪਹਿਲੀ ਕੋਸ਼ਿਸ਼ ਵਿਚ ਹੀ 65.25 ਮੀਟਰ ਨੇਜ਼ਾ ਸੁੱਟ ਕੇ ਕੁਆਲੀਫਾਈ ਕੀਤਾ। ਨਿਯਮਾਂ ਮੁਤਾਬਕ 63 ਮੀਟਰ ਨੇਜ਼ਾ ਸੁੱਟਣ ਵਾਲੇ ਜਾਂ ਸਰਬੋਤਮ 12 ਖਿਡਾਰੀਆਂ ਨੂੰ ਫਾਈਨਲ ਵਿਚ ਥਾਂ ਮਿਲਦੀ ਹੈ। ਨੇਜ਼ਾ ਸੁੱਟ ਵਿਚ ਹੁਣ ਸਾਰਿਆਂ ਦੀਆਂ ਨਜ਼ਰਾਂ ਮਰਦ ਵਰਗ ਵਿਚ ਨੀਰਜ ਚੋਪੜਾ 'ਤੇ ਟਿਕੀਆਂ ਰਹਿਣਗੀਆਂ।

# ਮੁਕਤਸਰ ਦੀ ਕਮਲਪ੍ਰੀਤ ਨੇ ਦਿਖਾਇਆ ਦਮ



**ਟੋਕੀਓ (ਬਿਊਰੋ)-** ਭਾਰਤ ਦੀ ਟੋਕੀਓ ਓਲੰਪਿਕਸ ਵਿੱਚ ਮੈਡਲ ਲਈ ਇੱਕ ਹੋਰ ਆਸ ਬੱਝ ਗਈ ਸੀ, ਜਦੋਂ ਕਮਲਪ੍ਰੀਤ ਕੌਰ ਨੇ ਡਿਸਕਸ ਥਰੋਅ ਵਿੱਚ ਫਾਈਨਲ ਲਈ ਆਪਣੀ ਥਾਂ ਪੱਕੀ ਕਰ ਲਈ। ਪਹਿਲੀ ਵਾਰ ਓਲੰਪਿਕਸ ਵਿੱਚ ਹਿੱਸਾ ਲੈ ਰਹੀ ਕਮਲਪ੍ਰੀਤ ਕੌਰ ਨੇ ਕੁਆਲੀਫਾਇੰਗ ਰਾਊਂਡ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। 25 ਸਾਲਾ ਕਮਲਪ੍ਰੀਤ ਦਾ ਸਬੰਧ ਪੰਜਾਬ ਦੇ ਮੁਕਤਸਰ ਜਿਲੇ ਦੇ ਕਬਰਵਾਲਾ ਪਿੰਡ ਨਾਲ ਹੈ ਅਤੇ ਕੁਆਲੀਫਾਇੰਗ ਰਾਊਂਡ ਵਿੱਚ ਕਮਲਪ੍ਰੀਤ ਦੇ ਅੰਕ ਮੌਜੂਦਾ ਵਿਸ਼ਵ ਚੈਂਪੀਅਨ ਯੇਮੀ ਪਰਜ਼ ਅਤੇ ਪਿਛਲੇ ਓਲੰਪਿਕਸ ਵਿੱਚ ਗੋਲਡ ਮੈਡਲ ਜੇਤੂ ਸਾਂਡਰਾ ਪਰਵੋਕ ਤੋ ਵੀ ਜਿਆਦਾ ਸਨ।

ਜੇਵਲਿਨ ਥਰੋਅਰ ਨੀਰਜ ਚੋਪੜਾ ਨੇ ਪੁਰਸ਼ਾਂ ਦੇ ਜੇਵਲਿਨ ਥ੍ਰੋ ਈਵੈਂਟ ਵਿਚ ਟਾਪ 'ਤੇ ਰਹਿ ਕੇ ਕੁਆਲੀਫਿਕੇਸ਼ਨ ਰਾਊਂਡ ਪੂਰਾ ਕਰ ਲਿਆ ਹੈ ਅਤੇ ਫਾਈਨਲ ਰਾਊਂਡ ਵਿਚ ਜਗਾ ਬਣਾਈ। ਇਸ ਦੇ ਨਾਲ ਹੀ ਪਹਿਲਵਾਨ ਰਵੀ ਦਹੀਆ ਅਤੇ ਦੀਪਕ ਪੂਨੀਆ ਨੇ ਵੀ ਕੁਆਰਟਰ ਫਾਈਨਲ ਜਿੱਤਣ ਤੋਂ ਬਾਅਦ ਸੈਮੀਫਾਈਨਲ ਵਿਚ ਪ੍ਰਵੇਸ਼ ਕਰ ਲਿਆ ਸੀ।

# ਧੀ ਵੱਲੋਂ ਉਲੰਪਿਕ ਤਮਗਾ ਜਿੱਤਣ ਉਪਰੰਤ ਮਾਂ ਨੇ ਦੁਨੀਆ ਨੂੰ ਕਿਹਾ ਅਲਵਿਦਾ

**ਸੈਕਰਾਮੈਂਟੋ 4 ਅਗਸਤ (ਹੁਸਨ ਲੜੋਆ ਬੰਗਾ)** ਟੋਕੀਓ ਉਲੰਪਿਕ ਦਾ ਗੋਲਾ ਸੁੱਟਣ ਦੇ ਮੁਕਾਬਲੇ ਦਾ ਸਿੱਧਾ ਪ੍ਰਸਾਰਣ ਵੇਖ ਰਹੀ ਕਲਾਰੀਸਾ ਸੈਂਡਰਜੋ ਨੂੰ ਆਪਣੀ ਧੀ ਦੇ ਪੈਰਦਰਸ਼ਨ ਤੋਂ ਏਨੀ ਖੁਸ਼ ਹੋਈ ਕਿ ਉਹ ਇਸ ਦੁਨੀਆ ਨੂੰ ਹੀ ਅਲਵਿਦਾ ਕਹਿ ਗਈ। ਉਸ ਦੀ ਧੀ ਰਾਵਨ ਸੈਂਡਰਜ ਨੇ ਗੋਲਾ ਸੁੱਟਣ ਵਿੱਚ ਦੂਸਰੇ ਸਥਾਨ ‘ਤੇ ਰਹਿ ਕੇ ਚਾਂਦੀ ਦਾ ਤਮਗਾ ਜਿੱਤਿਆ। ਉਸ ਦੀ ਮਾਂ ਟੋਕਿਓ-2020 ਵੇਖਣ ਲਈ ਓਰਲੈਂਡੋ ਵਿਚ ਸੀ। ਇਥੇ ਅਮਰੀਕੀ ਅਥਲੀਟਾਂ ਦੇ ਪਰਿਵਾਰਾਂ ਲਈ ਉਲੰਪਿਕ ਮੁਕਾਬਲੇ ਵੇਖਣ ਵਾਸਤੇ ਵਿਸ਼ੇਸ਼ ਤੌਰ`ਤੇ ਪ੍ਰਬੰਧ ਕੀਤਾ ਗਿਆ ਸੀ। ਕਲਾਰੀਸਾ ਸੈਂਡਰਜ ਆਪਣੀ ਧੀ ਦਾ ਪੈਰਦਰਸ਼ਨ ਵੇਖਣ ਲਈ ਬਹੁਤ ਉਤਾਵਲੀ ਸੀ। ਉਸ ਦੀ ਦੂਸਰੀ ਬੇਟੀ ਤਨਜ਼ਾਨੀਆ ਵੀ ਨਾਲ ਸੀ। ਧੀ ਨੂੰ ਤਮਗਾ ਜਿੱਤਦਿਆਂ ਵੇਖਕੇ ਉਹ ਬੇਹੱਦ ਖੁਸ਼ ਹੋਈ ਪਰੰਤੂ ਕੁਝ ਸਮੇ ਬਾਅਦ ਉਹ ਇਸ ਦੁਨੀਆ ਵਿਚ ਨਹੀਂ ਰਹੀ। ਹਾਲਾਂ ਕਿ ਅਜੇ ਤੱਕ ਉਸ ਦੀ ਮੌਤ ਦੇ ਕਾਰਨ ਦਾ ਪਤਾ ਨਹੀਂ ਲੱਗਾ ਪਰੰਤੂ ਮੈਚ ਵੇਖਣ ਤੋਂ ਪਹਿਲਾਂ ਉਹ ਬਿਲਕੁੱਲ ਠੀਕ ਠਾਕ ਸੀ। ਮਾਨਸਕ ਸਿਹਤ ਨਾਲ ਜੁੜੇ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਵਾਰ ਜਿਆਦਾ ਖੁਸ਼ੀ ਵੀ ਮੌਤ ਦਾ ਕਾਰਨ ਬਣ ਸਕਦੀ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ


WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾਂ ਨੂੰ ਸ਼ਰਧਾਂਜਲੀ













**ਫਰਿਜ਼ਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ –** ਸਥਾਨਿਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਜਿਹੜੀ ਕਿ ਸਮੇਂ ਸਮੇਂ ਸਿਰ ਦੇਸ਼ ਭਗਤਾਂ ਦੀ ਯਾਦ ਵਿੱਚ ਸਮਾਗਮ ਕਰਵਾਕੇ ਸਾਡੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀ ਸੋਚ ਤੋਂ ਜਾਣੂ ਕਰਵਾਉਣ ਲਈ ਸਾਰਥਿਕ ਉਪਰਾਲੇ ਕਰਦੀ ਰਹਿੰਦੀ ਹੈ, ਵੱਲੋ ਲੰਘੇ ਸ਼ਨੀਵਾਰ ਸ਼ਹੀਦ ਮਦਨ ਲਾਲ ਢੀਂਗਰਾਂ ਅਤੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਫਰਿਜ਼ਨੋ ਦੇ ਨੌਰਥ ਪੁਆਇੰਟ ਈਵੈਂਟ ਸੈਂਟਰ ਵਿੱਚ ਕਰਵਾਇਆ ਗਿਆ। ਇਸ ਮੌਕੇ ਬੱਚਿਆ ਨੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੂੰ ਯਾਦ ਕਰਦਿਆਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਗਨ ਲਾਲ ਢੀਗਰਾਂ ਦੇ ਨਾਲ ਸਬੰਧਤ ਵਿਸ਼ਿਆਂ ਤੇ ਭਾਸ਼ਨ ਕੀਤੇ ਅਤੇ ਕਵਿਤਾਵਾਂ ਪੜ੍ਹੀਆਂ ਗਈਆ।

ਭਾਗ ਲੈਣ ਵਾਲੇ ਕਵੀਆਂ ਅਤੇ ਬੱਚਿਆ ਨੂੰ ਫੋਰਮ ਵੱਲੋਂ ਸਨਮਾਨ ਚਿੰਨ ਦਿੱਤੇ ਗਏ। ਇਸ ਸਮਾਗਮ ਦੌਰਾਨ ਬਾਪੂ ਗੁਰਦੀਪ ਸਿੰਘ ਅਣਖੀ ਨੇ ਸ਼ਹੀਦਾਂ ਦੇ ਜੀਵਨ ਚੇ ਪੰਛੀ ਝਾਕ ਪਵਾਈ। ਇਸ ਸਮਾਗਮ ਵਿੱਚ ਫਰਿਜਨੋ ਦੀਆ ਸਿਰਕੱਢ ਸਖਸ਼ੀਅਤਾ ਨੇ ਭਾਗ ਲੈਕੇ ਪ੍ਰੋਗ੍ਰਾਮ ਨੂੰ ਹੋਰ ਚਾਰ ਚੰਨ ਲਾਏ। ਸਟੇਜ ਸੰਚਾਲਨ ਹਰਜਿੰਦਰ ਢੇਸੀ ਤੇ ਸੁਰਿੰਦਰ ਮੰਡਾਲੀ ਨੇ ਬਾਖੂਬੀ ਕੀਤਾ।

ਫੋਰਮ ਦੀ ਮਹਿਲਾ ਵਿੰਗ ਦੀ ਬੁਲਾਰੀ ਸ਼ਰਨਜੀਤ ਧਾਲੀਵਾਲ ਨੇ ਦੱਸਿਆ ਕਿ ਇਹੋ ਜਿਹੇ ਸਮਾਗਮ ਬੱਚਿਆਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਹੋਰ ਬੱਚਿਆਂ ਨੂੰ ਏਦਾਂ ਦੇ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਦੇ ਹਨ। ਹੋਰ ਬੋਲਣ ਵਾਲੇ ਬੁਲਾਰਿਆਂ ਵਿੱਚ ਪ੍ਰਗਟ ਸਿੰਘ ਧਾਲੀਵਾਲ, ਡਾ. ਅਰਜਨ ਸਿੰਘ ਜੋਸ਼ਨ, ਮਲਕੀਤ ਸਿੰਘ ਕਿੰਗਰਾ, ਸਾਧੂ ਸਿੰਘ ਸੰਘਾ, ਸ਼ਾਇਰ ਰਣਜੀਤ ਗਿੱਲ, ਦਲਜੀਤ ਸਿੰਘ ਸਰਾਂ ਆਦਿ ਦੇ ਨਾਮ ਜਿਕਰਯੋਗ ਹਨ। ਇਸ ਤਰਾਂ ਬੱਚੇ ਬੁਲਾਰਿਆਂ ਵਿੱਚ ਸੁਕਰੀਤੀ ਕੁਮਾਰ, ਰਾਜਵੀਰ ਧਾਲੀਵਾਲ, ਬਬਲੀ ਸਿੱਧੂ, ਗੁਰਲੀਨ ਸਿੱਧੂ ਅਤੇ ਆਂਚਲ ਕੌਰ ਹੇਅਰ ਆਦਿ ਨੇ ਇਕੱਠ ਨੂੰ ਸੰਬੋਧਨ ਕੀਤਾ। ਅਖੀਰ ਅਮਿੱਟ ਪੈੜ੍ਹਾਂ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।

# ਅਮਰੀਕਾ ਵਿੱਚ ਬੱਚਿਆਂ ਲਈ ਖਤਰਨਾਕ ਇੱਕ ਹੋਰ ਵਾਇਰਸ ਦੀ ਹੋਈ ਪਛਾਣ

**ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ)–** ਅਮਰੀਕਾ ਵਿੱਚ ਇੱਕ ਵਾਰ ਘੱਟ ਹੋਣ ਤੋਂ ਬਾਅਦ ਦੁਬਾਰਾ ਫਿਰ ਕੋਰੋਨਾ ਵਾਇਰਸ ਦੇ ਕੇਸ ਸਾਹਮਣੇ ਆ ਰਹੇ ਹਨ। ਨਵੇਂ ਕੇਸਾਂ ਵਿੱਚ ਵਾਇਰਸ ਦਾ ਡੈਲਟਾ ਰੂਪ ਜਿਆਦਾਤਰ ਮਾਮਲਿਆਂ ਵਿੱਚ ਪਾਇਆ ਜਾ ਰਿਹਾ ਹੈ। ਡੈਲਟਾ ਵਾਇਰਸ ਦੀ ਲਾਗ ਵਿੱਚ ਵਾਧੇ ਦੇ ਨਾਲ ਹੀ ਬੱਚਿਆਂ ਵਿੱਚ ਇੱਕ ਹੋਰ ਵਾਇਰਸ ਦੀ ਪਛਾਣ ਕੀਤੀ ਗਈ ਹੈ, ਜਿਸਨੂੰ ਕਿ ਰੈਸਪੀਰੇਟਰੀ ਸੈਂਸੇਸ਼ਨਲ ਵਾਇਰਸ (ਆਰ ਐਸ ਵੀ) ਕਿਹਾ ਜਾਂਦਾ ਹੈ। ਇਹ ਬਹੁਤ ਹੀ ਖਤਰਨਾਕ ਵਾਇਰਸ ਹੈ ਜਿਸ ਨਾਲ ਆਮ ਤੌਰ 'ਤੇ ਬੱਚੇ ਤੇ ਬਜ਼ੁਰਗ ਜਿਆਦਾ ਪ੍ਰਭਾਵਿਤ ਹੁੰਦੇ ਹਨ। ਅਮਰੀਕਾ ਦੀ ਸਿਹਤ ਏਜੰਸੀ ਸੈਂਟਰ ਫ਼ਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ ਡੀ ਸੀ ) ਅਨੁਸਾਰ ਜੂਨ ਮਹੀਨੇ



ਤੋਂ ਦੇਸ਼ ਵਿੱਚ ਆਰ ਐਸ ਵੀ ਦੇ ਕੇਸਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਵਾਇਰਸ ਦੇ ਮਾਮਲਿਆਂ ਵਿੱਚ ਪਿਛਲੇ ਮਹੀਨੇ ਜਿਆਦਾ ਵਾਧਾ ਦਰਜ ਕੀਤਾ ਗਿਆ। ਸਿਹਤ ਮਾਹਿਰਾਂ ਨੇ ਇਸ ਵਾਇਰਸ ਦੇ ਆਮ ਲੱਛਣ ਨੱਕ ਵਗਣਾ, ਖੰਘ, ਛਿੱਕ ਤੇ ਬੁਖਾਰ ਆਦਿ ਦੱਸੇ ਹਨ। ਇਸਦੇ ਇਲਾਵਾ ਸਿਹਤ ਵਿਭਾਗ ਅਨੁਸਾਰ ਅਮਰੀਕਾ 'ਚ ਆਰ ਐਸ ਵੀ ਦਾ ਪ੍ਰਕੋਪ ਅਜਿਹੇ ਸਮੇਂ 'ਚ ਵੱਧ ਰਿਹਾ ਹੈ ਜਦੋਂ ਪਿਛਲੇ ਦੋ ਹਫ਼ਤਿਆਂ 'ਚ ਕੋਰੋਨਾ ਕੇਸਾਂ 'ਚ 148 ਫ਼ੀਸਦੀ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਦੀ ਗਿਣਤੀ ਵਿੱਚ ਵੀ 73 ਫ਼ੀਸਦੀ ਦਾ ਵਾਧਾ ਹੋਇਆ ਹੈ। ਕੈਨੇਡਾ, ਆਸਟਰੇਲੀਆ, ਨਿ–ਊਜ਼ੀਲੈਂਡ ਵਰਗੇ ਦੇਸ਼ਾਂ ਨੇ ਵੀ ਆਰ ਐਸ ਵੀ ਦੀ ਲਾਗ ਦੇ ਮਾਮਲਿਆਂ ਵਿੱਚ ਵਾਧੇ ਦੀ ਰਿਪੋਰਟ ਕੀਤੀ ਹੈ।






# ਬਸਪਾ ਕਾਂਗਰਸ ਦੀ ਬੇਲਗਾਮ ਜੁਬਾਨ ਨੂੰ ਸੱਤਾ ਤੋਂ ਚਲਦਾ ਕਰਕੇ ਲਗਾਮ ਕੱਸਣ ਲਈ ਕੰਮ ਕਰੇਗੀ - ਜਸਵੀਰ ਸਿੰਘ ਗੜ੍ਹੀ

## ਦਲਿਤ ਪਛੜੇ ਸਮਾਜ ਦਾ ਅਪਮਾਨ ਕਰਨ ਵਾਲੀ ਕਾਂਗਰਸ ਤੇ ਆਪ ਪਾਰਟੀ ਖਿਲਾਫ 29 ਅਗਸਤ ਨੂੰ ਬਸਪਾ ਕਰੇਗੀ ਸੂਬਾ ਪੱਧਰੀ ਰੈਲੀ

## ਬਸਪਾ ਨੇ ਕਾਂਗਰਸ ਤੇ ਆਪ ਖਿਲਾਫ ਸਰਦੂਲਗੜ੍ਹ ਤੋਂ ਹਜ਼ਾਰਾਂ ਲੋਕਾਂ ਦੇ ਨਾਲ ਵਿਸ਼ਾਲ ਰੋਸ਼ ਮਾਰਚ ਕੀਤਾ



















**ਪਾਲ ਸਿੰਘ ਨੌਲੀ**

**ਸਰਦੂਲਗੜ੍ਹ 3 ਅਗਸਤ–** ਬਹੁਜਨ ਸਮਾਜ ਪਾਰਟੀ ਵਲੋਂ ਸਰਦੂਲਗੜ੍ਹ ਤੋਂ ਮੋਫਰ ਤੱਕ ਹਜਾਰਾਂ ਦੀ ਗਿਣਤੀ ਵਿੱਚ ਪੈਦਲ, ਮੋਟਰਸਾਈਕਲ ਅਤੇ ਕਾਰਾਂ ਦਾ ਵੱਡਾ ਕਾਫਲਾ ਸਰਦੂਲਗੜ੍ਹ ਦੀਆਂ ਸੜਕਾਂ ਤੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਦੀ ਅਗਵਾਈ ਵਿੱਚ ਉਤਰਿਆ। ਬੀਤੇ ਦਿਨੀਂ ਸਰਦੂਲਗੜ੍ਹ ਦੇ ਕਾਂਗਰਸ ਦੇ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਨੇ ਦਲਿਤ ਭਾਈਚਾਰੇ ਨੂੰ ਜਾਤੀਸੂਚਕ ਸਬਦਾਂ ਦੀ ਵਰਤੋਂ ਕਰਦੀਆਂ ਹਰਾਮੀ ਕਹਿ ਦਿੱਤਾ ਅਤੇ ਕਾਂਗਰਸ ਸਰਕਾਰ ਨੇ ਕੋਈ ਕਾਰਵਾਈ ਸ਼੍ਰੀ ਮੋਫਰ ਖਿਲਾਫ ਨਹੀਂ ਕੀਤੀ ਜਦੋਂ ਕਿ ਇਸਤੋਂ ਪਹਿਲਾਂ ਕਾਂਗਰਸ ਅਤੇ ਭਾਜਪਾ ਦੇ ਆਗੂ ਬਹੁਜਨ ਸਮਾਜ ਨੂੰ ਗੈਰ ਪੰਥਕ ਤੇ ਅੱਪਵਿਤੱਰ ਤੱਕ ਕਹਿ ਚੁੱਕੇ ਸਨ। ਇਸ ਵਿਸ਼ਾਲ ਰੋਸ ਰੈ.ਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਵੀ ਹਿੱਸਾ ਲਿਆ। ਜਿਸ ਵਿਚ ਅਕਾਲੀ ਦਲ ਤੋਂ ਸ਼੍ਰੀ ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ, ਵਿਧਾਇਕ ਦਿਲਰਾਜ ਭੂੰਦੜ ਆਦਿ ਆਗੂਆਂ ਨੇ ਸਮਝੌਤਾ ਕੀਤਾ।

ਪੰਜਾਬ ਦੀ ਕਾਂਗਰਸ ਸਰਕਾਰ ਨੇ ਪ੍ਰਸ਼ਾਸਨ ਦੁਆਰਾ ਹਾਈਵੇ ਰੋਡ ਉੱਤੇ ਘੱਗਰ ਦਰਿਆ ਵਿੱਚੋ ਗੰਦ ਇਕੱਠਾ ਕਰਕੇ ਉਚੇ ਉਚੇ ਢੇਰ ਲਗਾ ਦਿੱਤੇ ਤਾਂ ਕਿ ਬਹੁਜਨ ਸਮਾਜ ਪਾਰਟੀ ਦੀ ਵਿਸ਼ਾਲ ਮੋਟਰਸਾਈਕਲ ਰੈਲੀ ਨੂੰ ਰੋਕਿਆ ਜਾ ਸਕੇ ਸਥਿਤੀ ਉਸ ਵੇਲੇ ਤਣਾਅ ਪੂਰਨ ਹੋ ਗਈ ਜਦੋ ਪੁਲਿਸ ਮੁਲਾਜਮਾਂ ਵਲੋਂ ਬਸਪਾ ਦੇ ਸਾਥੀਆਂ ਨੂੰ ਰਸਤਿਆਂ ਵਿੱਚ ਰੋਕ ਟੋਕ ਕਰਨੀ ਸ਼ੁਰੂ ਕਰ ਦਿੱਤੀ। ਇਸ ਸਾਰੇ ਤਣਾਅ ਪੂਰਨ ਮਾਹੌਲ ਨੂੰ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਅਤੇ ਬਸਪਾ ਲੀਡਰਸ਼ਿਪ ਨੇ ਬਹੁਤ ਹੀ ਸੂਝਬੂਝ ਨਾਲ ਸ਼ਾਂਤ ਕੀਤਾ।

ਸਰਦੂਲਗੜ੍ਹ ਦਾ ਨਜ਼ਾਰਾ ਇਹ ਸੀ ਕਿ ਬਸਪਾ ਦੀ ਇਸ ਮੋਟਰਸਾਈਕਲ ਰੈ.ਲੀ ਤੋਂ ਪੰਜਾਬ ਦੀ ਕਾਂਗਰਸ ਸਰਕਾਰ ਬੁਰੀ ਤਰਾਂ ਘਬਰਾਈ ਹੋਈ ਸੀ ਅਤੇ ਪ੍ਰਸ਼ਾਂਸ਼ਨ ਘੋਰ ਦਬਾਅ ਵਿੱਚ ਸੀ ਵਿਸ਼ਾਲ ਮੋਟਰਸਾਈਕਲ ਰੈ.ਲੀ ਨੂੰ ਰੋਕਣ ਲਈ ਸੱਤ ਜਿਲਿਆ ਦੀ ਪੁਲਿਸ ਤਾਇਨਾਤ ਕੀਤੀ ਹੋਈ ਹੈ ਹਰ ਇਕ ਪਾਸੇ ਨੀਲੇ ਨੀਲੇ ਅਤੇ ਪੀਲੇ ਝੰਡੇ ਦਿਖਾਈ ਦੇ ਰਹੇ ਹਨ।

ਸ. ਗੜ੍ਹੀ ਨੇ ਮੰਚ ਤੋਂ ਪੰਜਾਬ ਸਰਕਾਰ ਨੂੰ ਚੁਨੌਤੀ ਦਿੰਦਿਆਂ ਕਿਹਾ ਕੇ ਪੰਜਾਬ ਦੀ ਗੂੰਗੀ ਤੇ ਬੋਲੀ ਕਾਂਗਰਸ ਸਰਕਾਰ ਬਸਪਾ ਦੀਆਂ ਰੈਲੀਆਂ ਨੂੰ ਰੋਕਣ ਲਈ ਜਿਨ੍ਹਾਂ ਮਰਜੀ ਜ਼ੋਰ ਲਗਾ ਲਵੇ ਬਸਪਾ ਅਨੁਸ਼ਾਸਨ ਵਿੱਚ ਅਤੇ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਰੈਲੀਆਂ ਕਰਦੀ ਰਹੇਗੀ ਅਤੇ ਕਾਂਗਰਸ ਦੀ ਬੇਲਗਾਮ ਜੁਬਾਨ ਨੂੰ ਲਗਾਮ ਦੇਣ ਦਾ ਕੰਮ ਕਰੇਗੀ। ਉਹਨਾਂ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਨੇ ਹਰਿਆਣਾ ਅਤੇ ਦਿੱਲੀ ਦੀਆਂ ਸੜਕਾਂ ਤੇ ਟੋਏ ਪੁਟੇ , ਵੱਡੇ ਵੱਡੇ ਕਿਲ ਲਗਵਾ ਦਿੱਤੇ ਤਾਂ ਕਿ ਕਿਸਾਨ ਦਿੱਲੀ ਪਹੁੰਚ ਕੇ ਸੰਘਰਸ਼ ਵਿੱਚ ਹਿੱਸਾ ਨਾ ਲੈ ਸਕੇ, ਉਹੀ ਕੰਮ ਹੁਣ ਪੰਜਾਬ ਦੀ ਨਿਕੰਮੀ ਕਾਂਗਰਸ ਸਰਕਾਰ ਸੜਕਾਂ ਤੇ ਵੱਡੇ ਵੱਡੇ ਗੰਦ ਦੇ ਢੇਰ ਲਗਾਕੇ ਬਹੁਜਨ ਇਨਕਲਾਬ ਨੂੰ ਰੋਕਣ ਲਈ ਕੋਸਿਸ਼ ਕਰ ਰਹੀ ਹੈ ਦਲਿਤ ਪਛੜੇ ਸਮਾਜ ਦਾ ਅਪਮਾਨ ਕਰਨ ਵਾਲੀ ਕਾਂਗਰਸ ਤੇ ਆਪ ਪਾਰਟੀ ਖਿਲਾਫ 29 ਅਗਸਤ ਨੂੰ ਬਸਪਾ ਕਰੇਗੀ ਸੂਬਾ ਪੱਧਰੀ ਰੈਲੀ ਕਰੇਗੀ। ਭਾਜਪਾ, ਕਾਂਗਰਸ ਤੇ ਆਪ ਤਿੰਨਾਂ ਪਾਰਟੀਆ ਦੀ ਸੋਚ ਇੱਕ ਹੈ ਅਤੇ ਹੁਣ ਜਦੋ ਬਸਪਾ ਦਾ ਅਕਾਲੀ ਦਲ ਬਾਦਲ ਨਾਲ ਸਮਝੌਤਾ ਹੋ ਗਿਆ ਹੈ ਤਾਂ ਇਹਨਾਂ ਪਾਰਟੀਆਂ ਦੇ ਆਗੂ ਦਲਿਤ ਭਾਈਚਾਰੇ ਨੂੰ ਜਾਤੀ ਤੋਰ ਤੇ ਜਲੀਲ ਕਰਨ ਲਗ ਪਏ ਹਨ ਭਾਜਪਾ ਦੇ ਕੇਂਦਰੀ ਮੰਤਰੀ ਹਰਦੀਪ ਪੁਰੀ ਤੇ ਕਾਂਗਰਸ ਦੇ ਐਮ ਪੀ ਸ਼੍ਰੀ ਰਵਨੀਤ ਬਿੱਟੂ ਨੇ ਸ਼੍ਰੀ ਆਨੰਦਪੁਰ ਸਾਹਿਬ ਅਤੇ ਸ਼੍ਰੀ ਚਮਕੌਰ ਸਾਹਿਬ ਦੀਆ ਸੀਟਾਂ ਬਸਪਾ ਨੂੰ ਅਕਾਲੀ ਦਲ ਬਾਦਲ ਵਲੋਂ ਸਮਝੌਤੇ ਤਹਿਤ ਮਿਲਣ ਤੇ ਦਲਿਤ ਭਾਈਚਾਰੇ ਨੂੰ ਅਪਵਿੱਤਰ ਤੇ ਗੈਰ ਪੰਥਕ ਕਿਹਾ। ਆਮ ਆਦਮੀ ਪਾਰਟੀ ਦੀ ਨੇਤਾ ਨੇ ਭਾਰਤੀ ਸੰਵਿਧਾਨ ਨੂੰ ਗ਼ਲਤ ਤੇ ਘਟੀਆ ਦੱਸਿਆ। ਜਿਸ ਨਾਲ ਕਰੋੜਾਂ ਦਲਿਤਾਂ ਪਛੜੀਆਂ ਸ਼੍ਰੇਣੀਆਂ ਦੇ ਹਿਰਦੇ ਵਲੂੰਧਰੇ ਗਏ ਬਾਬਾ ਸਾਹਿਬ ਜੀ ਦੀ ਕਲਮ ਦਾ ਅਪਮਾਨ ਕੀਤਾ ਗਿਆ। ਸ ਗੜ੍ਹੀ ਨੇ ਬਹੁਤ ਹੀ ਰੋਸ ਨਾਲ ਕਿਹਾ ਕਿ ਅੱਜ ਦਲਿਤ ਇਹ ਮਹਿਸੂਸ ਕਰਨ ਲੱਗ ਪਿਆ ਹੈ ਕਿ ਉਹ ਆਜ਼ਾਦ ਭਾਰਤ ਵਿੱਚ ਗੁਲਾਮ ਹੈ ਕਿਉਂਕਿ ਜੇਕਰ ਕੋਈ ਨੇਤਾ ਦਲਿਤਾਂ ਖਿਲਾਫ ਗਲਤ ਸ਼ਬਦਾਂ ਦੀ ਵਰਤੋਂ ਕਰਦਾ ਹੈ ਤਾਂ ਉਸ ਖ਼ਿਲਾਫ਼ ਕੋਈ ਵੀ ਕਾਰਵਾਈ ਨਹੀਂ ਹੁੰਦੀ।

ਇਸ ਦਾ ਖਾਮਿਆਜਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਵੇਗਾ। ਇਸ ਮੌਕੇ ਬਲਵਿੰਦਰ ਸਿੰਘ ਭੂੰਦੜ ਮੈਬਰ ਰਾਜ ਸਭਾ ਸਕੱਤਰ ਜਰਨਲ ਅਕਾਲੀ ਦਲ, ਦਿਲਰਾਜ ਸਿੰਘ ਭੂੰਦੜ ਵਿਧਾਇਕ, ਗੁਲਜਾਰ ਸਿੰਘ ਰਣੀਕੇ ਸਾਬਕਾ ਮੰਤਰੀ, ਨੱਛਤਰ ਪਾਲ ਜਰਨਲ ਸਕੱਤਰ ਕੁਲਦੀਪ ਸਿੰਘ ਸਰਦੂਲਗੜ੍ਹ, ਗੁਰਜੰਟ ਸਿੰਘ ਭੀਖੀ, ਰਜਿੰਦਰ ਭੀਖੀ, ਮੇਜਰ ਸਿੰਘ, ਆਤਮਾ ਸਿੰਘ ਪਰਮਾਰ, ਕਿਸਾਨ ਆਗੂ ਹਰਜਿੰਦਰ ਸਿੰਘ ਮਿਥੁਨ, ਜਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਮਾਖਾ ਜਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ, ਨਗਿੰਦਰ ਸਿੰਘ ਕੁਸਲਾ, ਜਸਵੀਰ ਸਿੰਘ ਜੱਸੀ, ਸੌਦਾਗਰ ਸਿੰਘ, ਸ਼ਤੀਸ ਕੁਮਾਰ ਗੋਇਲ, ਜਤਿੰਦਰ ਸਿੰਘ ਸੋਢੀ, ਸੁਖਦੇਵ ਸਿੰਘ ਚੈਨੇਵਾਲਾ, ਬਲਦੇਵ ਸਿੰਘ ਮੀਰਪੁਰ, ਰਾਣੀ ਕੌਰ ਫਰਮਾਹੀ, ਲਾਲ ਸਿੰਘ ਸੁਲਹਾਣੀ, ਚਮਕੌਰ ਸਿੰਘ ਵੀਰ, ਭੁਪਿੰਦਰ ਬੀਰਬਲ, ਅੰਗਰੇਜ਼ ਸਿੰਘ ਜਟਾਣਾ, ਬਲਵੀਰ ਸਿੰਘ, ਤੇਜਾ ਸਿੰਘ ਬਰੇਟਾ ਆਦਿ ਵੱਡੀ ਗਿਣਤੀ ਵਿਚ ਬਸਪਾ ਵਰਕਰਾਂ ਦਾ ਹਜੂਮ ਸ਼ਾਮਿਲ ਸੀ।


## Change of Name

I Talwinder Singh Manan
s/o Gurnam Singh
Resident of: 10339 Windmill Cove Dr,
Stockton, CA-95209, USA

Now I have changed my name

**From: Talwinder Singh Manan**
**To: Talwinder Singh**

All concerned Kindly note it.

I Nashater Singh
s/o Baldev Singh
Resident of: 5966 E Pitt Ave,
Fresno, CA-93727, USA

Now I have changed my name

**From Given Name:**
**Nashater Singh**
**To Surname: Singh**
**Given Name: Nashater**

All concerned Kindly note it.





NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# AMBEDKAR TIMES AND THE SO-CALLED UPPER CASTES

Prem K. Chumber
Editor-in-Chief: www.ambedkartimes.com

Dear Readers,

Ambedkartimes.com received an e-mail seeking its opinion on the question of whether this World's fastest expanding web-site entertains reports, articles and essays written by scholars belonging to Non-Dalit or so called Upper Caste categories?

Let me (the editor of this site), clarify at the outset that www.ambedkartimes.com firmly believes in the philosophy and teachings of Bharat Rattan Babasaheb Dr. B. R. Ambedkar and aims at in its modest way to keep the caravan going on. Babasaheb had very clearly said that Brahmanism is a state of mind and an ideology rooted in Hindu Shastras. Brahmanism is not a person. A particular person who belongs to an Upper Caste but does not believe in the muck of the Hindu Shastras and is critical of its Chaturvarna theory cannot be tied with Brahmanism simply by virtue of the fact that he is born Upper Caste. Such thinking totally negates the very radical philosophy of Babasaheb Dr Ambedkar who clearly condemned any kind of discrimination based on birth/caste.

After the episode of Jat-Pat Todak Mandal of Lahore in 1936, Babasaheb Dr. Ambedkar decided that henceforth he would not go to any Caste Hindu organization but will welcome any one from the Upper Castes if he or she believes in Annihilation of the Caste system and agree with his philosophy of emancipation and empowerment of the Dalits.

Thus, Ambedkartimes.com is of the firm view that if any one, whosoever she/he may be, tries to distort the path of Babasaheb's struggle and creates a wedge between the Dalits and the Dalit-sympatric scholars (who irrespective of their caste repose faith in the Philosophy and teachings of Dr. B.R. Ambedkar) is an enemy of the Dalits and the cause of the community.

<www.ambedkartimes.com> encourage and welcome scholars of Dalits as well as non-Dalit background to contribute their valuable writings that will enlighten the cause of the Dalits and further the on-going struggle both in India and elsewhere.

Further <www.ambedkartimes.com> does not discriminate simply on the basis of birth, rather it is duty bound to make all efforts for the elimination of this disastrous practice of Brahminical ideology that has made the life of Dalits a hell for centuries all together.

It also caution that we too should not fall victim to such nefarious designs of the Brahminical ideology and warns to be at guards so that Brahmanism should not enter the rank and files of the Ambedkarite struggle from the back door!

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਆਰਥਿਕਤਾ 'ਚ ਪੱਛੜ ਰਿਹਾ ਭਾਰਤ

ਡਾ. ਭਰਤ ਝੁਨਝੁਨਵਾਲਾ

ਸਵਿਟਜ਼ਰਲੈਂਡ ਦੇ ਇੰਸਟੀਚਿਊਟ ਆਫ ਮੈਨੇਜਮੈਂਟ ਡਿਵੈਲਪਮੈਂਟ (ਆਈਐੱਮਡੀ) ਨੇ ਮੁਕਾਬਲੇਬਾਜ਼ੀ ਸੂਚਕ ਅੰਕ ਵਿਚ ਇਸ ਸਾਲ ਭਾਰਤ ਨੂੰ 64 ਦੇਸ਼ਾਂ ਵਿਚ 43ਵੇਂ ਸਥਾਨ 'ਤੇ ਰੱਖਿਆ ਹੈ। ਬ੍ਰਿਕਸ ਦੇਸ਼ਾਂ ਵਿਚ ਸਾਡੇ ਤੋਂ ਉੱਪਰ ਚੀਨ 16ਵੇਂ ਪਾਏਦਾਨ 'ਤੇ ਹੈ ਜਦਕਿ ਰੂਸ 45ਵੇਂ, ਬ੍ਰਾਜ਼ੀਲ 57ਵੇਂ ਅਤੇ ਦੱਖਣੀ ਅਫ਼ਰੀਕਾ 63ਵੇਂ ਪਾਏਦਾਨ 'ਤੇ ਹਨ। ਸੰਨ 2016 ਦੇ ਸੂਚਕ ਅੰਕ ਵਿਚ ਭਾਰਤ 41ਵੇਂ ਸਥਾਨ 'ਤੇ ਸੀ ਜੋ 2017 ਵਿਚ ਤਿਲਕ ਕੇ 47ਵੇਂ ਪਾਏਦਾਨ 'ਤੇ ਪੁੱਜ ਗਿਆ। ਸੰਨ 2018 ਵਿਚ ਸਾਡੀ ਸਥਿਤੀ ਕੁਝ ਸੁਧਰੀ ਅਤੇ ਅਸੀਂ 43ਵੇਂ ਪਾਏਦਾਨ 'ਤੇ ਵਾਪਸ ਪੁੱਜ ਗਏ ਪਰ ਬੀਤੇ ਤਿੰਨ ਸਾਲਾਂ ਵਿਚ ਅਸੀਂ 43ਵੇਂ ਸਥਾਨ 'ਤੇ ਹੀ ਫਸੇ ਹੋਏ ਹਾਂ। ਦੂਜਾ ਮੁਕਾਬਲੇਬਾਜ਼ੀ ਸੂਚਕ ਅੰਕ ਵਰਲਡ ਇਕੋਨਾਮਿਕ ਫੋਰਮ ਦੁਆਰਾ ਬਣਾਇਆ ਜਾਂਦਾ ਹੈ। ਉਸ ਵਿਚ ਚੀਨ ਨੂੰ 28ਵੇਂ, ਰੂਸ ਨੂੰ 43ਵੇਂ, ਦੱਖਣੀ ਅਫ਼ਰੀਕਾ ਨੂੰ 60ਵੇਂ, ਭਾਰਤ ਨੂੰ 68ਵੇਂ ਅਤੇ ਬ੍ਰਾਜ਼ੀਲ ਨੂੰ 71ਵੇਂ ਨੰਬਰ 'ਤੇ ਰੱਖਿਆ ਗਿਆ ਹੈ।

ਇਸ ਵਿਚ 2018 ਵਿਚ ਭਾਰਤ 58ਵੇਂ ਪਾਏਦਾਨ 'ਤੇ ਸੀ ਜੋ 2019 ਵਿਚ ਖਿਸਕ ਕੇ 68ਵੇਂ ਪਾਏਦਾਨ 'ਤੇ ਪੁੱਜ ਗਿਆ ਹੈ। ਸਪਸ਼ਟ ਹੈ ਕਿ ਦੋਵਾਂ ਹੀ ਸੂਚਕ ਅੰਕਾਂ ਵਿਚ ਅਸੀਂ ਹੇਠਾਂ ਜਾ ਰਹੇ ਹਾਂ। ਇਹ ਗੰਭੀਰ ਗੱਲ ਹੈ ਕਿ ਅਰਥਚਾਰੇ ਦਾ ਆਕਾਰ ਵਧਣ ਦੇ ਬਾਵਜੂਦ ਸਾਡਾ ਪ੍ਰਦਰਸ਼ਨ ਲੱਚਰ ਹੈ। ਸਾਡੇ ਅਰਥਚਾਰੇ ਦਾ ਵੱਡਾ ਆਕਾਰ ਸਾਡੀ ਕੁਸ਼ਲਤਾ ਨੂੰ ਨਹੀਂ ਦਰਸਉਂਦਾ। ਆਈਐੱਮਡੀ ਨੇ 12 ਮੁੱਖ ਬਿੰਦੂਆਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਹੈ। ਇਨ੍ਹਾਂ ਵਿਚ ਪੰਜ ਬਿੰਦੂਆਂ ਉੱਤੇ ਸਾਡੀ ਸਥਿਤੀ ਚੰਗੀ ਹੈ। ਇਹ ਹਨ ਵਿਸ਼ਵ ਵਪਾਰ, ਵਿਸ਼ਵ ਪੱਧਰੀ ਨਿਵੇਸ਼, ਕਿਰਤ ਬਾਜ਼ਾਰ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਤਕਨੀਕ। ਓਥੇ ਹੀ ਮਹਿੰਗਾਈ, ਪ੍ਰਸ਼ਾਸਕੀ ਸੰਸਥਾਵਾਂ, ਸਮਾਜਿਕ ਸਥਿਰਤਾ, ਉਤਪਾਦਿਕਤਾ ਅਤੇ ਬੁਨਿਆਦੀ ਢਾਂਚੇ ਵਰਗੇ ਪੰਜ ਬਿੰਦੂਆਂ 'ਤੇ ਅਸੀਂ ਕਮਜ਼ੋਰ ਹਾਂ ਜਦਕਿ ਸਿੱਖਿਆ ਅਤੇ ਸਿਹਤ ਵਿਚ ਸਾਡੀ ਸਥਿਤੀ ਬਹੁਤ ਮਾੜੀ ਹੈ।



ਸਿੱਖਿਆ ਦੇ ਮਾਮਲੇ ਵਿਚ ਅਸੀਂ 64 ਦੇਸ਼ਾਂ ਵਿਚੋਂ 59ਵੇਂ ਅਤੇ ਸਿਹਤ ਦੇ ਖੇਤਰ ਵਿਚ ਫਾਡੀ ਅਰਥਾਤ 64ਵੇਂ ਸਥਾਨ 'ਤੇ ਹਾਂ। ਅਜਿਹੇ ਵਿਚ ਇਨ੍ਹਾਂ ਬਿੰਦੂਆਂ 'ਤੇ ਪੜਤਾਲ ਜ਼ਰੂਰੀ ਹੋ ਜਾਂਦੀ ਹੈ। ਸਿੱਖਿਆ ਦੀ ਗੱਲ ਕਰੀਏ ਤਾਂ ਆਈਐੱਮਡੀ ਮੁਤਾਬਕ ਭਾਰਤ ਵਿਚ ਨੌਜਵਾਨ ਵਰਗ ਦੀ ਬੇਰੁਜ਼ਗਾਰੀ ਬੀਤੇ ਸਾਲ ਦੇ 10.4 ਫ਼ੀਸਦੀ ਤੋਂ ਵੱਧ ਕੇ 23% ਹੋ ਗਈ ਹੈ। ਸਪਸ਼ਟ ਹੈ ਕਿ ਸਾਡੀ ਸਿੱਖਿਆ ਵਿਵਸਥਾ ਦੁਆਰਾ ਨੌਜਵਾਨਾਂ ਨੂੰ ਅਜਿਹੇ ਕੌਸ਼ਲ ਨਹੀਂ ਸਿਖਾਏ ਜਾ ਰਹੇ ਹਨ ਜਿਨ੍ਹਾਂ ਨਾਲ ਉਹ ਰੋਜ਼ੀ-ਰੋਟੀ ਕਮਾ ਸਕਣ। ਇਹ ਸਥਿਤੀ ਉਦੋਂ ਹੈ ਜਦ ਕੇਂਦਰ ਅਤੇ ਸੂਬਾ ਸਰਕਾਰਾਂ ਦੁਆਰਾ ਸਿੱਖਿਆ 'ਤੇ ਭਰਪੂਰ ਖ਼ਰਚ ਕੀਤਾ ਜਾ ਰਿਹਾ ਹੈ। ਰਿਜ਼ਰਵ ਬੈਂਕ ਮੁਤਾਬਕ 2020 ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਦੁਆਰਾ ਸਿੱਖਿਆ 'ਤੇ 6.5 ਲੱਖ ਕਰੋੜ ਰੁਪਏ ਖ਼ਰਚ ਕੀਤਾ ਗਏ। ਲਗਪਗ 4.6 ਕਰੋੜ ਵਿਦਿਆਰਥੀਆਂ 'ਤੇ 14,196 ਰੁਪਏ ਪ੍ਰਤੀ ਵਿਦਿਆਰਥੀ ਹਰ ਸਾਲ ਖ਼ਰਚ ਕੀਤੇ ਜਾ ਰਹੇ ਹਨ। ਫਿਰ ਵੀ ਸਾਡੀ ਲੱਚਰ ਸਥਿਤੀ ਇਸ ਕਾਰਨ ਹੈ ਕਿ ਇਹ ਰਕਮ ਮੁੱਖ ਤੌਰ 'ਤੇ ਸਰਕਾਰੀ ਅਧਿਆਪਕਾਂ ਨੂੰ ਤਨਖ਼ਾਹ ਦੇਣ ਵਿਚ ਹੀ ਖਪ ਰਹੀ ਹੈ। ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਅਦਿ ਦਾ ਲਾਲਚ ਦੇ ਕੇ ਸਰਕਾਰੀ ਸਕੂਲਾਂ ਵੱਲ ਖਿੱਚਿਆ ਜਾ ਰਿਹਾ ਹੈ ਜਿੱਥੇ ਉਹ ਫੇਲ੍ਹ ਹੋ ਰਹੇ ਹਨ।


ਕਿਹਾ ਜਾ ਸਕਦਾ ਹੈ ਕਿ ਮੁਫ਼ਤ ਸਹੂਲਤ ਦੇ ਕੇ ਸਰਕਾਰ ਉਨ੍ਹਾਂ ਨੂੰ ਨਾਕਾਮ ਹੀ ਬਣਾ ਰਹੀ ਹੈ। ਇਸ ਲਈ ਸਰਕਾਰ ਨੂੰ ਸਰਕਾਰੀ ਸਕੂਲਾਂ ਦੀ ਸਰਜਰੀ ਕਰਨੀ ਚਾਹੀਦੀ ਹੈ। ਇਹ ਵਿਸ਼ਾਲ ਰਕਮ ਵਿਦਿਆਰਥੀਆਂ ਨੂੰ ਸਿੱਧੇ 'ਸਿੱਖਿਆ ਵਾਊਚਰ' ਦੇ ਰੂਪ ਵਿਚ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਮਨਚਾਹੇ ਸਕੂਲ ਵਿਚ ਸਿੱਖਿਆ ਹਾਸਲ ਕਰ ਸਕਣ। ਮੇਰਾ ਅਨੁਮਾਨ ਹੈ ਕਿ ਕਰੀਬ ਇਕ ਤਿਹਾਈ ਵਿਦਿਆਰਥੀ ਇਨ੍ਹਾਂ ਵਾਊਚਰਾਂ ਦਾ ਇਸਤੇਮਾਲ ਨਹੀਂ ਕਰਨਗੇ। ਵਰਤਮਾਨ ਵਿਚ ਦਿਹਾਤੀ ਇਲਾਕਿਆਂ ਵਿਚ ਅੰਗਰੇਜ਼ੀ ਮੀਡੀਅਮ ਦੇ ਸਕੂਲਾਂ ਦੀ ਮਾਸਿਕ ਫ਼ੀਸ ਲਗਪਗ 12000 ਰੁਪਏ ਸਾਲਾਨਾ ਹੈ।

ਇਸ ਲਈ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਜਾਣ ਦਾ ਮੌਕਾ ਮਿਲ ਜਾਵੇਗਾ ਅਤੇ ਸਾਡੀ ਸਿੱਖਿਆ ਵਿਚ ਛੇਤੀ ਸੁਧਾਰ ਸੰਭਵ ਹੋਵੇਗਾ। ਇਸ ਦੇ ਇਲਾਵਾ ਸਰਕਾਰ ਨੂੰ ਅੱਠਵੀਂ ਜਮਾਤ ਤੋਂ ਕੰਪਿਊਟਰ ਸਿੱਖਿਆ ਲਾਜ਼ਮੀ ਕਰ ਦੇਣੀ ਚਾਹੀਦੀ ਹੈ ਜਿਸ ਨਾਲ ਭਵਿੱਖ ਲਈ ਬੱਚਿਆਂ ਦੀ ਸਮਰੱਥਾ ਵਿਕਸਤ ਹੋ ਸਕੇ। ਸਰਕਾਰੀ ਅਧਿਆਪਕਾਂ ਦੇ ਵੇਤਨ ਇਨ੍ਹਾਂ ਵਾਊਚਰਾਂ ਤੋਂ ਮਿਲੀ ਰਕਮ ਵਿਚੋਂ ਦਿੱਤੇ ਜਾਣ। ਸਾਡੀ ਦੂਜੀ ਕਮਜ਼ੋਰੀ ਸਿਹਤ ਅਤੇ ਪੌਣ-ਪਾਣੀ ਦੇ ਖੇਤਰ ਵਿਚ ਹੈ। ਆਈਐੱਮਡੀ ਦੀ ਸੂਚੀ ਵਿਚ ਅਸੀਂ ਇਸ ਬਿੰਦੂ 'ਤੇ ਸਭ ਤੋਂ ਹੇਠਲੇ ਸਥਾਨ 'ਤੇ ਹਾਂ। ਇਸ ਬਿੰਦੂ ਦੇ ਦੋ ਪਹਿਲੂ ਹਨ-ਪ੍ਰਦੂਸ਼ਣ ਅਤੇ ਸਿਹਤ। ਦੋਵਾਂ ਵਿਚ ਹੀ ਅਸੀਂ 64ਵੇਂ ਨੰਬਰ 'ਤੇ ਹਾਂ। ਸਰਕਾਰ ਦੀ ਨੀਤੀ ਹੈ ਕਿ ਆਰਥਿਕ ਵਿਕਾਸ ਹਾਸਲ ਕਰਨ ਲਈ ਪ੍ਰਦੂਸ਼ਣ ਦੀ ਅਣਦੇਖੀ ਕੀਤੀ ਜਾਵੇ। ਪਿਛਲੇ ਕੁਝ ਅਰਸੇ ਤੋਂ ਥਰਮਲ ਬਿਜਲੀ ਪ੍ਰਾਜੈਕਟਾਂ 'ਤੇ ਲਾਗੂ ਹਵਾ ਪ੍ਰਦੂਸ਼ਣ ਮਾਪਦੰਡਾਂ ਵਿਚ ਕੁਝ ਰਿਆਇਤ ਦਿੱਤੀ ਗਈ ਹੈ। ਨਦੀਆਂ ਨੂੰ ਵੱਡੇ ਜਹਾਜ਼ ਚਲਾ ਕੇ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਅਜਿਹੀਆਂ ਸਰਗਰਮੀਆਂ ਦਾ ਨਤੀਜਾ ਹੈ ਕਿ ਮੁਕਾਬਲੇਬਾਜ਼ੀ ਸੂਚਕ ਅੰਕ ਵਿਚ ਅਸੀਂ ਸਭ ਤੋਂ ਹੇਠਲੇ ਪਾਏਦਾਨ 'ਤੇ ਜਾ ਪੁੱਜੇ ਹਾਂ। ਇਹ ਵੀ ਧਿਆਨ ਦੇਣ ਦੀ ਗੱਲ ਹੈ ਕਿ ਪ੍ਰਦੂਸ਼ਣ ਕਾਰਨ ਦੇਸ਼ ਦੇ ਅਮੀਰਾਂ ਦਾ ਵੱਡੀ ਗਿਣਤੀ ਵਿਚ ਪਲਾਇਨ ਹੋ ਰਿਹਾ ਹੈ। ਸਾਡੀ ਪੂੰਜੀ ਦੂਜੇ ਦੇਸ਼ਾਂ ਵਿਚ ਜਾ ਰਹੀ ਹੈ। ਅਜਿਹੇ ਵਿਚ ਪੌਣ-ਪਾਣੀ ਨੂੰ ਨੁਕਸਾਨ ਪਹੁੰਚਾ ਕੇ ਆਰਥਿਕ ਵਿਕਾਸ ਹਾਸਲ ਕਰਨ ਦੀ ਨੀਤੀ ਨੂੰ ਤਿਆਗਣਾ ਜ਼ਰੂਰੀ ਹੈ। ਸਿਹਤ ਦੇ ਮੁਹਾਜ਼ 'ਤੇ ਵੀ ਸਾਡੀ ਹਾਲਤ ਸੰਗੀਨ ਹੈ।

ਆਸਟ੍ਰੇਲੀਆ ਵਰਗੇ ਵੱਡੇ ਲੋਕਤੰਤਰੀ ਦੇਸ਼ ਅਤੇ ਚੀਨ ਵਰਗੇ ਵੱਡੇ ਗ਼ੈਰ-ਜਮਹੂਰੀ ਮੁਲਕ, ਦੋਵਾਂ ਦੀ ਹੀ ਤੁਲਨਾ ਵਿਚ ਅਸੀਂ ਕੋਵਿਡ ਸੰਕਟ ਦਾ ਪੂਰਵ-ਅਨੁਮਾਨ ਲਗਾਉਣ ਅਤੇ ਹਿਫ਼ਾਜ਼ਤੀ ਕਦਮ ਚੁੱਕਣ ਵਿਚ ਅਸਫਲ ਰਹੇ ਹਾਂ। ਰਿਜ਼ਰਵ ਬੈਂਕ ਮੁਤਾਬਕ ਕੇਂਦਰ ਅਤੇ ਸੂਬਾ ਸਰਕਾਰਾਂ ਦੁਆਰ ਹਰੇਕ ਵਿਅਕਤੀ ਦੀ ਸਿਹਤ 'ਤੇ ਸਾਲਾਨਾ 1900 ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਡਾਕਟਰਾਂ ਲਈ ਇਲਾਜ 'ਤੇ ਕੀਤੇ ਗਏ ਖ਼ਰਚੇ ਲਾਹੇਵੰਦ ਹੁੰਦੇ ਹਨ। ਸਿਹਤ ਤੰਤਰ ਦੀ ਰੁਚੀ ਪ੍ਰੀਵੈਂਟਿਵ ਅਰਥਾਤ ਨਿਵਾਰਕ ਕੰਮਾਂ ਵਿਚ ਨਹੀਂ ਹੁੰਦੀ ਕਿਉਂਕਿ ਇਸ ਨਾਲ ਉਨ੍ਹਾਂ ਕੋਲ ਮਰੀਜ਼ ਆਉਣੇ ਬੰਦ ਹੋ ਜਾਣਗੇ। ਮੰਨ ਲਿਆ ਜਾਵੇ ਕਿ 1900 ਰੁਪਏ ਵਿਚੋਂ 1500 ਰੁਪਏ ਇਲਾਜ 'ਤੇ ਖ਼ਰਚ ਕੀਤੇ ਜਾ ਰਹੇ ਹਨ ਤਾਂ ਇਹ ਰਕਮ ਵੀ ਜਨਤਾ ਨੂੰ ਸਿਹਤ ਵਾਊਚਰ ਦੇ ਰੂਪ ਵਿਚ ਦੇ ਦਿੱਤੀ ਜਾਣੀ ਚਾਹੀਦੀ ਹੈ।

ਸਰਕਾਰ ਦਾ ਕੰਮ ਸਿਰਫ਼ ਜਨ ਸਿਹਤ ਜਿਵੇਂ ਕਿ ਟੀਕਾਕਰਨ, ਪੀਣਯੋਗ ਪਾਣੀ ਦੀ ਵਿਵਸਥਾ ਅਤੇ ਸਿਹਤ, ਸਿੱਖਿਆ ਦੀ ਵਿਵਸਥਾ ਆਦਿ ਕਰਨ ਦਾ ਰਹਿ ਜਾਵੇ। ਇਲਾਜ ਦੀ ਸਹੂਲਤ ਜਨਤਾ ਸਿਹਤ ਵਾਊਚਰਾਂ ਜ਼ਰੀਏ ਹਾਸਲ ਕਰੇ। ਤਦ ਸਿਹਤ ਤੰਤਰ ਦੀ ਰੁਚੀ ਪ੍ਰੀਵੈਂਟਿਵ ਕੰਮਾਂ 'ਚ ਵਧੇਗੀ ਤੇ ਲੋਕਾਂ ਦੀ ਸਿਹਤ ਠੀਕ ਹੋ ਜਾਵੇਗੀ। ਦੇਸ਼ ਨੇ ਜੇ ਵਿਸ਼ਵ ਮੁਕਾਬਲੇਬਾਜ਼ੀ 'ਚ ਖੜ੍ਹਾ ਹੋਣਾ ਹੈ ਤਾਂ ਉਸ ਨੂੰ ਆਪਣੀ ਮੁਕਾਬਲੇਬਾਜ਼ੀ ਸ਼ਕਤੀ ਵਧਾਉਣੀ ਹੋਵੇਗੀ। ਇਸ ਦੇ ਲਈ ਪੌਣ-ਪਾਣੀ, ਸਿਹਤ ਤੇ ਸਿੱਖਿਆ ਨੀਤੀਆਂ 'ਤੇ ਨਜ਼ਰਸਾਨੀ ਕਰਨੀ ਹੋਵੇਗੀ। ਨਹੀਂ ਤਾਂ ਅਸੀਂ ਮੁਕਾਬਲੇਬਾਜ਼ੀ ਸੂਚਕ ਅੰਕ 'ਚ ਪੱਛੜਦੇ ਜਾਵਾਂਗੇ। ਇਸ ਨਾਲ ਪੰਜ ਟ੍ਰਿਲੀਅਨ ਡਾਲਰ ਦਾ

# ਅੱਤ ਸੁਰੱਖਿਆ ਵਾਲੀ ਪੈਂਟਾਗਨ ਇਮਰਾਤ ਦੇ ਬਾਹਰਵਾਰ ਸ਼ੱਕੀ ਹਮਲਾਵਰ ਵੱਲੋਂ ਕੀਤੇ ਘਾਤ ਲਾ ਕੇ ਹਮਲੇ ਵਿਚ ਪੁਲਿਸ ਅਫਸਰ ਦੀ ਮੌਤ






**ਸੈਕਰਾਮੈਂਟੋ 4 ਅਗਸਤ (ਹੁਸਨ ਲੜੋਆ ਬੰਗਾ)–** ਅੱਤ ਸੁਰੱਖਿਆ ਵਾਲੀ ਪੈਂਟਾਗਨ ਇਮਾਰਤ ਦੇ ਬਾਹਰ ਇਕ ਸ਼ੱਕੀ ਹਮਲਵਾਰ ਨੇ ਇਕ ਪੁਲਿਸ ਅਧਿਕਾਰੀ ਦੀ ਹੱਤਿਆ ਕਰ ਦਿੱਤੀ ਹੈ। ਇਹ ਘਟਨਾ ਅਮਰੀਕੀ ਫੌਜ ਦੇ ਹੈੱਡਕੁਆਰਟਰ ਪੈਂਟਾਗਨ ਦੀ ਇਮਾਰਤ ਦੇ ਪੈਰਵੇਸ਼ ਦਰਵਾਜੇ ਦੇ ਬਿਲਕੁੱਲ ਨੇੜੇ ਵਾਪਰੀ ਜਿਸ ਤੋਂ ਬਾਅਦ ਪੈਂਟਾਗਨ ਇਮਾਰਤ ਨੂੰ ਆਰਜੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਸੰਘੀ ਅਧੀਕਾਰੀਆਂ ਨੇ ਕਿਹਾ ਹੈ ਕਿ ਪੈਂਟਾਗਨ ਫੋਰਸ ਪੈਰੋਟੈਕਸ਼ਨ ਏਜੰਸੀ ਇਮਾਰਤ ਦੀ ਰਖਿਆ ਦੀ ਜਿੰਮੇਵਾਰੀ ਸੰਭਾਲ ਰਹੀ ਹੈ। ਬੀਤੇ ਦਿਨ ਸਵੇਰ ਵੇਲੇ ਵਾਪਰੀ ਇਕ ਮੰਦਭਾਗੀ ਘਟਨਾ ਵਿੱਚ ਇਕ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ। ਏਜੰਸੀ ਨੇ ਮਾਰੇ ਗਏ ਅਫਸਰ ਦਾ ਨਾਂ ਨਸ਼ਰ ਨਹੀਂ ਕੀਤਾ ਹੈ ਤੇ ਕਿਹਾ ਹੈ ਕਿ ਉਹ ਹੋਰ ਜਾਣਕਾਰੀ ਬਾਅਦ ਵਿਚ ਜਾਰੀ ਕਰੇਗੀ। ਅਧਿਕਾਰੀਆਂ ਅਨੁਸਾਰ ਸ਼ੱਕੀ ਜਿਸ ਨੇ ਪੁਲਿਸ ਅਫਸਰ ਉਪਰ ਘਾਤ ਲਾ ਕੇ ਛੁਰੇ ਨਾਲ ਹਮਲਾ ਕੀਤਾ, ਵੀ ਸੁਰੱਖਿਆ ਜਵਾਨਾਂ ਦੀ ਜਵਾਬੀ ਕਾਰਵਾਈ ਵਿਚ ਮਾਰਿਆ ਗਿਆ। ਸ਼ੱਕੀ ਹਮਲਾਵਰ ਦੀ ਪਛਾਣ 27 ਸਾਲਾ ਆਸਟਿਨ ਵਿਲੀਅਮ ਲਾਂਜ ਵਜੋਂ ਹੋਈ ਹੈ।

ਉਹ ਜਾਰਜੀਆ ਦਾ ਰਹਿਣ ਵਾਲਾ ਹੈ। ਸ਼ੱਕੀ ਵੱਲੋਂ ਕੀਤੇ ਹਮਲੇ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ। ਪੁਲਿਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਸੁਰੱਖਿਆ ਜਵਾਨਾਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



ਗੁਰਿੰਦਰਜੀਤ ਨੀਟਾ ਮਾਛੀਕੇ

### ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਫਰਿਜ਼ਨੋ ਵਿਖੇ ਬੱਚਿਆ ਦੇ ਆਰਟ ਕੈਂਪ ਦੌਰਾਨ ਸਿੱਖ ਚਿੱਤਰਕਾਰ ਪਰਮ ਸਿੰਘ ਦੀਆ ਬਣਾਈਆਂ ਤਸਵੀਰਾਂ ਦੀ ਪ੍ਰਦਰਸ਼ਨੀ ਲੱਗੀ



ਕੁਲਵੰਤ ਧਾਲੀਆਂ









**ਫਰਿਜ਼ਨੋ, ਕੈਲੀਫੋਰਨੀਆਂ-** ਬੱਚਿਆ ਨੂੰ ਆਪਣੇ ਧਰਮ ਅਤੇ ਸੱਭਿਆਚਾਰ ਨਾਲ ਜੋੜਨ ਲਈ ਵਿਦੇਸ਼ੀ ਭਾਈਚਾਰਾ ਹਮੇਸਾ ਕੋਸ਼ਿਸ਼ ਵਿੱਚ ਰਹਿੰਦਾ ਹੈ।

ਇਸੇ ਲੜੀ ਅਧੀਨ ਸਮੇਂ-ਸਮੇਂ ਵੱਖ-ਵੱਖ ਸੰਸਥਾਵਾ ਵੱਲੋਂ ਉਪਰਾਲੇ ਹੁੰਦੇ ਰਹਿੰਦੇ ਹਨ। ਇਸੇ ਲੜੀ ਅਧੀਨ ਬੱਚਿਆ ਨੂੰ ਆਪਣੇ ਧਰਮ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਦੇ ਹੋਏ 'ਪੰਜਾਬੀ ਰੇਡੀਓ ਯੂ.ਐਸ.ਏ.' ਅਤੇ 'ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ.' ਵੱਲੋਂ 8 ਸਾਲ ਤੋਂ 18 ਸਾਲ ਦੇ ਬੱਚਿਆ ਲਈ ਆਰਟ ਕੈਂਪ ਲਾਇਆ ਗਿਆ। ਜਿਸ ਵਿੱਚ ਕੈਲਗਿਰੀ, ਕਨੇਡਾ ਤੋਂ ਚਿੱਤਰਕਾਰ ਪਰਮ ਸਿੰਘ ਆਪਣੀਆਂ ਅਠਾਰਵੀ ਸਦੀ ਦੇ ਇਤਿਹਾਸ ਨਾਲ ਸੰਬੰਧਤ ਤਸਵੀਰਾ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਕੈਂਪ ਵਿੱਚ ਬੱਚਿਆ ਨੂੰ ਸਿੱਖ ਧਰਮ ਦੀ ਇਤਿਹਾਸਕ ਜਾਣਕਾਰੀ ਦਿੱਤੀ ਗਈ ਅਤੇ ਇਤਿਹਾਸ ਨਾਲ ਸੰਬੰਧਤ ਤਸਵੀਰਾ ਦੀ ਪੇਂਟਿੰਗ ਕਰਨਾ ਸਿਖਾਇਆ ਗਿਆ। ਇਸ ਸਮੇਂ ਇਕ ਹਫ਼ਤੇ ਲਈ ਚਿੱਤਰਕਾਰ ਪਰਮ ਸਿੰਘ ਦੀਆਂ ਇਤਿਹਾਸਕ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਸਮੁੱਚੇ ਕੈਲੀਫੋਰਨੀਆਂ ਦੇ ਲੋਕਾ ਲਈ ਖਿੱਚ ਦਾ ਕੇਂਦਰ ਰਹੀ। ਜਿਸ ਨੂੰ ਦੇਖਣ ਲਈ ਲੋਕ ਆਪਣੇ ਬੱਚਿਆ ਅਤੇ ਪਰਿਵਾਰਾ ਸਮੇਤ ਪਹੁੰਚੇ। ਬੱਚਿਆ ਦੇ ਆਰਟ ਕੈਂਪ ਦੀ ਸਮਾ-ਪਤੀ 'ਤੇ ਵਿਸ਼ੇਸ਼ ਪ੍ਰੋਗਰਾਮ ਵੀ ਹੋਇਆਂ। ਜਿਸ ਦਾ ਆਗਾਜ਼ ਸਭ ਨੂੰ ਜੀ ਆਇਆ ਕਹਿੰਦੇ ਹੋਏ ਰੇਡੀਓ ਹੋਸ਼ਟ ਰਾਜਕਰਨ-ਵੀਰ ਸਿੰਘ ਨੇ ਕੀਤਾ।

ਉਪਰੰਤ ਕੁਲਵੰਤ ਉੱਭੀ ਧਾਲੀਆਂ, ਡਾ. ਬਰਾੜ ਅਤੇ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾ ਦੀ ਸਾਂਝ ਪਾਈ। ਖ਼ਾਸ ਤੌਰ 'ਤੇ ਚਿੱਤਰਕਾਰ ਪਰਮ ਸਿੰਘ ਨੇ ਹਾਜ਼ਰੀਨ ਅਤੇ ਬੱਚਿਆ ਨੂੰ ਸੰਬੋਧਿਤ ਹੋਏ। ਇਸੇ ਦੌਰਾਨ ਬੱਚਿਆ ਨੇ ਵੀ ਆਪਣੇ ਕੈਂਪ ਸੰਬੰਧੀ ਅਨੁਭਵ ਸਾਂਝੇ ਕੀਤੇ।

ਅੰਤ ਇਸ ਆਰਟ ਕੈਂਪ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰਾਲੇ ਲਈ ਹਰਜੋਤ ਸਿੰਘ ਖਾਲਸਾ, ਬਲਵਿੰਦਰ ਕੌਰ ਖਾਲਸਾ, ਪੰਜਾਬੀ ਰੇਡੀਓ ਯੂ.ਐਸ.ਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਅੰਤ ਇਹ ਆਰਟ ਕੈਂਪ ਅਤੇ ਪ੍ਰਦਰਸ਼ਨੀ ਬੱਚਿਆ ਨੂੰ ਆਪਣੇ ਵਿਰਸ਼ੇ ਨਾਲ ਜੋੜਦੇ ਹੋਏ ਅਮਿੱਟ ਪੈੜਾ ਛੱਡ ਗਿਆ।







# ਕੈਪੀਟਲ ਹਮਲੇ 'ਚ ਜਵਾਬ ਦੇਣ ਵਾਲੇ ਚਾਰ ਅਧਿਕਾਰੀਆਂ ਨੇ ਕੀਤੀ ਆਤਮ ਹੱਤਿਆ

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਦੀ ਕੈਪੀਟਲ ਵਾਸ਼ਿੰਗਟਨ ਵਿੱਚ 6 ਜਨਵਰੀ ਨੂੰ ਟਰੰਪ ਸਮਰੱਥਕਾਂ ਦੁਆਰਾ ਕੀਤੇ ਦੰਗਿਆਂ ਦਾ ਜਵਾਬ ਦੇਣ ਵਾਲੇ ਦੋ ਹੋਰ ਪੁਲਿਸ ਅਧਿਕਾਰੀਆਂ ਦੀ ਆਤਮ ਹੱਤਿਆ ਕਰਕੇ ਮੌਤ ਹੋ ਗਈ ਹੈ। ਜਿਸ ਨਾਲ ਉਸ f ਦ ਨ ਇਮਾਰਤ ਦੀ ਰਾਖੀ ਕਰਨ ਵਾਲੇ ਅਧਿਕਾਰੀਆਂ ਦੁਆਰਾ ਖੁਦਕੁਸ਼ੀਆਂ ਦੀ ਗਿਣਤੀ ਚਾਰ ਹੋ ਗਈ ਹੈ। ਪੁਲਿਸ ਵਿਭਾਗ ਅਨੁਸਾਰ ਮੈਟਰੋਪੋਲੀਟਨ ਪੁਲਿਸ ਅਧਿਕਾਰੀ ਗੁੰਥਰ ਹਾਸ਼ੀਦਾ ਵੀਰਵਾਰ ਨੂੰ ਆਪਣੇ ਘਰ ਵਿੱਚ ਮ੍ਰਿਤਕ ਪਾਇਆ ਗਿਆ। ਹਸ਼ੀਦਾ ਮਈ 2003 ਵਿੱਚ ਕੋਲੰਬੀਆ ਦੇ ਮੈਟਰੋਪੋਲੀਟਨ ਪੁਲਿਸ ਵਿਭਾਗ (ਐਮ ਪੀ ਡੀ) ਵਿੱਚ ਸ਼ਾਮਲ ਹੋਇਆ ਸੀ। ਇੱਕ ਹੋਰ ਐਮ ਪੀ ਡੀ ਅਧਿਕਾਰੀ ਕਾਈਲ ਡੀਫ੍ਰੈਟੈਗ ਜਿਸ ਨੇ 6 ਜਨਵਰੀ ਨੂੰ ਕੈਪੀਟਲ ਹਮਲੇ ਦਾ ਜਵਾਬ ਦਿੱਤਾ 10 ਜੁਲਾਈ ਨੂੰ ਮ੍ਰਿਤਕ ਪਾਇਆ ਗਿਆ ਅਤੇ ਵਿਭਾਗ ਅਨੁਸਾਰ ਡੀਫ੍ਰੈਟੈਗ ਦੀ ਮੌਤ ਦਾ ਕਾਰਨ ਵੀ ਖੁਦਕੁਸ਼ੀ ਸੀ। ਉਹ ਨਵੰਬਰ 2016 ਤੋਂ ਪੁਲਿਸ ਵਿਭਾਗ ਵਿੱਚ ਸੀ। ਇਹਨਾਂ ਤੋਂ ਪਹਿਲਾਂ ਦੋ ਹੋਰ ਪੁਲਿਸ ਅਧਿਕਾਰੀ ਜੈਫਰੀ ਸਮਿਥ ਅਤੇ ਕੈਪੀਟਲ ਪੁਲਿਸ ਅਫਸਰ ਹਾਵਰਡ ਲੀਬੇਨਗੁਡ ਨੇ ਵੀ ਕੈਪੀਟਲ ਦੰਗਿਆਂ ਦਾ ਜਵਾਬ ਦਿੱਤਾ ਅਤੇ ਬਾਅਦ ਵਿੱਚ ਆਤਮ ਹੱਤਿਆ ਕਰਕੇ ਮਰ ਗਏ। ਕੈਪੀਟਲ ਇਮਾਰਤ ਉੱਤੇ ਹਮਲਾ ਕਰਨ ਵਾਲੇ ਦਿਨ ਹੋਈ ਹਿੰਸਾ ਦੌਰਾਨ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਇੱਕ ਕੈਪੀਟਲ ਪੁਲਿਸ ਅਧਿਕਾਰੀ ਜਿਸ ਉੱਤੇ ਪ੍ਰਦਰਸ਼ਨਕਾਰੀਆਂ ਨੇ ਹਮਲਾ ਕੀਤਾ ਸੀ, ਦੀ ਅਗਲੇ ਦਿਨ ਮੌਤ ਹੋ ਗਈ ਅਤੇ ਇਸ ਦੌਰਾਨ 100 ਤੋਂ ਵੱਧ ਪੁਲਿਸ ਅਧਿਕਾਰੀ ਜ਼ਖਮੀ ਹੋਏ ਸਨ। ਪਿਛਲੇ ਹਫਤੇ ਹਮਲਿਆਂ ਸਬੰਧੀ ਗਵਾਹੀ ਦੌਰਾਨ, ਚਾਰ ਪੁਲਿਸ ਅਧਿਕਾਰੀਆਂ ਨੇ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼ ਦੀ ਵਿਸ਼ੇਸ਼ ਕਮੇਟੀ ਨੂੰ ਦੱਸਿਆ ਕਿ ਹਮਲੇ ਦੌਰਾਨ ਉਨ੍ਹਾਂ ਨੂੰ ਕੁੱਟਿਆ ਗਿਆ, ਧਮਕੀਆਂ ਦਿੱਤੀਆਂ ਗਈਆਂ ਅਤੇ ਪੁਲਿਸ ਅਧਿਕਾਰੀ ਨਸਲੀ ਅਪਮਾਨ ਦਾ ਸ਼ਿਕਾਰ ਵੀ

# ਕੋਰੋਨਾ ਦੀ ਲਾਗ ਦੇ ਡਰ ਕਾਰਨ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਪਾਲਿਸੀ ਦਾ ਕੀਤਾ ਨਵੀਨੀਕਰਨ

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕੀ ਸਿਹਤ ਏਜੰਸੀ ਸੀ ਡੀ ਸੀ ਨੇ ਸੋਮਵਾਰ ਨੂੰ ਜਾਣਕਾਰੀ ਦਿੱਤੀ ਕਿ ਕੋਵਿਡ -19 ਦੀ ਲਾਗ ਦੇ ਫੈਲਣ ਤੋਂ ਡਰ ਕਾਰਨ ਗੈਰਕਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਆਗਿਆ ਦੇਣ ਵਾਲੀ ਇੱਕ ਨੀਤੀ ਦਾ ਨਵੀਨੀਕਰਨ ਕੀਤਾ ਹੈ। ਏਜੰਸੀ ਅਨੁਸਾਰ ਯੂ ਐਸ-ਮੈਕਸੀਕੋ ਦੀ ਸਰਹੱਦ



'ਤੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ , ਜਿਸ ਕਰਕੇ ਵਾਇਰਸ ਦੀ ਲਾਗ ਫੈਲਣ ਦਾ ਡਰ ਹੈ। ਏਜੰਸੀ ਅਨੁਸਾਰ 'ਟਾਈਟਲ 42' ਨਾਂ ਨਾਲ ਜਾਣੀ ਜਾਂਦੀ ਇਹ ਨੀਤੀ ਉਦੋਂ ਤੱਕ ਲਾਗੂ ਰਹੇਗੀ ਜਦੋਂ ਤੱਕ ਸੀ ਡੀ ਸੀ ਦੀ ਡਾਇਰੈਕਟਰ ਇਹ ਨਿਰਧਾਰਤ ਨਹੀਂ ਕਰਦੀ ਕਿ ਅਮਰੀਕਾ ਵਿੱਚ ਆਉਣ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਕੋਲੋਂ ਕੋਵਿਡ -19 ਦੀ ਲਾਗ ਫੈਲਣ ਦਾ ਖਤਰਾ ਨਹੀਂ ਹੈ। ਇੱਕ ਹੋਰ ਵੱਖਰੇ ਬਿਆਨ ਵਿੱਚ, ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ ਐਚ ਐਸ) ਨੇ ਕਿਹਾ ਕਿ ਉਹ ਇਸ ਆਦੇਸ਼ ਦੇ ਅਨੁਸਾਰ ਗੈਰਕਨੂੰਨੀ ਪ੍ਰਵਾਸੀਆਂ 'ਤੇ ਕਾਰਵਾਈ ਕਰੇਗਾ, ਹਾਲਾਂਕਿ ਇਸ ਵਿੱਚ ਬੱਚਿਆਂ ਅਤੇ ਕੁੱਝ ਪਰਿਵਾਰਾਂ ਨੂੰ ਛੋਟ ਹੋਵੇਗੀ। ਡੀ ਐਚ ਐਸ ਅਨੁਸਾਰ 'ਟਾਈਟਲ 42' ਇਮੀਗ੍ਰੇਸ਼ਨ ਅਥਾਰਟੀ ਨਹੀਂ ਹੈ, ਬਲਕਿ ਇਹ ਇੱਕ ਜਨਤਕ ਸਿਹਤ ਅਥਾਰਟੀ ਹੈ, ਅਤੇ ਇਸਦੀ ਨਿਰੰਤਰ ਵਰਤੋਂ ਸੀ ਡੀ ਸੀ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ । ਇਸਦੇ ਇਲਾਵਾ ਇਸ ਮਾਮਲੇ ਬਾਰੇ ਅਮੈਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ ਸੀ ਐਲ ਯੂ) ਅਤੇ ਹੋਰ ਸਮੂਹਾਂ ਨੇ ਸੋਮਵਾਰ ਨੂੰ ਬਾਈਡੇਨ ਪ੍ਰਸ਼ਾਸਨ ਵਿਰੁੱਧ 'ਟਾਈਟਲ 42' ਦੀ ਵਰਤੋਂ ਨੂੰ ਲੈ ਕੇ ਇੱਕ ਮੁਕੱਦਮਾ ਵੀ ਦੁਬਾਰਾ ਸ਼ੁਰੂ ਕੀਤਾ

## ਸ਼ੋਕ ਸਮਾਚਾਰ

# ਫਰਿਜ਼ਨੋ ਨਿਵਾਸੀ ਸ.ਸ਼ੀਸ਼ਾ ਸਿੰਘ ਚੰਬਲ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸ. ਸ਼ੀਸ਼ਾ ਸਿੰਘ ਚੰਬਲ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 31 ਜੁਲਾਈ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨੈਹਾਂ ਦੀ ਉਮਰ 62 ਸਾਲ ਸੀ। ਉਹਨਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਬਡਬਰ ਸੀ, ਜੋ ਜਿਲੈਹਾਂ ਬਰਨਾਲਾ ਵਿੱਚ ਹੈ। ਸਵ: ਸ਼ੀਸ਼ਾ ਸਿੰਘ ਬਹੁਤ ਲੰਮੇ ਸਮੇਂ ਤੋਂ ਆਪਣੇ ਪਰਿਵਾਰ ਸਮੇਤ ਪਹਿਲਾ ਕੈਲੀਫੋਰਨੀਆ ਦੇ ਸ਼ਹਿਰ ਕਰੰਦਰਜ਼ ਰਹੇ ਅਤੇ ਅੱਜਕਲ ਫਰਿਜ਼ਨੋ ਵਿਖੇ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੇ ਬਹੁਤ ਹੀ ਚੰਗੇ ਮਿਲਵਰਤਨ ਅਤੇ ਅਸਰ-ਰਸੂਖ ਵਾਲੇ ਇਨਸਾਨ ਸਨ। ਹਰ ਸਮੇਂ ਭਾਈਚਾਰਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇੰਨੈਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 8 ਅਗਸਤ, 2021, ਦਿਨ ਐਤਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਹਨਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਨਾਨਕਸਰ" ਚੈਰੀ ਐਵਨਿਊ ਫਰਿਜ਼ਨੋ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 3:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 3060 S. Cherry Ave, Fresno, CA-93706 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਹਨਾਂ ਦੀ ਪਤਨੀ ਸੁਰਿੰਦਰ ਕੌਰ (559) 856-3957 ਜਾਂ ਪੁੱਤਰ ਸੰਨੀ ਸਿੰਘ ਨੂੰ ਫੋਨ ਨੰਬਰ (559) 486-9972 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਨਿਊਯਾਰਕ ਵਿੱਚ ਨਕਾਬਪੋਸ਼ ਹਮਲਾਵਰਾਂ ਨੇ 10 ਲੋਕਾਂ 'ਤੇ ਕੀਤੀ ਗੋਲੀਬਾਰੀ

**ਫਰਿਜ਼ਨੋ –** ਅਮਰੀਕਾ ਵਿੱਚ ਆਏ ਦਿਨ ਗੋਲੀਬਾਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਜਿਹਨਾਂ ਵਿੱਚ ਬੇਕਸੂਰ ਲੋਕ ਸ਼ਿਕਾਰ ਬਣਦੇ ਹਨ। ਅਜਿਹੀ ਹੀ ਇੱਕ ਗੋਲੀਬਾਰੀ ਸ਼ਨੀਵਾਰ ਨੂੰ ਨਿਊਯਾਰਕ ਖੇਤਰ ਵਿੱਚ ਕੀਤੀ ਗਈ ਹੈ।

ਨਿਊਯਾਰਕ ਪੁਲਿਸ ਵਿਭਾਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗੋਲੀਬਾਰੀ ਦੋ ਨਕਾਬਪੋਸ਼ ਹਮਲਾਵਰਾਂ ਨੇ ਸ਼ਨੀਵਾਰ ਰਾਤ ਨੂੰ ਨਿਊਯਾਰਕ ਸਿਟੀ ਦੇ



ਨੇੜਲੇ ਇਲਾਕੇ ਦੀ ਭੀੜ ਭਰੀ ਸੜਕ ਕੀਤੀ। ਇਸ ਗੋਲੀਬਾਰੀ ਨਾਲ 10 ਲੋਕਾਂ ਨੂੰ ਜਖਮੀ ਕਰਕੇ ਹਮਲਾਵਰ ਇੱਕ&; ਮੋਪੇਡ' ਤੇ ਫਰਾਰ ਹੋ ਗਏ। ਨਿਊਯਾਰਕ ਪੁਲਿਸ ਅਨੁਸਾਰ ਇਹ ਘਟਨਾ ਕਿਸੇ ਗੈਂਗ ਦੀ ਹਿੰਸਾ ਨਾਲ ਜੁੜੀ ਹੋਈ ਜਾਪਦੀ ਹੈ, ਪਰ ਇਸ ਗੋਲੀਬਾਰੀ ਦੇ 7 ਪੀੜਤ ਨਿਰਦੋਸ਼ ਸਨ, ਜਿਨ੍ਹਾਂ ਵਿੱਚ ਇੱਕ 72 ਸਾਲਾਂ ਬਜੁਰਗ ਵੀ ਸ਼ਾਮਲ ਹੈ। ਇਹ ਗੋਲੀਬਾਰੀ ਸ਼ਨੀਵਾਰ ਰਾਤ ਨੂੰ ਕਰੀਬ 10:38 ਵਜੇ ਸ਼ਹਿਰ ਦੇ ਕੁਈਨਜ਼ ਬੋਰੋ ਵਿੱਚ ਇੱਕ ਬਾਰਬਰ ਸ਼ਾਪ ਅਤੇ ਇੱਕ ਰੈਸਟੋਰੈਂਟ ਦੇ ਬਾਹਰ ਹੋਈ। ਇਸ ਘਟਨਾ ਨਾਲ ਸਬੰਧਿਤ ਇੱਕ ਸੀ ਸੀ ਟੀ ਵੀ ਫੁਟੇਜ਼ ਵਿੱਚ ਦੋ ਮਾਸਕ ਪਹਿਨੇ ਹੋਏ ਆਦਮੀ ਕੁਈਨਜ਼ ਦੀ 97 ਵੀਂ ਸਟ੍ਰੀਟ ਦੇ ਕੋਲ 37 ਵੇਂ ਐਵੇਨਿਊ 'ਤੇ ਪੂਰਬ ਵੱਲ ਤੁਰਦੇ ਹੋਏ ਗੋਲੀਬਾਰੀ ਕਰਦੇ ਦਿਖਾਈ ਦੇ ਰਹੇ ਹਨ। ਘਟਨਾ ਸਥਾਨ ਤੇ ਘੱਟੋ ਘੱਟ 37 ਗੋਲੀਆਂ ਦੇ ਗੋਲੇ ਬਰਾਮਦ ਕੀਤੇ ਗਏ , ਜਦਕਿ ਪੁਲਿਸ ਹੋਰ ਸਬੂਤਾਂ ਲਈ ਅਪਰਾਧ ਵਾਲੀ ਥਾਂ 'ਤੇ ਜਾਂਚ ਕਰ ਰਹੀ ਹੈ। ਇਸ ਗੋਲੀਬਾਰੀ ਦੇ ਤਿੰਨ ਲੋਕ ਟ੍ਰਿਨੀਟੇਰੀਓਸ ਸਟ੍ਰੀਟ ਗੈਂਗ ਦੇ ਮੈਂਬਰ ਹਨ ਅਤੇ ਮੰਨਿਆ ਜਾਂਦਾ ਹੈ ਕਿ ਉਹ ਇਸ ਗੋਲੀਬਾਰੀ ਦਾ ਨਿਸ਼ਾਨਾ ਸਨ।

# ਕਾਈਜ਼ਰ ਪਰਮਾਨੈਂਟੇ ਹਸਪਤਾਲ ਨੇ ਡਾਕਟਰਾਂ ਅਤੇ ਕਰਮਚਾਰੀਆਂ ਲਈ ਕੋਰੋਨਾ ਵੈਕਸੀਨ ਕੀਤੀ ਜਰੂਰੀ

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਵਿੱਚ ਕੋਰੋਨਾ ਵਾਇਰਸ ਨੂੰ ਪੂਰੀ ਤਰ੍ਹਾਂ ਹਰਾਉਣ ਲਈ ਕੋਰੋਨਾ ਵੈਕਸੀਨ ਪ੍ਰਕਿਰਿਆ ਜਾਰੀ ਹੈ। ਸਿਹਤ ਮਾਹਿਰਾਂ ਅਨੁਸਾਰ ਵਾਇਰਸ ਦੀ ਲਾਗ ਨੂੰ ਰੋਕਣ ਅਤੇ ਵਾਇਰਸ ਤੋਂ ਸੁਰੱਖਿਆ ਪ੍ਰਾਪਤ ਕਰਨ ਲਈ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੈਣੀਆਂ ਜਰੂਰੀ ਹਨ। ਪਰ ਜਿਆਦਾਤਰ ਲੋਕ ਅਜੇ ਵੀ ਟੀਕਾ ਨਹੀਂ ਲਗਵਾ ਰਹੇ ਹਨ। ਹੁਣ ਸਾਹਮਣੇ ਆ ਰਹੇ ਜਿਆਦਾਤਰ ਕੋਰੋਨਾ ਕੇਸਾਂ ਵਿੱਚ ਡੈਲਟਾ ਵਾਇਰਸ ਦੀ ਲਾਗ ਵੱਧ ਫੈਲ ਰਹੀ ਹੈ। ਇਸ ਲਈ ਸਰਕਾਰੀ ਵਿਭਾਗ, ਕਾਰੋਬਾਰ ਅਤੇ ਹੋਰ ਅਦਾਰੇ ਆਪਣੇ ਕਰਮਚਾਰੀਆਂ ਲਈ ਕੋਰੋਨਾ ਵੈਕਸੀਨ ਨੂੰ ਜਰੂਰੀ ਕਰ ਰਹੇ ਹਨ।

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Guru- Piari Sadh Sangat Ji,

**August 6-7-8, 2021**

**Akhand Path Sahib Sewa by Jail Jaggi and Baksho Jaggi**

Jaila Jaggi, Bakhsho Jaggi & family are hosting Akhand Path Sahib and Langar Sewa to celebrate marriage of their son RavinderJaggi. Akhand Path will start at 10:00 AM on Friday, August 6 and conclude on Sunday, August 8, 2021. Prominent Kirtani Jathas are also coming to delight SANGAT with their melodious KIRTAN. May Waheguru bless this dedicated family.

**August 22, 2021**

**Sukhmani Sahib Path and Langar Sewa by Sidhu Family**

Sri Sukhmani Sahib Path and Langar Sewa will be hosted by Bhai Gurdev Singh Sidhu and Ram Parkash Sidhu to celebrate first birthday of their Grandson Gavin Deep Parkash, son of Joey Parkash and Pinky Kumari. May Waheguru bless Gavin Deep Parkash with long and healthy life.

**Sadly, Mrs. Nasib Kaur (Sibo) wife of Late Sundar Dharam Singh, passed away on July 26 at her home in Pittsburg.** She was among the first group of dedicated ladies who worked tirelessly in the kitchen when this Gurughar was opened in 1985. She spent pretty much every weekend at the temple, cooking food and making sweets. She was always willing to help others at any time.

Viewing/Visitation will be on Tuesday, August 3, 2021 from 4:00 Pm to 6:00 PM.

Funeral service will be at 10:00 AM on Wednesday, August 4, 2021at the Pittsburg Funeral Chapel, 2295 Railroad Ave, Pittsburg, CA

**Cremation** - Proceeding Funeral Services at Oak View Park Memorial Cemetery - 2500 E 18th St, Antioch, CA.

Final Ardass will be at Sri Guru Gravidas Temple in Pittsburg after the cremation - 2150 Crestview Dr. Pittsburg, CA.

Our heart-felt condolences to the grieving family. May God bless her soul and give courage to the family to bear this unfortunate loss.


Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar (Treasurer)


Sri Guru Ravidass Sabha Committee Members & more

### ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

### LEGAL COMMITTEE


Ajai Paul Ram


Shashi Paul

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabu | Dharam Pal Chonkria | Vinod Kumar |

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਦੋ ਪੁਲਿਸ ਅਧਿਕਾਰੀ ਤਾਕਤ ਦੀ ਵਰਤੋਂ ਕਰਨ ਦੇ ਦੋਸ਼ ਵਿਚ ਗ੍ਰਿਫਤਾਰ

**ਸੈਕਰਾਮੈਂਟੋ 30 ਜੁਲਾਈ–** ਕੋਲੋਰਾਡੋ ਦੇ ਦੋ ਪੁਲਿਸ ਅਧਿਕਾਰੀਆਂ ਨੂੰ ਤਾਕਤ ਦੀ ਵਰਤੋਂ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਮੁੱਖੀ ਵੈਨੇਸਾ ਵਿਲਸਨ ਨੇ ਕਿਹਾ ਹੈ ਕਿ ਇਹ ਪੁਲਿਸ ਦੀ ਅਤਿ ਘਿਣ-ਾਉਣੀ ਕਾਰਵਾਈ ਹੈ ਤੇ ਇਸ ਘਟਨਾ ਦੀ ਵਿਭਾਗੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀ ਜੌਹਨ ਰੇਮੌਂਡ ਹੌਬਰਟ (39) ਤੇ ਫਰੈਂਸੀ ਐਨ ਮਾਰਟੀਨੇਜ਼ (40) ਔਰੋਰਾ ਪੁਲਿਸ ਵਿਭਾਗ ਨਾਲ ਸਬੰਧਤ ਹਨ। ਇਨਾਂ ਦੋਨਾਂ ਵਿਰੁੱਧ ਫੌਜਦਾਰੀ ਦੋਸ਼ ਲਾਏ ਗਏ ਹਨ। ਹੌਬਰਟ ਉਪਰ ਫਸਟ ਤੇ ਸੈਕੰਡ ਡਿਗਰੀ ਕੁੱਟਮਾਰ ਕਰਨ , ਤਸ਼ੱਦਦ ਕਰਨ ਤੇ ਫਸਟ ਡਿਗਰੀ ਦੁਰਵਿਵਹਾਰ ਕਰਨ ਦੇ ਦੋਸ਼ ਲਾਏ ਗਏ ਹਨ ਜਦ ਕਿ ਮਾਰਟੀਨੇਜ਼ ਉਪਰ ਘਟਨਾ ਦੌਰਾਨ ਦਖਲ ਦੇਣ ਵਿੱਚ ਨਾਕਾਮ ਰਹਿਣ ਤੇ ਇਕ ਪੁਲਿਸ ਅਧਿਕਾਰੀ ਦੁਆਰਾ ਕੀਤੇ ਗਏ ਧੱਕੇ ਬਾਰੇ ਰਿਪੋਰਟ ਦੇਣ ਵਿੱਚ ਨਾਕਾਮ ਰਹਿਣ ਦੇ ਦੋਸ਼ ਲਾਏ ਗਏ ਹਨ। ਫਿਲਹਾਲ ਦੋਨੋ ਪੁਲਿਸ ਅਧਿਕਾਰੀ ਜ਼ਮਾਨਤ ਉਪਰ ਹਨ। ਹੌਬਰਟ ਨੇ ਅਸਤੀਫਾ ਦੇ ਦਿੱਤਾ ਹੈ ਜਦ ਕਿ ਮਾਰਟੀਨੇਜ਼ ਛੁੱਟੀ 'ਤੇ ਚਲੀ ਗਈ ਹੈ।

ਪੁਲਿਸ ਮੁੱਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਿਸ ਅਧਿਕਾਰੀ ਇਕ ਫੋਨ ਕਾਲ ਆਉਣ 'ਤੇ ਮੌਕੇ ਉਪਰ ਜਾ ਰਹੇ ਸਨ ਤਾਂ ਉਨ੍ਹਾਂ ਨੇ ਰਸਤੇ ਵਿਚ ਤਿੰਨ ਵਿਅਕਤੀਆਂ ਨੂੰ ਆਪਣੇ ਬਾਈਸਾਈਕਲਾਂ ਨੇੜੇ ਬੈਠੇ ਵੇਖਿਆ। ਜਦੋਂ ਉਨ੍ਹਾਂ ਦੇ ਨਾਵਾਂ ਦੀ ਜਾਂਚ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਇਨਾਂ ਤਿੰਨਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਏ ਹਨ। ਇਨਾਂ ਵਿਚੋਂ ਦੋ ਸ਼ੱਕੀ ਤਾਂ ਮੌਕੇ ਉਪਰੋਂ ਖਿਸਕ ਗਏ ਜਦ ਕਿ ਤੀਜੇ ਨੂੰ ਕਾਬੂ ਕਰਨ ਲਈ ਪੁਲਿਸ ਅਧਿਕਾਰੀਆਂ ਨੇ ਤਾਕਤ ਦੀ ਵਰਤੋਂ ਕੀਤੀ। ਉਸ ਦੇ ਵਾਰ ਵਾਰ ਘਸੁੰਨ ਮਾਰੇ ਗਏ ਜਦ ਕਿ ਉਹ ਕਹਿ ਰਿਹਾ ਸੀ ਕਿ ਉਸ ਨੇ ਕੁਝ ਨਹੀਂ ਕੀਤਾ ਹੈ। ਬੌਡੀ ਕੈਮਰੇ ਦੀ ਵੀਡੀਓ ਵਿੱਚ ਉਹ ਵਿਅਕਤੀ ਮੈ ਸਾਹ ਨਹੀਂ ਲੈ ਸਕਦਾ ਤੇ ਤੁਸੀਂ ਮੈਨੂੰ ਮਾਰ ਦੇਵੋਗੇ ਕਹਿੰਦਾ ਹੋਇਆ ਸੁਣਾਈ ਦੇ ਰਿਹਾ ਹੈ। ਉਸ ਦੇ ਸਿਰ ਵਿਚੋਂ ਖੂਨ ਵਹਿ ਰਿਹਾ ਹੈ ਜਦ ਕਿ ਪੁਲਿਸ ਅਧਿਕਾਰੀ ਹੌਬਰਟ ਨੇ ਉਸ ਦੇ ਸਿਰ ਉਪਰ ਗੰਨ ਤਾਣੀ ਹੋਈ ਹੈ। ਇਹ ਮਾਮਲਾ ਅਪਰਾਧੀਆਂ ਨਾਲ ਨਜਿੱਠਣ ਲਈ ਬਣਾਏ ਗਏ ਨਵੇਂ ਕਾਨੂੰਨ ਕਾਰਨ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਕਾਨੂੰਨ ਦੀ ਪਰਖ ਦਾ ਸਮਾਂ ਆ ਗਿਆ ਹੈ।

# ਭਾਰਤੀ ਮੂਲ ਦੀ ਅਮਰੀਕਨ ਔਰਤ ਊਰਜਾ ਵਿਭਾਗ ਵਿਚ ਅਹਿਮ ਅਹੁੱਦੇ 'ਤੇ ਨਿਯੁਕਤ



**ਸੈਕਰਾਮੈਂਟੋ 30 ਜੁਲਾਈ–** ਭਾਰਤੀ ਮੂਲ ਦੀ ਅਮਰੀਕੀ ਨਾ-ਗਰਿਕ ਅਰਪਿਤਾ ਭੱਟਾਚਾਰੀਆ ਨੂੰ ਅਮਰੀਕਾ ਦੇ ਊਰਜਾ ਵਿਭਾਗ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਨਾਮਜ਼ਦ ਕੀਤਾ ਗਿਆ ਹੈ। ਊਰਜਾ ਵਿਭਾਗ ਵੱਲੋਂ ਬਾਇਡਨ-ਹੈਰਿਸ ਪੈਰਸ਼ਾਸਨ ਵਿਚ 14 ਹੋਰ ਨਿਯੁਕਤੀਆਂ ਕਰਨ ਦਾ ਐਲਾਨ ਕੀਤਾ ਗਿਆ ਹੈ ਜਿਨਾਂ ਵਿਚ ਅਰਪਿਤਾ ਭੱਟਾਚਾਰੀਆ ਦਾ ਨਾਂ ਵੀ ਸ਼ਾਮਿਲ ਹੈ। ਉਹ ਊਰਜਾ ਵਿਭਾਗ ਦੇ ਉਪ ਸਕੱਤਰ ਦੇ ਚੀਫ ਆਫ ਸਟਾਫ ਵਜੋਂ ਸੇਵਾਵਾਂ ਨਿਭਾਉਣਗੇ। ਇਹ ਨਵੇਂ ਨਿਯੁਕਤ ਅਧਿਕਾਰੀ ਰਾਸ਼ਟਰਪਤੀ ਜੋ ਬਾਇਡਨ ਦੀ ਉਸ ਟੀਮ ਦਾ ਹਿੱਸਾ ਬਣ ਜਾਣਗੇ ਜਿਸ ਦਾ ਕੰਮ ਵਾਤਾਵਰਣ ਤਬਦੀਲੀ ਨਾਲ ਨਜਿੱਠਣਾ, ਚੰਗੇ ਵੇਤਨ ਵਾਲੀਆਂ ਨੌਕਰੀਆਂ ਪੈਦਾ ਕਰਨਾ ਤੇ ਅਮਰੀਕੀਆਂ ਦੇ ਭਵਿੱਖ ਲਈ ਸਾਫ ਸੁਥਰੀ ਊਰਜਾ ਦੀ ਵਿਵਸਥਾ ਕਰਨਾ ਹੈ।

# ਐਟਲਾਂਟਾ ਵਿਚ ਸਕੂਲ ਦੇ 5 ਸਟਾਫ਼ ਮੈਂਬਰ ਤੇ 9 ਵਿਦਿਆਰਥੀਆਂ ਦੇ ਕੋਰੋਨਾ ਟੈਸਟ ਆਏ ਪਾਜ਼ੇਟਿਵ

**ਸੈਕਰਾਮੈਂਟੋ 30 ਜੁਲਾਈ–** ਐਟਲਾਂਟਾ ਦੇ ਡਰੀਊ ਚਾਰਟਰ ਸਕੂਲ ਦੇ 5 ਸਟਾਫ਼ ਮੈਂਬਰਾਂ ਤੇ 9 ਵਿਦਿਆਰਥੀਆਂ ਦੇ ਕੋਰੋਨਾ ਟੈਸਟ ਪਾਜ਼ੇਟਿਵ ਆਉਣ ਤੋਂ ਬਾਅਦ 100 ਤੋਂ ਵਧ ਵਿਦਿਆਰਥੀ ਇਕਾਂਤਵਾਸ ਵਿਚ ਚਲੇ ਗਏ ਹਨ। ਇਹ ਜਾਣਕਾਰੀ ਸਕੂਲ ਦੇ ਮੁਖੀ ਪੀਟਰ ਮੈਕਨਾਈਟ ਨੇ ਦਿੰਦਿਆਂ ਕਿਹਾ ਹੈ ਕਿ ਬੱਚਿਆਂ ਦੇ ਮਾਪਿਆਂ ਨੂੰ ਪੱਤਰ ਰਾਹੀਂ ਜਾਣਕਾਰੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਜਨ ਸਿਹਤ ਅਧਿਕਾਰੀਆਂ ਦੇ ਤਾਲਮੇਲ ਨਾਲ ਇਕਾਂਤਵਾਸ ਦੌਰਾਨ ਕੋਰੋਨਾ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾ ਰਹੇ ਹਾਂ। ਸਕੂਲ ਖੁਲੇ ਨੂੰ ਕੇਵਲ ਦੋ ਦਿਨ ਹੀ ਹੋਏ ਸਨ ਕਿ ਮੁੜ ਬੰਦ ਹੋਣ ਦੀ ਸੰਭਾਵਨਾ ਬਣ ਗਈ ਹੈ। ਸਕੂਲ ਖੁਲਣ ਉਪਰੰਤ 1900 ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਦੇ ਕੋਰੋਨਾ ਟੈਸਟ ਹੋਏ ਸਨ ਜਿਨਾਂ ਵਿਚੋਂ 14 ਰਿਪੋਰਟਾਂ ਪਾਜ਼ੇਟਿਵ ਆਈਆਂ ਹਨ। ਪਾਜ਼ੇਟਿਵ ਆਏ ਸਟਾਫ ਮੈਂਬਰਾਂ ਵਿਚ ਇਕ ਮੈਂਬਰ ਅਜਿਹਾ ਵੀ ਸ਼ਾਮਿਲ ਹੈ ਜਿਸ ਦੇ ਮੁਕੰਮਲ ਟੀਕਾਕਰਣ ਹੋ ਚੁੱਕਿਆ ਹੈ। ਮੈਕਨਾਈਟ ਅਨੁਸਾਰ ਇਕਾਂਤਵਾਸ ਵਿਚ ਗਏ ਵਿਦਿਆਰਥੀਆਂ ਵਿਚ ਦੂਜੀ, ਤੀਜੀ, ਛੇਵੀਂ, ਸਤਵੀਂ, ਨੌਵੀਂ ਤੇ ਦਸਵੀਂ ਸ਼ੈਰੇਣੀ ਦੇ ਵਿਦਿਆਰਥੀ ਹਨ। 6 ਵੀਂ ਸ਼ੈਰੇਣੀ ਦੇ 100 ਦੇ ਕਰੀਬ ਵਿਦਿਆਰਥੀ ਇਕਾਂਤਵਾਸ ਹੋਏ ਹਨ। ਸਕੂਲ ਮੁਖੀ ਨੇ ਹੋਰ ਕਿਹਾ ਹੈ ਕਿ ਕਈ ਸਟਾਫ਼ ਮੈਂਬਰ ਪਹਿਲਾਂ ਹੀ ਇਕਾਂਤਵਾਸ ਵਿਚ ਹਨ ਇਸ ਲਈ 8 ਵੀਂ ਸ਼ੈਰੇਣੀ ਦੇ ਵਿਦਿਆਰਥੀਆਂ ਨੂੰ ਆਨ ਲਾਈਨ ਪੜਾਇਆ ਜਾ ਰਿਹਾ ਹੈ। ਮਾਪਿਆਂ ਨੇ ਸਕੂਲ ਵਿਚ ਪਾਜ਼ੇਟਿਵ ਆਏ ਮਾਮਲਿਆਂ ਉਪਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਕੂਲ ਵਿਚ ਕੇਵਲ ਉਨ੍ਹਾਂ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਨੂੰ ਹੀ ਆਉਣ ਦਿੱਤਾ ਜਾਵੇ ਜਿਨਾਂ ਦੇ ਮੁਕੰਮਲ ਟੀਕਾਕਰਣ ਹੋ ਚੁੱਕਾ ਹੈ। ਇਸੇ ਦੌਰਾਨ ਯੂ ਐਸ ਸਰਜਨ ਜਨਰਲ ਡਾਕਟਰ ਵਿਵੇਕ ਮੂਰਤੀ ਨੇ ਕਿਹਾ ਹੈ ਕਿ ਜੇਕਰ ਅਸੀਂ ਚਹੁੰਦੇ ਹਾਂ ਕਿ ਸਾਡੇ ਬੱਚੇ ਵਾਪਿਸ ਸਕੂਲ ਜਾਣ ਤੇ ਅਰਥ ਵਿਵਸਥਾ ਪੱਟੜੀ ਉਪਰ ਆ ਜਾਵੇ ਤਾਂ ਹਰ ਅਮਰੀਕੀ ਨੂੰ ਕੋਵਿਡ ਟੀਕਾਕਰਣ ਕਰਵਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਹੈ ਕਿ ਹਰ ਅਮਰੀਕੀ ਦੇ ਟੀਕਾਕਰਣ ਨੂੰ ਯਕੀਨੀ ਬਣਾਇਆ ਜਾਵੇ ਤੇ ਇਸ ਵਿਚ ਕਿਸੇ ਕਿਸਮ ਦੀ ਢਿੱਲ ਨਹੀਂ ਹੋਣੀ ਚਾਹੀਦੀ।

# ਫਲੋਰੀਡਾ ਦੇ ਸਕੂਲਾਂ ਵਿਚ ਮਾਸਕ ਪਾਉਣਾ ਸਵੈਇੱਛਾ ਉਪਰ ਨਿਰਭਰ, ਆਦੇਸ਼ ਜਾਰੀ

**ਸੈਕਰਾਮੈਂਟੋ 31 ਜੁਲਾਈ–** ਫਲੋਰੀਡਾ ਦੇ ਗਵਰਨਰ ਡੀਸੈਂਟਿਸ ਨੇ ਇਕ ਆਦੇਸ਼ ਉਪਰ ਦਸਤਖਤ ਕਰਕੇ ਸਕੂਲਾਂ ਵਿਚ ਮਾਸਕ ਪਾਉਣ ਜਾ ਨਾ ਪਾਉਣ ਦਾ ਫੈਸਲਾ ਮਾਪਿਆਂ ਤੇ ਬੱਚਿਆਂ ਉਪਰ ਛੱਡ ਦਿੱਤਾ ਹੈ।

ਗਵਰਨਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਸ ਨੇ ਇਸ ਆਦੇਸ਼ ਦੁਆਰਾ ਹੰਗਾਮੀ ਨਿਯਮ ਜਾਰੀ ਕਰਨ ਦੀ ਹਦਾਇਤ ਦਿੱਤੀ ਹੈ ਤਾਂ ਜੋ ਮਾਪਿਆਂ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਗਵਰਨਰ ਨੇ ਇਹ ਐਲਾਨ ਕੇਪ ਕੋਰਲ ਦੇ ਇਕ ਇਟਾਲੀਅਨ ਰੈਸਟੋਰੈਂਟ ਵਿਚ ਕੀਤਾ ਜਿਥੇ ਬਹੁਤ ਸਾਰੇ ਅਜਿਹੇ ਮਾਪੇ ਆਏ ਹੋਏ ਸਨ ਜੋ ਮਾਸਕ ਪਾਉਣ ਦਾ ਵਿਰੋਧ ਕਰ ਰਹੇ ਸਨ।

ਪਿਛਲੇ ਦਿਨ ਜਾਰੀ ਇਹ ਆਦੇਸ਼ ਤੁਰੰਤ ਲਾਗੂ ਹੋ ਗਿਆ ਹੈ ਤੇ ਇਸ ਸਬੰਧੀ ਫਲੋਰੀਡਾ ਦੇ ਸਿੱਖਿਆ ਵਿਭਾਗ ਤੇ ਸਿਹਤ ਵਿਭਾਗ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics






Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਇੰਡਿਆਨਾਪੋਲਿਸ- ਹਮਲੇ ਵਿੱਚ ਗੋਲੀਆਂ ਵੱਜਣ ਨਾਲ 4 ਸਾਲ ਦੀ ਬੱਚੀ ਸਮੇਤ 5 ਜ਼ਖਮੀ

**ਸੈਕਰਾਮੈਂਟੋ 1 ਅਗਸਤ (ਹੁਸਨ ਲੜੋਆ ਬੰਗਾ)–** ਇੰਡਿਆਨਾਪੋਲਿਸ , ਇੰਡਿਆਨਾ ਦੇ ਇਕ ਸ਼ਮਸ਼ਾਨ ਘਾਟ ਦੇ ਬਾਹਰਵਰ ਇਕ ਹਮਲਾਵਰ ਨੇ ਗੋਲੀਆਂ ਚਲਾ ਕੇ ਇਕ 4 ਸਾਲ ਦੀ ਲੜਕੀ ਸਮੇਤ 5 ਜਣਿਆਂ ਨੂੰ ਜ਼ਖਮੀ ਕਰ ਦਿੱਤਾ। ਇੰਡਿਆਨਾਪੋਲਿਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਜਨ ਸੂਚਨਾ ਅਧਿਕਾਰੀ ਗੇਨੇ ਕੁੱਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਇਹ ਘਟਨਾ30 ਵੀਂ ਸਟਰੀਟ ਦੇ ਪੱਛਮੀ 1100 ਬਲਾਕ ਵਿਚ ਵਾਪਰੀ। 4 ਸਾਲ ਦੀ ਬੱਚੀ ਨੂੰ ਬੱਚਿਆਂ ਦੇ ਰੀਲੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਕ 16 ਸਾਲ ਦੀ ਲੜਕੀ ਨੂੰ ਐਸਕੇਨਾਜ਼ੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਸ ਦੀ ਹਾਲਤ ਸਥਿੱਰ ਹੈ। ਹਸਪਤਾਲ ਵਿਚ ਦਾਖਲ ਬਾਕੀ 3



ਦੀ ਹਾਲਤ ਵੀ ਸਥਿੱਰ ਦੱਸੀ ਜਾ ਰਹੀ ਹੈ। ਕੁੱਕ ਨੇ ਕਿਹਾ ਹੈ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਕ ਅਣਪਛਾਤਾ ਵਿਅਕਤੀ ਇਕ ਕਾਰ ਵਿਚੋਂ ਉਤਰ ਕੇ ਸ਼ਮਸ਼ਾਨ ਘਾਟ ਦੇ ਬਾਹਰ ਕਾਰ ਪਾਰਕਿੰਗ ਵਿਚ ਖੜੀ ਦੂਸਰੀ ਗੱਡੀ ਕੋਲ ਗਿਆ ਜਿਥੇ ਉਸ ਦੀ ਇਕ ਹੋਰ ਵਿਅਕਤੀ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋਈ। ਉਪਰੰਤ ਉਸ ਅਣਪਛਾਤੇ ਵਿਅਕਤੀ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ । ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਇਹ ਅਣਪਛਾਤਾ ਵਿਅਕਤੀ ਘਟਨਾ ਸਥਾਨ ਤੋਂ ਫਰਾਰ ਹੋ ਗਿਆ ਜਿਸ ਦੀ ਪੁਲਿਸ ਭਾਲ ਕਰ ਰਹੀ ਹੈ। ਕੁੱਕ ਨੇ ਇਹ ਵੀ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਕ ਜਾਂ ਦੋ ਵਿਅਕਤੀ ਸ਼ਮਸ਼ਾਨ ਘਾਟ ਦੇ ਅੰਦਰ ਜ਼ਖਮੀ ਹੋਏ ਹਨ ਤੇ ਅਣਪਛਾਤੇ ਹਮਲਾਵਰ ਦੀ ਤਕਰਾਰ ਸ਼ਮਸ਼ਾਨ ਘਾਟ ਦੇ ਅੰਦਰ ਕਿਸੇ ਨਾਲ ਹੋਈ ਸੀ। ਉਨਾਂ ਕਿਹਾ ਕਿ ਇਨਾਂ ਵਿਅਕਤੀਆਂ ਦੀ ਘਟਨਾ ਵਿੱਚ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਇੰਡਿਆਨਾਪੋਲਿਸ ਦੇ ਮੇਅਰ ਜੋ ਹੋਗਸੈਟ ਨੇ ਇਕ ਬਿਆਨ ਵਿਚ ਘਟਨਾ ਉਪਰ ਦੁੱਖ ਪੈਰਗਟ ਕੀਤਾ ਹੈ। ਉਨਾਂ ਕਿਹਾ ਹੈ ਕਿ ਇਹ ਇਕ ਕਾਇਰਤਾ ਵਾਲੀ ਕਾਰਵਾਈ ਹੈ। ਇਸ ਵੇਲੇ ਅਸੀਂ ਜ਼ਖਮੀ ਵਿਅਕਤੀਆਂ ਤੇ ਉਨਾਂ ਦੇ ਪਰਿਵਾਰਾਂ ਨਾਲ ਖੜੇ ਹਾਂ।

# ਨਿਊਯਾਰਕ ਵਿਚ ਦੋ ਵਿਅਕਤੀਆਂ ਵੱਲੋਂ ਕੀਤੀ ਗੋਲੀਬਾਰੀ ਵਿਚ 10 ਜ਼ਖਮੀ

**ਸੈਕਰਾਮੈਂਟੋ 2 ਅਗਸਤ (ਹੁਸਨ ਲੜੋਆ ਬੰਗਾ)–** ਨਿਊਯਾਰਕ ਸ਼ਹਿਰ ਦੇ ਕੁਈਨਜ ਨਗਰ ਵਿਚ ਦੋ ਵਿਅਕਤੀਆਂ ਵੱਲੋਂ ਕੀਤੀ ਗੋਈ ਗੋਲੀਬਾਰੀ ਵਿਚ 10 ਵਿਅਕਤੀ ਜ਼ਖਮੀ ਹੋ ਗਏ। ਜ਼ਖਮੀਆਂ ਵਿਚ 8 ਵਿਅਕਤੀ ਤੇ 2 ਔਰਤਾਂ ਸ਼ਾਮਿਲ ਹਨ ਜਿਨਾਂ ਦੀ ਉਮਰ 19 ਸਾਲ ਤੋਂ ਲੈ ਕੇ 72 ਸਾਲ ਦਰਮਿਆਨ ਹੈ। ਇਨਾਂ ਸਾਰਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਕ ਨੂੰ ਛੱਡ ਕੇ ਸਾਰੇ ਜ਼ਖਮੀ ਖਤਰੇ ਤੋਂ ਬਾਹਰ ਹਨ। ਗੰਭੀਰ ਜ਼ਖਮੀ ਵਿਅਕਤੀ ਦੇ ਢਿੱਡ ਵਿਚ ਗੋਲੀ ਵੱਜੀ ਹੈ। ਗੋਲੀਬਾਰੀ ਦੀ ਘਟਨਾ ਇਕ ਨਾਈ ਦੀ ਦੁਕਾਨ ਦੇ ਬਾਹਰ ਲੰਘੇ ਦਿਨ ਰਾਤ 11 ਵਜੇ ਤੋਂ ਪਹਿਲਾਂ ਵਾਪਰੀ। ਦੋਨੋਂ ਸ਼ੱਕੀ ਹਮਲਵਾਰ ਘਟਨਾ ਸਥਾਨ ਤੋਂ ਮੋਪਡਾਂ ਉਪਰ ਫਰਾਰ ਹੋ ਗਏ। ਪੁਲਿਸ ਅਨੁਸਾਰ ਦੋ ਬੰਦੂਕਧਾਰੀ ਪੈਦਲ ਹੀ ਘਟਨਾ ਸਥਾਨ ੋਤੇ ਆਏ ਪਰੰਤੂ ਗੋਲੀਬਾਰੀ ਉਪਰੰਤ ਦੋ ਮੋਪਡਾਂ ਉਪਰ ਫਰਾਰ ਹੋ ਗਏ ਜਿਨਾਂ ਨੂੰ ਦੋ ਹੋਰ ਵਿਅਕਤੀ ਚਲਾ ਰਹੇ ਸਨ। ਇਨਾਂ ਚਾਰਾਂ ਨੇ ਪੂਰੀ ਬਾਂਹ ਵਾਲੀਆਂ ਗਰਮ ਟੀ ਸ਼ਰਟਾਂ ਪਾਈਆਂ ਹੋਈਆਂ ਸਨ। ਨਿਊਯਾਰਕ ਪੁਲਿਸ ਵਿਭਾਗ ਡਿਟੈਕਟਿਵਜ ਦੇ ਮੁਖੀ ਜੇਮਜ ਐਸਿਗ ਨੇ ਇਹ ਜਾਣਕਾਰੀ ਦਿੰਦਿਆਂ ਦਸਿਆ ਕਿ ਗੋਲੀਬਾਰੀ ਵਿਚ ਸ਼ਾਮਿਲ 3 ਵਿਅਕਤੀਆਂ ਦਾ ਸਬੰਧ ਡੋਮੀਨੀਕੈਨ ਸਟਰੀਟ ਗਿਰੋਹ ਨਾਲ ਹੈ ਤੇ ਉਹ ਗਿਣਮਿਥ ਕੇ ਗੋਲੀਬਾਰੀ ਕਰਨ ਆਏ ਸਨ। ਐਸਿਗ ਨੇ ਦਸਿਆ ਕਿ ਗੋਲੀਬਾਰੀ ਵਾਲੇ ਸਥਾਨ ਨੇੜੇ ਇਕ ਰੈਸਟੋਰੈਂਟ ਵਿਚ ਪਾਰਟੀ ਚੱਲ ਰਹੀ ਸੀ। ਉਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਹਿਣ ਨਹੀਂ ਕੀਤੀਆਂ ਜਾ ਸਕਦੀਆਂ ਤੇ ਇਨਾਂ ਨੂੰ ਹਰ ਹਾਲਤ ਵਿਚ ਰੋਕਣਾ ਪਵੇਗਾ। ਪੁਲਿਸ ਦੋਸ਼ੀਆਂ ਦਾ ਭਾਲ ਕਰ ਰਹੀ ਹੈ ਪਰ ਅਜੇ ਤੱਕ ਕੋਈ ਵੀ ਗੈਰਿਫਤਾਰੀ ਨਹੀਂ ਹੋਈ। ਪੁਲਿਸ ਨੇ ਕਿਹਾ ਹੈ ਕਿ ਉਹ ਘਟਨਾ ਸਬੰਧੀ ਤਸਵੀਰਾਂ ਤੇ ਵੀਡਓ ਛੇਤੀ ਜਾਰੀ ਕਰੇਗੀ।


# ਕੋਰੋਨਾ ਕਾਰਨ ਹਾਲਾਤ ਖਰਾਬ ਹੋ ਰਹੇ ਹਨ, ਡਾ ਐਨਥਨੀ ਫੌਕੀ ਨੇ ਦਿੱਤੀ ਚਿਤਾਵਨੀ !

## ਟੀਕਾਕਰਣ ਨਾ ਕਰਵਾਉਣ ਵਾਲੇ ਲੋਕ ਫੈਲਾਅ ਰਹੇ ਹਨ ਬਿਮਾਰੀ

**ਸੈਕਰਾਮੈਂਟੋ 2 ਅਗਸਤ (ਹੁਸਨ ਲੜੋਆ ਬੰਗਾ)–** ਵਾਈਟ ਹਾਊਸ ਦੇ ਸਿਹਤ ਮਾਹਿਰ ਡਾ ਐਨਥਨੀ ਫੌਕੀ ਨੇ ਚਿਤਾਵਨੀ ਦਿੱਤੀ ਹੈ ਕਿ ਵਧ ਰਹੇ ਕੋਰੋਨਾ ਮਾਮਲਿਆਂ ਕਾਰਨ ਹਾਲਾਤ ਖਰਾਬ ਹੋ ਰਹੇ ਹਨ ਹਾਲਾਂ ਕਿ ਅਮਰੀਕਾ ਪਿਛਲੇ ਸਾਲ ਦੀ ਤਰਾਂ ਲਾਕ ਡਾਊਨ ਲਾਉਣ ਦੀ ਸਥਿੱਤੀ ਵਿਚ ਨਹੀਂ ਹੈ ਜਿਸ ਕਾਰਨ ਅਰਥ ਵਿਵਸਥਾ ਬੁਰੀ ਤਰਾਂ ਪੈਰਭਾਵਿਤ ਹੋਈ ਹੈ। ਫੌਕੀ ਨੇ ਕਿਹਾ ਹੈ ਹਾਲਾਂ ਕਿ ਅੱਧੀ ਅਮਰੀਕਨ ਆਬਾਦੀ ਦੇ ਟੀਕਾਕਰਣ ਹੋ ਚੁੱਕਾ ਹੈ ਪਰ ਇਹ ਕਾਫੀ ਨਹੀਂ ਹੈ। ਮਹਾਮਾਰੀ ਨੂੰ ਖਤਮ ਕਰਨ ਲਈ ਪੂਰੀ ਆਬਾਦੀ ਦੇ ਟੀਕਾਕਰਣ ਜਰੂਰੀ ਹੈ। ਅਮਰੀਕਾ ਵਿਚ ਜੁਲਾਈ ਮਹੀਨੇ ਦੌਰਾਨ 13 ਲੱਖ ਨਵੇਂ ਕੋਰੋਨਾ ਮਾਮਲੇ ਰਿਕਾਰਡ ਹੋਏ ਹਨ ਜੋ ਜੂਨ ਦੀ ਤੁਲਨਾ ਵਿਚ ਤਿੰਨ ਗੁਣਾਂ ਜਿਆਦਾ ਹਨ। ਡਾ ਫੌਕੀ ਨੇ ਸਵਿਕਾਰ ਕੀਤਾ ਕਿ ਵੈਕਸੀਨ 100× ਅਸਰਦਾਇਕ ਨਹੀਂ ਹੈ ਤੇ ਕੋਰੋਨਾ ਤੋਂ ਬਚਾਅ ਲਈ ਟੀਕੇ ਲਵਾ ਚੁੱਕੇ ਲੋਕ ਵੀ ਬਿਮਾਰ ਹੋ ਰਹੇ ਹਨ ਪਰੰਤੂ ਟੀਕੇ ਲਵਾ ਚੁੱਕੇ ਲੋਕਾਂ ਨੂੰ ਦੂਸਰੇ ਲੋਕਾਂ ਜਿਨਾਂ ਨੇ ਟੀਕੇ ਨਹੀਂ ਲਵਾਏ ਹਨ, ਦੀ ਤੁਲਨਾ ਵਿਚ ਖਤਰਾ ਘੱਟ ਹੈ। ਟੀਕੇ ਲਵਾ ਚੁੱਕੇ ਲੋਕਾਂ ਦੇ ਗੰਭੀਰ ਬਿਮਾਰ ਹੋਣ ਦੀ ਸੰਭਾਵਨਾ ਘੱਟ ਹੈ। ਉਨਾਂ ਕਿਹਾ ਕਿ ਹਸਪਤਾਲ ਵਿਚ ਦਾਖਲ ਲੋਕਾਂ ਤੇ ਮੌਤਾਂ ਤੋਂ ਪਤਾ ਲੱਗਦਾ ਹੈ ਕਿ ਟੀਕਾ ਨਾ ਲਵਾਉਣ ਵਾਲੇ ਲੋਕ ਵਧੇਰੇ ਲਪੇਟ ਵਿਚ ਆਏ ਹਨ। ਉਨਾਂ ਕਿਹਾ ਕਿ ਕੋਰੋਨਾ ਤੋਂ ਬਚਾਅ ਲਈ ਟੀਕੇ ਨਾ ਲਵਾਉਣ ਵਾਲੇ ਲੋਕ ਬਿਮਾਰੀ ਨੂੰ ਅੱਗੇ ਫੈਲਾਅ ਰਹੇ ਹਨ।

# ਆਪਣੀ ਭਤੀਜੀ ਤੇ ਭਤੀਜੇ ਦੀਆਂ ਮੌਤਾਂ ਦੇ ਮਾਮਲੇ ਵਿਚ ਚਾਚੀ ਗ੍ਰਿਫਤਾਰ

**ਸੈਕਰਾਮੈਂਟੋ 1 ਅਗਸਤ–** ਬਾਲਟੀਮੋਰ ਪੁਲਿਸ ਨੇ 33 ਸਾਲਾ ਨਿਕੋਲ ਮੀਸ਼ੈਲ ਜੌਹਨਸਨ ਨੂੰ ਆਪਣੀ 7 ਸਾਲਾ ਭਤੀਜੀ ਤੇ 5 ਸਾਲ ਦੇ ਭਤੀਜੇ ਦੀਆਂ ਹੋਈਆਂ ਮੌਤਾਂ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਹੈ ਜਿਨਾਂ ਦੀਆਂ ਲਾਸ਼ਾਂ ਉਸ ਦੀ ਕਾਰ ਵਿਚੋਂ ਬਰਾਮਦ ਹੋਈਆਂ ਸਨ। ਪੁਲਿਸ ਨੇ ਜੌਹਨਸਨ ਵਿਰੁੱਧ ਬੱਚਿਆਂ ਦੇ ਸ਼ੋਸ਼ਣ, ਫਸਟ ਡਿਗਰੀ ਅਪਰਾਧ ਕਰਨ, ਬੱਚਿਆਂ ਨਾਲ ਬਦਸਲੂਕੀ ਕਰਨ ਜੋ ਉਨਾਂ ਦੀ ਮੌਤ ਦਾ ਕਾਰਨ ਬਣੀ ਸਮੇਤ ਕਈ ਦੋਸ਼ ਲਾਏ ਹਨ। ਅਦਾਲਤ ਦੇ ਰਿਕਾਰਡ ਅਨੁਸਾਰ ਜੌਹਨਸਨ ਨੇ ਬੱਚਿਆਂ ਦੀ ਮੌਤ ਬਾਰੇ ਪੁਲਿਸ ਨੂੰ ਸੂਚਨਾ ਨਹੀਂ ਦਿੱਤੀ। ਪੁਲਿਸ ਮੁਖੀ ਮੇਲੀਸਾ ਹਾਇਆਤ ਨੇ ਕਿਹਾ ਹੈ ਕਿ ਦੋ ਨਿਰਦੋਸ਼ ਬੱਚਿਆਂ ਦੀ ਮੌਤ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨਾਂ ਕਿਹਾ ਕਿ ਇਸ ਘਿਣਾਉਣੇ ਅਪਰਾਧ ਦੀ ਜਾਂਚ ਓਦੋਂ ਤੱਕ ਬੰਦ ਨਹੀਂ ਹੋਵੇਗੀ ਜਦੋਂ ਤੱਕ ਮੌਤ ਲਈ ਜਿੰਮੇਵਾਰਾਂ ਨੂੰ ਸਜ਼ਾ ਨਹੀਂ ਮਿਲ ਜਾਂਦੀ। ਜੌਹਨਸਨ ਦੀ ਜ਼ਮਾਨਤ ਨਹੀਂ ਹੋਈ ਤੇ ਮਾਮਲੇ ਦੀ ਸੁਣਵਾਈ 27 ਅਗਸਤ ਨੂੰ ਹੋਵੇਗੀ।



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



Chicago's Pizza with a Twist
Call: 1-209-398-2221





Parvinder Dhesi



Kulwant Sandhu
1471 B St., Unit B, Livingston, CA 95334

# ਸਰਬ ਨੌਜਵਾਨ ਸਭਾ ਨੇ ਸ਼ਹੀਦ ਊਧਮ ਸਿੰਘ ਨੂੰ ਦਿੱਤੀ ਨਿੱਘੀ ਸ਼ਰਧਾਂਜਲੀ

**ਫਗਵਾੜਾ 31 ਜੁਲਾਈ (ਬੀ.ਕੇ.ਰੱਤੂ)–** ਵਤਨ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕਰਨਾ ਅਤੇ ਨਵੀਂ ਪੀੜੈਹੀ ਨੂੰ ਉਹਨਾ ਦੀ ਜੀਵਨੀ, ਸੰਘਰਸ਼ ਬਾਰੇ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ। ਇਹ ਵਿਚਾਰ ਫਗਵਾੜਾ ਡੀ.ਐਸ.ਪੀ. ਪਰਮਜੀਤ ਸਿੰਘ ਨੇ ਸਰਬ ਨੌਜਵਾਨ ਸਭਾ (ਰਜਿ.) ਵਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਸਭਾ ਦੇ ਪੈਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਨਗਰ ਸੁਧਾਰ ਟਰੱਸਟ ਦੀ ਇਮਾਰਤ ਵਿਖੇ ਕਰਵਾਏ ਸ਼ਰਧਾਂਜਲੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕਹੇ। ਉਹਨਾ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਜਾਇਆ ਨਹੀਂ ਜਾਂਦੀਆਂ ਅਤੇ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਉਹਨਾ ਨੇ ਸ਼ਹੀਦ ਊਧਮ ਸਿੰਘ ਦੀ ਫੋਟੋ 'ਤੇ ਫੁੱਲ ਭੇਂਟ ਕਰਕੇ ਉਹਨਾ ਨੂੰ ਸ਼ਰਧਾਂਜਲੀ ਦਿੱਤੀ। ਆਜਾਦ ਰੰਗ ਮੰਚ ਕਲਾ ਭਵਨ ਫਗਵਾੜਾ ਦੀ ਸੰਚਾਲਿਕਾ ਬੀਬਾ ਕੁਲਵੰਤ ਨੇ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਅਤੇ ਉਹਨਾਂ ਦੀ ਪ੍ਰੇਰਣਾ ਬਣੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੂੰ ਯਾਦ ਕੀਤਾ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪੰਜਾਬ ਦੀ ਸਰ ਜ਼ਮੀਨ ਉਤੇ ਹਜ਼ਾਰਾਂ ਹੀ ਆਜ਼ਾਦੀ ਦੇ ਪੈਰਵਾਨਿਆਂ ਨੇ ਜਨਮ ਲਿਆ, ਕੁਰਬਾਨੀਆਂ ਦਿੱਤੀਆਂ ਅਤੇ ਸੈਂਕੜੇ ਸ਼ਹੀਦ ਹੋਏ। ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਅੱਜ ਦੀ ਪੀੜੈਹੀ ਦੇ ਹਿਰਦੇ 'ਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਵਾਲੀ ਹੈ। ਸਮਾਗਮ ਦੌਰਾਨ ਸਾਂਈ ਪੱਪਲ ਸ਼ਾਹ ਭਰੋਮਜਾਰਾ, ਐਸ.ਐਚ.ਓ. ਸਿਟੀ ਸੁਰਜੀਤ ਸਿੰਘ, ਹਰਦੀਪ ਕੁਮਾਰ ਐਕਸ.ਈ.ਐਨ ਪਾਵਰਕਾਮ ਗੁਰਾਇਆ, ਜਗਜੀਵਨ ਖਲਵਾੜਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹਨਾ ਦੀ ਕੁਰਬਾਨੀ ਨੂੰ ਕਦੇ ਵੀ ਭੁਲ-ਾਇਆ ਨਹੀਂ ਜਾ ਸਕਦਾ। ਇਸ ਸਮੇਂ ਆਜ਼ਾਦ ਰੰਗ ਮੰਚ ਵਲੋਂ ਕੋਰਿਓਗੈਰਾਫੀ ਰਾਹੀਂ ਸ਼ਹੀਦ ਊਧਮ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ ਤੇ ਨਾਲ ਹੀ ਭਰੂਣ ਹੱਤਿਆ ਦੀ ਬੁਰਾਈ ਤੇ ਚੋਟ ਕੀਤੀ ਗਈ। ਇਸ ਤੋਂ ਇਲਾਵਾ ਕਵੀ ਰਵਿੰਦਰ ਸਿੰਘ ਰਾਏ, ਲਸ਼ਕਰ ਢੰਡਵਾੜਵੀ, ਸੁਖਦੇਵ ਗੰਡਵਾ ਨੇ ਆਜ਼ਾਦੀ ਸੰਗਰਾਮ ਅਤੇ ਕਿਸਾਨੀ ਅੰਦੋਲਨ ਤੇ ਅਧਾਰਤ ਕਵਿਤਾਵਾਂ ਸੁਣਾਈਆਂ। ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਸੁਰਿੰਦਰ ਪਾਲ ਸਾਬਕਾ ਸਰਪੰਚ ਮਸਤ ਨਗਰ, ਮੈਡਮ ਤ੍ਰਿਪਤਾ ਸ਼ਰਮਾ ਸਾਬਕਾ ਕੌਂਸਲਰ, ਪ੍ਰਿਤਪਾਲ ਕੌਰ ਤੁੱਲੀ ਸਮਾਜ ਸੇਵਿਕਾ, ਕਾਂਗਰਸੀ ਆਗੂ ਇੰਦਰਜੀਤ ਬਸਰਾ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਡਾ: ਵਿਜੇ ਕੁਮਾਰ, ਨਰਿੰਦਰ ਸੈਣੀ, ਸੁਰਜੀਤ ਸਿੰਘ ਬਾਹੜਾ, ਮੈਡਮ ਗੁਰਪੈਰੀਤ ਕੌਰ, ਮੈਡਮ ਸੁਖਜੀਤ ਕੌਰ, ਮੈਡਮ ਚੇਤਨਾ ਰਾਜਪੂਤ, ਜਗਜੀਤ ਸੇਠ, ਰਮਨ ਨਹਿਰਾ, ਗੁਰਦੀਪ ਤੁੱਲੀ, ਡਾ. ਨਰੇਸ਼ ਬਿੱਟੂ, ਆਰ.ਪੀ. ਸ਼ਰਮਾ, ਪਰਸ ਰਾਮ ਸ਼ਿਵ ਪੁਰੀ, ਗੁਲਸ਼ਨ ਕਲੇਰ, ਜੋਗਿੰਦਰ ਕੁਮਾਰ, ਸਤਪੈਰਕਾਸ਼ ਸੱਗੂ, ਬਲਜੀਤ ਕੌਰ, ਮਨਪ੍ਰੀਤ ਸਿੰਘ, ਸਾਕਸ਼ੀ ਤ੍ਰਿਖਾ, ਮੋਨਿਕਾ, ਨੀਤੂ ਗੁਡਿੰਗ ਆਦਿ ਹਾਜ਼ਰ ਹਨ।







# ਸਾਬਕਾ ਸਰਪੰਚ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ 60 ਪਰਿਵਾਰ, ਗੋਗੀ ਨੇ ਕੀਤਾ ਸਵਾਗਤ

**ਫਗਵਾੜਾ 2 ਅਗਸਤ (ਬੀ.ਕੇ.ਰੱਤੂ)–** ਆਮ ਆਦਮੀ ਪਾਰਟੀ ਨੂੰ ਹਲਕਾ ਵਿਧਾਨਸਭਾ ਫਗਵਾੜਾ ਦੇ ਪਿੰਡ ਮਲਕਪੁਰ ਵਿਚ ਭਾਰੀ ਬਲ ਮਿਲਿਆ ਜਦੋਂ ਸਾਬਕਾ ਸਰਪੰਚ ਸ਼ਾਦੀ ਰਾਮ ਸਮੇਤ ਕਰੀਬ 60 ਪਰਿਵਾਰਾਂ ਨੇ ਵੱਖ ਵੱਖ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਹਨਾਂ ਨਵੇਂ ਸ਼ਾਮਲ ਹੋਏ ਮੈਂਬਰਾਂ ਦਾ ਸਵਾਗਤ ਕਰਦਿਆਂ ਜਿਲੈਹਾ ਕਪੂਰਥਲਾ ਐਸ.ਸੀ. ਵਿੰਗ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਨੇ ਦੱਸਿਆ ਕਿ ਇਹ ਪਰਿਵਾਰ ਦੀਪਾ ਰਾਵਲਪਿੰਡੀ, ਕੇਵਲ ਰਾਵਲਪਿੰਡੀ ਅਤੇ ਯਸ਼ਵੀਰ ਕੋਕਾ ਦੀ ਪੈਰੇਰਣਾ ਸਦਕਾ ਆਪ ਵਿਚ ਸ਼ਾਮਲ ਹੋਏ ਹਨ ਜੋ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੀ ਕਾਰਗੁਜਾਰੀ ਤੋਂ ਬੇਹਦ ਪ੍ਰਭਾਵਿਤ ਹਨ ਨਾਲ ਹੀ ਕਾਂਗਰਸ ਪਾਰਟੀ ਵਲੋਂ ਪਿਛਲੀਆਂ ਵਿਧਾਨਸਭਾ ਚੋਣਾਂ 'ਚ ਕੀਤੇ ਵਾਅਦੇ ਪੂਰੇ ਨਾ ਕਰਨ ਨੂੰ ਲੈ ਕੇ ਵੀ ਨਿਰਾਸ਼ ਹਨ। ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਕਾਂਗਰਸ ਪਾਰਟੀ ਜਾਣ-ਬੁੱਝ ਕੇ ਸੂਬੇ ਦੇ ਭੋਲੇ ਭਾਲੇ ਲੋਕਾਂ ਨੂੰ ਕੈਪਟਨ-ਸਿੱਧੂ ਦੀ ਨੂਰਾ ਕੁਸ਼ਤੀ ਵਿਚ ਉਲਝਾ ਰਹੀ ਹੈ ਕਿਉਂਕਿ ਕਾਂਗਰਸ ਨੂੰ ਪਤਾ ਹੈ ਕਿ ਕੈਪਟਨ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਹਨ ਅਤੇ ਅਗਲੀਆਂ ਚੋਣਾਂ 'ਚ ਕਾਂਗਰਸ ਦੀ ਹਾਰ ਤੈਅ ਹੈ। ਉਹਨਾਂ ਕਿਹਾ ਕਿ ਸੂਬੇ ਦੇ ਲੋਕ ਹੁਣ ਜਾਗਰੁਕ ਹੋ ਚੁੱਕੇ ਹਨ ਅਤੇ ਕਾਂਗਰਸ ਦੀ ਕਿਸੇ ਚਾਲ ਵਿਚ ਨਹੀਂ ਫਸਣਗੇ। 2022 ਦੀਆਂ ਪੰਜਾਬ ਵਿਧਾਨਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਪੈਰਾਪਤ ਕਰਕੇ ਸਰਕਾਰ ਬਣਾਏਗੀ ਅਤੇ ਪੰਜਾਬ ਨੂੰ ਦਿੱਲੀ ਵਰਗੀਆਂ ਸਹੂਲਤਾਂ ਤੇ ਸਾਫ ਸੁਥਰਾ ਪੈਰਸ਼ਾਸਨ ਦਿੱਤਾ ਜਾਵੇਗਾ। ਇਸ ਮੌਕੇ ਕਾਬਲ ਰਾਮ, ਦਿਲਬਾਗ, ਬਲਵਿੰਦਰ ਸਿੰਘ, ਗੁਰਸੰਗਤ, ਜਸਵੰਤ ਸਿੰਘ, ਬਿਹਾਰੀ ਲਾਲ, ਗੇਜ ਰਾਮ, ਚੰਨਣ ਰਾਮ, ਜੋਗਿੰਦਰ ਪਾਲ, ਅਮਰੀਕ ਲੰਬੜ, ਕਾਲਾ, ਬੁੱਗਾ, ਰਾਕੇਸ਼, ਭਾਰਤੀ, ਜੋਗਾ ਸਿੰਘ, ਪੈਰਸ਼ੋਤਮ ਲਾਲ, ਨਸੀਬ ਚੰਦ, ਜੋਗਿੰਦਰ ਪਾਲ, ਗੌਰਵ, ਦਵਿੰਦਰ ਸਿੰਘ, ਜਸਵਿੰਦਰ



# ਜੋਗੀ ਤੱਲਣ ਬਣੇ ਦੂਜੀ ਵਾਰ ਭਾਜਪਾ ਮੰਡਲ ਪਤਾਰਾ ਦੇ ਪ੍ਰਧਾਨ

**ਜਲੰਧਰ–** ਭਾਰਤੀਆਂ ਜਨਤਾ ਪਾਰਟੀ ਜਲੰਧਰ ਦਿਹਾਤੀ ਉੱਤਰੀ ਦੇ ਮੰਡਲ ਪਤਾਰਾ ਦਾ ਦੂਜੀ ਵਾਰ ਪ੍ਰਧਾਨ ਰਾਜ ਕੁਮਾਰ (ਜੋਗੀ ਤੱਲਣ) ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਜੋਗੀ ਤੱਲਣ ਨੇ ਦੱਸਿਆ ਕਿ ਭਾਜਪਾ ਪ੍ਰਧਾਨ ਸ਼੍ਰੀ ਅਸ਼ਵਨੀ ਸ਼ਰਮਾ ਜੀ ਤੇ ਦੋਆਬਾ ਦੇ ਜੋਨਲ ਪ੍ਰਭਾਰੀ ਸ਼੍ਰੀ ਸ਼ੁਭਾਸ਼ ਸਰਮਾਂ ਜੀ ਤੇ ਭਾਜਪਾ ਜਰਨਲ ਸਕੱਤਰ ਸ਼੍ਰੀ ਰਾਜੇਸ਼ ਬਾਘਾ ਜੀ, ਸ਼੍ਰੀ ਰਾਕੇਸ਼ ਗਿੱਲ ਜੀ ਮੀਤ ਪ੍ਰਧਾਨ ਭਾਜਪਾ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜਲੰਧਰ ਦਿਹਾਤੀ ਦੇ ਪ੍ਰਧਾਨ ਅਮਰਜੀਤ ਸਿੰਘ ਅਮਰੀ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੇ ਭਾਜਪਾ ਮੰਡਲ ਪਤਾਰਾ ਦਾ ਪ੍ਰਧਾਨ ਨਿਯੁਕਤ ਕਰ ਕੇ ਜੋ ਮਾਣ ਦਿੱਤਾ ਹੈ ਮੈਂ ਪਾਰਟੀ ਹਾਈਕਮਾਂਡ ਦਾ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਤੇ ਵਿਸ਼ਵਾਸ ਕਰਕੇ ਜਿੰਮੇਵਾਰੀ ਦਿੱਤੀ ਹੈ ਮੈਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੰਡਲ ਪਤਾਰਾ ਦੇ ਪਾਰਟੀ ਵਰਕਰਾਂ ਨਾਲ ਮਿਲ ਕੇ ਪਾਰਟੀ ਨੂੰ ਵੱਡੀ ਲੀਡ ਦਵਾ ਕੇ ਆਦਮਪੁਰ ਦੀ ਸੀਟ ਭਾਜਪਾ ਦੀ ਝੋਲੀ ਪਾਵਾਗਾਂ ਅਤੇ ਆਉਣ ਵਾਲੇ ਦਿਨਾਂ ਵਿੱਚ ਮੰਡਲ ਪਤਾਰਾ ਵਿਚੋਂ ਨਵੇਂ ਚਿਹ-ਰਆਂ ਨੂੰ ਪਾਰਟੀ ਚੋ ਸ਼ਾਮਲ ਕਰਵਾ ਕੇ ਜਿਲਾ ਜਲੰਧਰ ਦਿਹਾਤੀ ਉੱਤਰੀ ਨੂੰ ਹੋਰ ਮਜ਼ਬੂਤੀ ਦੇਣ ਤੇ ਭਾਜਪਾ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਜਿੰਮੇਵਾਰੀ ਲਈ ਸ਼੍ਰੀ ਅਸ਼ਵਨੀ ਸ਼ਰਮਾ ਜੀ ਭਾਜਪਾ ਪ੍ਰਧਾਨ ਪੰਜਾਬ, ਸ਼੍ਰੀ ਸੁਭਾਸ਼ ਸਰਮਾਂ ਜੀ ਤੇ ਸ਼੍ਰੀ ਰਾਜੇਸ਼ ਬਾਘਾ ਜੀ ਦੋਵੇਂ ਜਰਨਲ ਸਕੱਤਰ ਭਾਜਪਾ ਪੰਜਾਬ, ਸ਼੍ਰੀ ਰਾਕੇਸ਼ ਗਿੱਲ ਜੀ ਮੀਤ ਪ੍ਰਧਾਨ ਭਾਜਪਾ ਪੰਜਾਬ, ਜਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਅਮਰੀ, ਸ਼੍ਰੀ ਗਰਧਾਰੀ ਲਾਲ ਜਰਨਲ ਸਕੱਤਰ ਭਾਜਪਾ ਜਲੰਧਰ ਦਿਹਾਤੀ, ਸ਼੍ਰੀ ਮਨਜੀਤ ਬਾਲੀ, ਸ਼੍ਰੀ ਰਾਜੀਵ ਪਾਂਜਾ, ਸ਼੍ਰੀ ਅਰੁਣ ਸਰਮਾਂ ਜੀ, ਸ਼੍ਰੀ ਚੰਦਰ ਸ਼ੇਖਰ ਚੌਹਾਨ ਜੀ ਮੈਂਬਰ ਭਾਜਪਾ ਪ੍ਰਦੇਸ਼ ਕਾਰਜਕਾਰਨੀ ਪੰਜਾਬ ਸ਼੍ਰੀ ਪੁਰਸ਼ੋਤਮ ਗੋਗੀ ਮੈਂਬਰ ਭਾਜਪਾ ਬੀ.ਸੀ ਮੋਰਚਾ ਪੰਜਾਬ, ਸ਼੍ਰੀ ਸੰਦੀਪ ਵਰਮਾ ਜੀ ਪ੍ਰਧਾਨ ਬੀ.ਸੀ ਮੋਰਚਾ ਜਲੰਧਰ ਦਿਹਾਤੀ ਤੇ ਐਡਵੋਕੇਟ ਕਿਸ਼ਨ ਸਰਮਾਂ ਦਾ ਧੰਨਵਾਦ ਕੀਤਾ।



# ਆਜ਼ਾਦ ਸਮਾਜ ਪਾਰਟੀ ਪੰਜਾਬ 2022 ਦੀਆਂ ਵਿਧਾਨ ਸਭਾ ਚੋਣਾਂ ਜ਼ੋਰ ਸ਼ੋਰ ਨਾਲ ਲੜੇਗੀ - ਡਾ.ਭੱਟੀ

**ਫਗਵਾੜਾ (ਬੀ.ਕੇ.ਰੱਤੂ)–** ਆਜ਼ਾਦ ਸਮਾਜ਼ ਪਾਰਟੀ ਤੇ ਭੀਮ ਆਰਮੀ ਦੀ ਇੱਕ ਅਹਿਮ ਮੀਟਿੰਗ ਡਾਕਟਰ ਹਰਜੀਤ ਭੱਟੀ ਸਹਿ ਇੰਚਾਰਜ ਆਜ਼ਾਦ ਸਮਾਜ਼ ਪਾਰਟੀ ਤੇ ਭੀਮ ਆਰਮੀ ਪੰਜਾਬ ਅਗਵਾਈ ਹੇਠ ਬੁੱਧ ਵਿਹਾਰ ਸਤਨਾਮ ਪੁਰਾ ਫਗਵਾੜਾ ਵਿਖੇ ਹੋਈ। ਜਿਸ ਵਿਸ਼ੇਸ਼ ਤੌਰ ਤੇ ਵਿਨੋਦ ਮੋਦੀ ਜਨਰਲ ਸਕੱਤਰ ਆਜ਼ਾਦ ਸਮਾਜ਼ ਪਾਰਟੀ ਪੰਜਾਬ, ਸੰਨੀ ਜੱਸਲ ਜਨਰਲ ਸਕੱਤਰ ਭੀਮ ਆਰਮੀ ਪੰਜਾਬ, ਰਾਮ ਸਿੰਘ ਬੋਲੀਨਾ, ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾਕਟਰ ਹਰਜੀਤ ਭੱਟੀ ਨੇ ਕਿਹਾ ਕਿ ਬਹੁਜਨ ਵਿਚਾਰਧਾਰਾ ਨੂੰ ਬਚ-ਾਉਣ ਲਈ ਅੱਜ ਇੱਕ ਹੀ ਪਾਰਟੀ ਹੈ ਉਹ ਹੈ ਆਜ਼ਾਦ ਸਮਾਜ਼ ਪਾਰਟੀ ਹੈ। ਉਹਨਾਂ ਕਿਹਾ ਕਿ ਆਜ਼ਾਦ ਸਮਾਜ਼ ਪਾਰਟੀ ਕੋਈ ਨਵੀਂ ਪਾਰਟੀ ਨਹੀਂ ਹੈ ਇਹ ਪਾਰਟੀ ਸਾਹਿਬ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਵਾਲੀ ਹੈ। ਡਾਕਟਰ ਭੱਟੀ ਨੇ ਅੱਗੇ ਆਜ਼ਾਦ ਸਮਾਜ਼ ਪਾਰਟੀ ਪੰਜਾਬ ਦੀਆਂ 2022 ਦੀਆਂ ਚੋਣਾਂ ਜ਼ੋਰ ਸੋਰ ਨਾਲ ਲੜੇਗੀ। ਉਹਨਾਂ ਕਿਹਾ ਕਿ 17 ਅਗਸਤ ਨੂੰ ਆਜ਼ਾਦ ਸਮਾਜ਼ ਪਾਰਟੀ ਤੇ ਭੀਮ ਆਰਮੀ ਪੰਜਾਬ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਉਨ੍ਹਾਂ ਬਹੁਜਨ ਸਮਾਜ ਨੂੰ ਅਪੀਲ ਕੀਤੀ ਕਿ ਉਹ ਰੋਸ ਪ੍ਰਦਰਸ਼ਨ ਵਿਚ ਵੱਧ ਚੜ੍ਹ ਹਿਸਾ ਲਿਆ ਜਾਵੇ। ਇਹ ਰੋਸ਼ ਪ੍ਰਦਰਸਨ ਮਟਕਾ ਚੌਂਕ ਚੰਡੀਗੜ੍ਹ ਤੋਂ ਸ਼ੁਰੂ ਹੋਵੇਗਾ। ਮੀਟਿੰਗ ਨੂੰ ਵਿਨੋਦ ਮੋਦੀ ਜਨਰਲ ਸਕੱਤਰ ਪੰਜਾਬ, ਸੰਨੀ ਜੱਸਲ ਜਨਰਲ ਸਕੱਤਰ ਭੀਮ ਆਰਮੀ ਪੰਜਾਬ, ਸੁਖਦੇਵ ਸਿੰਘ ਪ੍ਰਧਾਨ ਜ਼ਲ੍ਹਿਾ ਕਪੂਰਥਲਾ, ਰਾਮ ਸਿੰਘ ਬੋਲੀਨਾ, ਸਤਨਾਮ ਬੰਬੀਆਂਵਾਲ ਜਿਲ੍ਹਾ ਪ੍ਰਧਾਨ ਜਲੰਧਰ,, ਰਿੰਕੂ ਕਲੇਰ ਪ੍ਰਧਾਨ ਭੀਮ ਆਰਮੀ ਜਲੰਧਰ ਸ਼ਹਿਰੀ,ਮੁਕੇਸ ਕੁਮਾਰ ਉਪ ਪ੍ਰਧਾਨ ਭੀਮ ਆਰਮੀ ਜਲੰਧਰ। ਦੇਸ਼ ਰਾਜ ਫਗਵਾੜਾ, ਪਰਮਜੀਤ ਰਾਏ ਸੀਨੀਅਰ ਆਗੂ ਆਜ਼ਾਦ ਸਮਾਜ਼ ਪਾਰਟੀ ਫਗਵਾੜਾ, ਡਾਕਟਰ ਅਮਰਜੀਤ, ਕਮਲੇਸ਼ ਕੈਸਾ, ਰਾਜ ਕੁਮਾਰ ਰਾਜੂ ਗੁਰੂ ਆਬਾਦੀ, ਰਾਕੇਸ਼, ਸਾਹਿਲ ਢੰਡਾ, ਅਮ੍ਰਿ ਪਾਲ ਉਪ ਪ੍ਰਧਾਨ ਆਜ਼ਾਦ ਸਮਾਜ਼ ਪਾਰਟੀ ਜਲੰਧਰ, ਰਿਕੀ ਸਰਕਲ ਪ੍ਰਧਾਨ ਪਿੰਡ ਮੁਤਾਬਕ ਪੁਰ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਸਾਂਝੇ ਤੌਰ ਤੇ ਕਿਹਾ ਕਿ 17 ਅਗਸਤ ਨੂੰ ਵੱਧ ਤੋਂ ਵੱਧ ਮਟਕਾ ਚੌਂਕ ਚੰਡੀਗੜ੍ਹ ਪਹੁੰਚੋ। ਮੀਟਿੰਗ ਦੀ ਕਾਰਵਾਈ ਬਾਖੂਬੀ ਸੁਖਦੇਵ ਸਿੰਘ ਪ੍ਰਧਾਨ ਜ਼ਲ੍ਹਿਾ ਕਪੂਰਥਲਾ ਨੇ ਨਿਭਾਈ।



# ਕਾਂਗਰਸ ਭਾਜਪਾ ਦੇ ਆਗੂਆ ਵਲੋਂ ਅਪਮਾਨਜਨਕ ਜਾਤੀਸੂਚਕ ਸਬਦਾਂ ਨੂੰ ਨਹੀਂ ਸਹਿਣ ਕਰੇਗੀ ਬਸਪਾ - ਜਸਵੀਰ ਸਿੰਘ ਗੜ੍ਹੀ

## ਗਰੀਬ ਸਿੱਖਨ ਦੇ ਸਨਮਾਨ ਵਿੱਚ ਆਸ਼ੀਰਵਾਦ ਯਾਤਰਾ ਮੋਟਰਸਾਈਕਲ ਰੈਲੀ 7 ਅਗਸਤ ਨੂੰ







**ਅੰਮ੍ਰਿਤਸਰ (ਅਗਸਤ 1, 2021)** ਬਹੁਜਨ ਸਮਾਜ ਪਾਰਟੀ ਜਿਲੈਹਾ ਅਮੈਰਿੰਤਸਰ ਅਤੇ ਤਰਨਤਾਰਨ ਦੀ ਸੰਗਠਨ ਸਮੀਖਿਆ ਮੀਟਿੰਗ ਸੂਬਾ ਜਨਰਲ ਸਕੱਤਰ ਮਨਜੀਤ ਸਿੰਘ ਅਟਵਾਲ ਦੀ ਅਗਵਾਈ ਹੇਠ ਹੋਈ, ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸੂਬਾ ਪੈਰਧਾਨ ਸ ਜਸਵੀਰ ਸਿੰਘ ਗੜ੍ਹੀ ਜੀ ਪਹੁੰਚੇ ਅਤੇ ਹਲਕਾਵਾਰ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਸਮੀਖਿਆ ਕੀਤੀ। ਇਸ ਮੌਕੇ ਬਸਪਾ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ ਗੜ੍ਹੀ ਨੇ ਕਿਹਾ ਹੈ ਕਿ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਅਤੇ ਭਾਜਪਾ ਦੇ ਕੇਂਦਰੀ ਮੰਤਰੀ ਸ਼ੈਰੀ ਹਰਦੀਪ ਵਲੋਂ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਸੀਟ ਜੋ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਗਠਬੰਧਨ ਵਿੱਚ ਬਹੁਜਨ ਸਮਾਜ ਪਾਰਟੀ ਦੇ ਹਿੱਸੇ ਵਿੱਚ ਆਈਆਂ ਹਨ ਉਹਨਾਂ ਉਪਰ ਪੰਥਕ- ਗੈਰਪੰਥਕ ਅਤੇ ਪਵਿੱਤਰ- ਅਪਵਿੱਤਰ ਵਰਗੀ ਭਾਸ਼ਾ ਵਰਤਕੇ ਬਹੁਜਨ ਸਮਾਜ ਦੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼ੈਰੇਣੀਆਂ ਦੇ ਲੋਕਾਂ ਨੂੰ ਨੀਚਾ ਦਿਖਾਕੇ ਅਪਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ, ਬਹੁਜਨ ਸਮਾਜ ਦੇ ਲੋਕ ਇਸ ਨੂੰ ਕਦੀ ਵੀ ਮੁਆਫ ਨਹੀਂ ਕਰਨਗੇ। ਉਹਨਾਂ ਕਿਹਾ ਹੈ ਕਿ ਪੰਜਾਬ ਦੀ ਕਾਂਗਰਸ ਪਾਰਟੀ ਅਤੇ ਪੰਜਾਬ ਸਰਕਾਰ ਨੇ ਰਵਨੀਤ ਬਿੱਟੂ ਦੇ ਖਿਲਾਫ ਅਤੇ ਭਾਜਪਾ ਨੇ ਕੇਂਦਰੀ ਮੰਤਰੀ ਹਰਦੀਪ ਪੁਰੀ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਸਗੋਂ ਕਾਂਗਰਸ ਦਲਿਤਾਂ ਨੂੰ ਭਰਮਾਉਣ ਲਈ ਦਲਿਤ ਭਲਾਈ ਬੋਰਡ ਬਣਾਕੇ ਬਜਟ ਵਿੱਚ ਹਿਸਾ ਦੇਣ ਦੇ ਬੇਤੁਕੇ ਬਿਆਨ ਦੇ ਰਹੀ ਹੈ ਕਿਉਂਕਿ ਕਾਂਗਰਸ ਪੰਜ ਬਜਟ ਪੇਸ਼ ਕਰ ਚੁੱਕੀ ਹੈ।

ਇਸ ਲੜੀ ਵਿਚ ਆਪ ਪਾਰਟੀ ਵਲੋਂ ਸੰਵਿਧਾਨ ਵਿਰੋਧੀ ਬਿਆਨ ਆਉਣਾ ਅਤੇ ਉਕਤ ਆਗੂ ਖਿਲਾਫ ਕੋਈ ਕਾਰਵਾਈ ਨਾ ਕਰਨ ਬਾਬਾ ਸਾਹਿਬ ਅੰਬੇਡਕਰ ਅਤੇ ਓਹਨਾ ਦੇ ਕਰੋੜਾਂ ਮੰਨਣ ਵਾਲਿਆ ਦਾ ਅਪਮਾਨ ਹੈ। ਸ ਗੜ੍ਹੀ ਨੇ ਕਿਹਾ ਕਿ ਬਸਪਾ ਗੁਰੂਆਂ ਮਹਾਪੁਰਸ਼ਾਂ ਦੇ ਉਦੇਸ਼ਾਂ ਤੇ ਸੋਚ ਨੂੰ ਲੈਕੇ ਚੱਲਣ ਵਾਲੀ ਪਾਰਟੀ ਹੈ, ਹੋਈ ਅਨੁਸੂਚਿਤ ਜਾਤੀ, ਜਨਜਾਤੀ, ਪਛੜੀਆਂ ਸ਼ੈਰੇਣੀਆਂ, ਤੇ ਗਰੀਬ ਲੋਕਾਂ ਲਈ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੇ ਉਦੇਸ਼ ਲਈ ਲੜ ਰਹੀ ਹੈ ਜਿਸ ਤਹਿਤ ਬਹੁਜਨ ਮਾਜ ਦੇ ਸਨਮਾਨ ਵਿੱਚ ਆਸ਼ੀਰਵਾਦ ਯਾਤਰਾ ਮੋਟਰਸਾਈਕਲ ਰੈਲੀ 7 ਅਗਸਤ ਨੂੰ ਕੱਢੇਗੀ ਜੋ ਭਗਵਾਨ ਵਾਲਮੀਕਿ ਆਸ਼ਰਮ ਤੋ ਸੁਰੂ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਮਾਪਤ ਹੋਵੇਗੀ। ਇਸ ਰੈਲੀ ਦਾ ਉਦੇਸ਼ ਗੁਰੂ ਸਾਹਿਬਾਨਾਂ ਤੋਂ ਅਸ਼ੀਰਵਾਦ ਪੈਰਾਪਤ ਕਰਨਾ ਹੈ ਤਾਂ ਜੋਕਿ ਬਸਪਾ ਗਰੀਬ ਸਿੱਖਨ ਦਾ ਅਪਮਾਨ ਕਰਨ ਲਈ ਕਾਂਗਰਸ ਭਾਜਪਾ ਤੇ ਆਪ ਪਾਰਟੀ ਨੂੰ ਕੁਚਲਣ ਦਾ ਕੰਮ ਕਰ ਸਕੇ। ਬਾਮਸੇਫ ਦੇ ਸਾਬਕਾ ਆਗੂ ਗੁਰਬਖ਼ਸ਼ ਸਿੰਘ ਸ਼ੇਰਗਿੱਲ ਨੂੰ ਪਾਰਲੀਮੈਂਟ ਦਾ ਜੋਨ ਇੰਚਾਰਜ ਨਿਯੁਕਤ ਕੀਤਾ ਗਿਆ।

ਇਸ ਮੌਕੇ ਜੋਸ਼ ਨਾਲ ਲਬਾਲਬ ਬਸਪਾ ਵਰਕਰਾਂ ਦਾ ਇਕੱਠ ਹੋਇਆ ਜੋਕਿ ਆਕਾਸ਼ ਗੂੰਦੇ ਕਾਂਗਰਸ ਵਿਰੋਧੀ ਨਾਹਰੇ ਲਗਾ ਰਹੇ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਜਨਰਲ ਸਕੱਤਰ ਰੋਹਿਤ ਖੋਖਰ, ਜੌਨ ਇੰਚਾਰਜ ਤਾਰਾ ਚੰਦ ਭਗਤ, ਗੁਰਬਖਸ਼ ਮਹੇ, ਬੀਬੀ ਸੁਖਵੰਤਜੀਤ ਕੌਰ ਅਟਾਰੀ, ਸੁਖਦੇਵ ਸਿੰਘ ਭਰੋਵਾਲ, ਕੁਲਵਿੰਦਰ ਸਿੰਘ ਸਹੋਤਾ, ਸਵਿੰਦਰ ਸਿੰਘ ਛੱਜਲਵੱਡੀ, ਤਰਸੇਮ ਸਿੰਘ ਭੋਲਾ, ਸੁਰਜੀਤ ਸਿੰਘ ਅਬਦਾਲ, ਮੁਕੇਸ਼ ਕੁਮਾਰ, ਜਗਦੀਸ਼ ਦੁੱਗਲ, ਸਰਦੂਲ ਸਿੰਘ ਅਦਲੀਵਾਲ , ਇੰ. ਗੁਰਬਖਸ਼ ਸਿੰਘ ਸ਼ੇਰਗਿੱਲ, ਪੈਰਿੰ ਨਰਿੰਦਰ ਸਿੰਘ, ਬਲਵੰਤ ਕਹਿਰਾ, ਸੁਰਜੀਤ ਸਿੰਘ ਭੈਲ, ਰਣਬੀਰ ਸਿੰਘ ਰਾਣਾ, ਇੰ ਅਮਰੀਕ ਸਿੰਘ ਸਿੱਧੂ, ਬਲਜੀਤ ਸਿੰਘ, ਰਤਨ ਸਿੰਘ, ਵੱਸਣ ਸਿੰਘ ਕਾਲਾ, ਹਰਜੀਤ ਸਿੰਘ ਅਬਦਾਲ, ਲਲਿਤ ਗੋਤਮ, ਅਸ਼ਵਨੀ ਸਿਰੰਜਨ ,ਗਿਆਨੀ ਬਲਦੇਵ ਸਿੰਘ, ਬਲਵਿੰਦਰ ਸਿੰਘ ਨੈਥੂ ਪੁਰ, ਵਰਿਆਮ ਸਿੰਘ ਝੰਜੋਟੀ, ਹਰਦੇਵ ਸਿੰਘ ਕੋਟਲੀ, ਰੋਬਿਟ ਮਸੀਹ, ਸੀਤਲ ਸਿੰਘ ਚਾਚੋਵਾਲੀ, ਇੰ ਰਾਮ ਸਿੰਘ, ਸੁਖਦੇਵ ਕੁਮਾਰ, ਜਤਿੰਦਰ ਸਿੰਘ ਕੰਡਾ, ਜਗਜੀਤ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

****

# ਬਸਪਾ ਵਲੋਂ ਫਿਲੌਰ ਵਿਧਾਨ ਸਭਾ ਦੇ ਅਹੁਦੇਦਾਰਾਂ ਦਾ ਐਲਾਨ, ਸ਼ੇਰਪੁਰੀ ਹੋਣਗੇ ਜਿਲਾ ਜਲੰਧਰ ਦੇ ਪ੍ਰਧਾਨ

**ਜਲੰਧਰ (ਅਗਸਤ 2, 2021)** ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪੈਰਧਾਨ, ਸਾਬਕਾ ਮੁੱਖ ਮੰਤਰੀ ਮੰਤਰੀ ਉੱਤਰਪੈਰਦੇਸ਼ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਸੂਬਾ ਇੰਚਾਰਜ ਸ਼ੈਰੀ ਰਣਧੀਰ ਸਿੰਘ ਬੈਣੀਵਾਲ ਤੇ ਸ਼੍ਰੀ ਵਿਪੁਲ ਕੁਮਾਰ ਜੀ ਦੇ ਨਿਰਦੇਸ਼ਾ ਵਿੱਚ ਸੂਬਾ ਪੈਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਅਗਵਾਈ ਵਿੱਚ ਫਿਲੌਰ ਵਿਧਾਨ ਸਭਾ ਸਬੰਧੀ ਹੁਕਮ ਜਾਰੀ ਕੀਤਾ ਗਿਆ ਹੈ ਜਿਸ ਵਿਚ ਕਿ ਬਹੁਜਨ ਸਮਾਜ ਪਾਰਟੀ ਵਲੋਂ ਫਿਲੌਰ ਵਿਧਾਨ ਸਭਾ ਦੇ ਸਾਰੇ ਨਿਵਾਸ ਕਰਨ ਵਾਲੇ ਅਹੁਦੇਦਾਰ ਸਾਹਿਬਾਨਾਂ ਦੇ ਜੋ ਵੀ ਅਹੁਦੇ ਭੰਗ ਹੋਏ ਸਨ, ਉਹਨਾਂ ਸਬੰਧੀ ਤਬਦੀਲੀਆਂ ਕਰਨ ਉਪਰੰਤ ਨਿਮਨਲਿਖਿਤ ਨਿਰਦੇਸ਼ ਜਾਰੀ ਕੀਤੇ ਗਏ ਹਨ-

ਜਲੰਧਰ ਜਿਲਾ ਦਿਹਾਤੀ ਪ੍ਰਧਾਨ :- ਸ਼੍ਰੀ ਜਗਦੀਸ਼ ਸ਼ੇਰਪੁਰੀ, ਵਾਇਸ ਪ੍ਰਧਾਨ:- ਸ਼੍ਰੀ ਜਤਿੰਦਰ ਕੁਮਾਰ ਹੈਪੀ, ਜਨਰਲ ਸਕੱਤਰ :- ਸ਼੍ਰੀ ਸੁਖਵਿੰਦਰ ਬਿੱਟੂ, ਜੋਕਿ ਕਿ ਹਲਕਾ ਇੰਚਾਰਜ ਵੀ ਹੋਣਗੇ। (ਜਿਲੇ ਦੇ ਹੋਰ ਵਿਧਾਨ ਸਭਾਵਾਂ ਦੇ ਬਾਕੀ ਲੱਗੇ ਅਹੁਦੇਦਾਰ



ਪਹਿਲਾਂ ਦੀ ਤਰੈਹਾਂ ਅਹੁਦੇਦਾਰ ਬਣੇ ਰਹਿਣਗੇ) ਵਿਧਾਨ ਸਭਾ ਫਿਲੌਰ ਦਾ ਢਾਂਚਾ ਹੇਠ ਲਿਖੇ ਅਨੁਸਾਰ ਹੋਵੇਗਾ :- ਹਲਕਾ ਇੰਚਾਰਜ :- ਬਾਬੂ ਸੁੰਦਰ ਪਾਲ, ਪ੍ਰਧਾਨ :- ਸ਼੍ਰੀ ਹਰਮੇਸ਼ ਗੜਾ, ਉੱਪ ਪੈਰਧਾਨ: ਬੁੱਧ ਪਰਕਾਸ਼ ਗੜਾ, ਜਨਰਲ ਸਕੱਤਰ- ਸ਼੍ਰੀ ਤਿਲਕ ਰਾਜ ਅੱਪਰਾ, ਖਜਾਨਚੀ:- ਸ਼੍ਰੀ ਜਰਨੈਲ ਸਿੰਘ, ਫਿਲੌਰ ਸ਼ਹਿਰੀ ਪ੍ਰਧਾਨ:- ਸ਼ ਸ੍ਰੀ ਚਰਨਜੀਤ ਵਿੱਕੀ ਫਿਲੌਰ ਵਿਧਾਨ ਸਭਾ ਦਾ ਬਾਕੀ ਢਾਂਚਾ ਨਵੀਂ ਚੁਣੀ ਹੋਈ ਕਮੇਟੀ ਬਣਾਏਗੀ। ਧਿਆਨ ਵਿੱਚ ਆਇਆ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਦੇ ਨਾਮ ਦੀ ਵਰਤੋਂ ਕਰਕੇ ਵਰਕਰਾਂ ਨੂੰ ਗੁਮਰਾਹ ਕਰਕੇ 7 ਅਗਸਤ ਨੂੰ ਕੋਈ ਸੰਮੇਲਨ ਰੱਖਿਆ ਗਿਆ ਹੈ, ਜਿਸਦਾ ਬਹੁਜਨ ਸਮਾਜ ਪਾਰਟੀ ਨਾਲ ਕੋਈ ਸੰਬੰਧ ਨਹੀਂ ਹੈ। ਸਮੂਹ ਬਸਪਾ ਵਰਕਰਾਂ ਨੂੰ ਅਪੀਲ ਹੈ ਕਿ ਪਾਰਟੀ ਦਫਤਰ ਵਲੋਂ ਦਿੱਤੇ ਗਏ ਪੈਰੋਗਰਾਮਾਂ ਨੂੰ ਹੀ ਪਾਰਟੀ ਪ੍ਰੋਗਰਾਮ ਮੰਨਣ। ਇਸਤੋਂ ਇਲਾਵਾ ਕੀਤੇ ਜਾ ਰਹੇ ਪ੍ਰੋਗਰਾਮ ਵਿਰੋਧੀ ਪਾਰਟੀਆਂ ਦੀ ਸਾਜ਼ੈਸ਼ ਹੋ ਸਕਦੀ ਹੈ।

**ਜਾਰੀ ਕਰਤਾ/-**
**ਸੂਬਾ ਦਫਤਰ , ਬਹੁਜਨ ਸਮਾਜ ਪਾਰਟੀ,**
**ਪੰਜਾਬ**

# ਬਹੁਜਨ ਸਮਾਜ ਪਾਰਟੀ ਵਲੋਂ ਜਰੂਰੀ ਨਿਰਦੇਸ਼ ਬਾਬਤ ਵਿਧਾਨ ਸਭਾ ਫਿਲੌਰ

**ਜਲੰਧਰ (ਜੁਲਾਈ 31, 2021)** ਬਹੁਜਨ ਸਮਾਜ ਪਾਰਟੀ ਦੇ ਧਿਆਨ ਵਿੱਚ ਆਇਆ ਹੈ ਕਿ ਵਿਧਾਨ ਸਭਾ ਫਿਲੌਰ ਦੇ ਕੁਝ ਅਹੁਦੇਦਾਰ ਬਸਪਾ ਦੇ ਰਾਸ਼ਟਰੀ ਪੈਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਵਿੱਚ ਵੱਡੀ ਕੁਤਾਹੀ ਕਰਨ ਦੇ ਨਾਲ ਨਾਲ ਸੋਸ਼ਲ ਮੀਡੀਆ ਉਪਰ ਪਾਰਟੀ ਦੇ ਫ਼ੈਸਲਿਆਂ ਨੂੰ ਚੁਣੌਤੀ ਦਿੰਦੇ ਹੋਏ ਪਾਰਟੀ ਵਿਰੋਧੀ ਪ੍ਰੋਗਰਾਮਾਂ ਦਾ ਐਲਾਨ ਕਰ ਰਹੇ ਹਨ। ਹਾਲਾਂਕਿ ਪਿਛਲੇ ਇਕ ਮਹੀਨੇ ਵਿੱਚ ਫਿਲੌਰ ਦੇ ਇਹਨਾ ਅਨੁਸ਼ਾਨਹੀਣਤਾ ਕਰਨ ਵਾਲੇ ਅਗੂਆਂ ਨੂੰ ਸੂਬਾ ਦਫਤਰ ਜਲੰਧਰ ਵਿਖੇ ਸੂਬਾ ਪੈਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਵਲੋਂ, ਸੂਬਾ ਜਨਰਲ ਸਕੱਤਰ ਡਾ. ਨਛੱਤਰਪਾਲ ਜੀ ਵਲੋਂ ਸਮਝਾਕੇ ਪਾਰਟੀ ਸੰਗਠਨ ਵਿੱਚ ਕੰਮ ਕਰਨ ਦੀ ਕੋਸ਼ੈਸ਼ ਕੀਤੀ ਗਈ ਸੀ ਜੋਕਿ ਇਹਨਾ ਅਨੁਸ਼ਾਨ-ਹੀਣਤਾ ਦਿਖਾਉਣ ਵਾਲੇ ਆਗੂਆ ਵਲੋਂ ਨਹੀਂ ਮੰਨੀ ਗਈ। ਜਿਸਦੀ ਪਲ ਪਲ ਦੀ ਸੂਚਨਾ ਸੂਬਾ ਇੰਚਾਰਜ ਸ਼ੈਰੀ ਰਣਧੀਰ ਸਿੰਘ ਬੈਨੀਵਾਲ ਜੀ ਨੂੰ ਦਿੱਤੀ ਗਈ।

ਅੰਤਿਮ ਸਮੇਂ ਤਕ ਹਰ ਸਾਥੀ ਨੂੰ ਨਾਲ ਲੈਕੇ ਚੱਲਣ ਦੀ ਨੀਤੀ ਤਹਿਤ ਬਸਪਾ ਪੰਜਾਬ ਵਲੋਂ ਤਿੰਨ ਮੈਂਬਰੀ ਕਮੇਟੀ ਸੂਬਾ ਜਨਰਲ ਸਕੱਤਰ ਲੋਕ ਸਭਾ ਜਲੰਧਰ ਦੇ ਇੰਚਾਰਜ ਸ਼੍ਰੀ ਗੁਰਮੇਲ ਚੁੰਬਰ ਜੀ, ਸੂਬਾ ਸਕੱਤਰ ਐਡਵੋਕੇਟ ਵਿਜੇ ਬੱਧਣ ਤੇ ਜੋਨ ਇੰਚਾਰਜ ਸ਼ੈਰੀ ਜਗਦੀਸ਼ ਸ਼ੇਰਪੁਰੀ ਜੀ ਵਲੋ ਤਿੰਨ ਵਾਰ ਪਹੁੰਚ ਕਰਕੇ ਸਮਝਾਉਣ ਦੀ ਕੋਸ਼ਿਸ ਕੀਤੀ ਜੋਕਿ ਸਿਰੇ ਨਹੀਂ ਚੜੀ।

ਸੋ ਹਾਲਾਤਾਂ ਦੀ ਮਜਬੂਰੀ ਵਿਚ ਪਾਰਟੀ ਦੇ ਚੰਗੇ ਭਵਿੱਖ ਲਈ ਪਾਰਟੀ ਦੀ ਹਾਈਕਮਾਂਡ ਵੱਲੋਂ ਨਿਰਦੇਸ਼ ਹੈ ਕਿ ਫਿਲੌਰ ਵਿਧਾਨ ਸਭਾ ਦੇ ਹਰ ਔਹਦੇਦਾਰ ਨੂੰ ਅਹੁਦਾ ਮੁਕਤ ਕੀਤਾ ਜਾਂਦਾ ਹੈ। ਅੱਜ ਤੋ ਬਾਅਦ ਅਗਲੇ ਹੁਕਮਾਂ ਤੱਕ ਫਿਲੌਰ ਵਿਧਾਨ ਸਭਾ ਦਾ ਕੋਈ ਵੀ ਆਗੂ ਆਪਣੇ ਨਾਲ ਮੌਜੂਦਾ ਅਹੁਦੇ ਦੀ ਵਰਤੋ ਨਹੀਂ ਕਰਨਗੇ ਭਾਵ ਸਮੁੱਚੀ ਵਿਧਾਨ ਸਭਾ ਦਾ ਅਗਲੇ ਹੁਕਮਾਂ ਤੱਕ ਢਾਂਚਾ ਤੇ ਹਰੇਕ ਆਗੂ ਦਾ ਅਹੁਦਾ ਭੰਗ ਕੀਤਾ ਜਾਂਦਾ ਹੈ।

ਸਹੀ/-
ਸੂਬਾ ਦਫਤਰ
ਬਹੁਜਨ ਸਮਾਜ ਪਾਰਟੀ, ਪੰਜਾਬ

# 2022 'ਚ ਬਣੇਗੀ ਅਕਾਲੀ ਦਲ/ਬਸਪਾ ਗੱਠਜੋੜ ਦੀ ਸਰਕਾਰ- ਡਾ.ਨਛੱਤਰ ਪਾਲ



**ਲਸਾੜਾ/ ਉੜਾਪੜ-** ਸੂਬੇ ਦੀ ਕਾਂਗਰਸ ਸਰਕਾਰ ਦੀਆਂ ਲੋਕ ਮਾਰੀ ਨੀਤਿਆਂ ਤੋਂ ਹਰ ਵਰਗ ਦੁੱਖੀ ਹੈ ਕਿਉਕਿ ਜੋ ਕੈਪਟਨ ਸਾਬ ਨੇ ਵੋਟਾਂ ਤੋਂ ਪਹਿਲਾਂ ਕਿਹਾ ਸੀ ਉਨਾਂ ਸਾਰੇ ਵਾਅਦਿਆਂ ਵਿਚੋਂ ਇੱਕ ਵੀ ਵਾਅਦਾਬ ਪੂਰਾ ਨਹੀਂ ਹੋਇਆ ਜਿਸ ਕਾਰਨ ਅੱਜ ਜਿੰਨੇ ਵੀ ਸਰਕਾਰੀ ਅਦਾਰਿਆਂ ਦੇ ਮੁਲਾਜਮ ਹਨ ਉਹ ਸਾਰੇ ਆਪਣੀਆਂ ਮੰਗਾਂ ਮਨਵਾਉਣ ਲਈ ਰੋਸ,ਧਰਨੇ,ਰੈ.ਲੀਆਂ ਕਰਨ ਲਈ ਮਜਬੂਰ ਹਨ ਤੇ ਉਨਾਂ ਮੁਲਜਾਮਾਂ ਵਲੋਂ ਕੀਤੀਆਂ ਹੜਤਾਲਾਂ ਦਾ ਖਮਿਆਜਾ ਸੂਬੇ ਦੇ ਲੋਕਾ ਨੂੰ ਭੁਗਤਣਾ ਪੈ ਰਿਹਾ ਜਿਸ ਦੀਆਂ ਤਾਜੀਆਂ ਮਿਸਾਲਾਂ ਹਰ ਰੋਜ ਖਬਰਾਂ ਚ ਦੇਖਣ ਨੂੰ ਮਿਲਦੀਆਂ ਹਨ ਤੇ ਕਾਗਰਸ ਸਰਕਾਰ ਨੂੰ ਸੂਬੇ ਵਿਚੋਂ ਸਦਾ ਲਈ ਕੱਢਣ ਲਈ ਸ਼੍ਰੋ. ਅ. ਦਲ ਤੇ ਬਹੁਜਨ ਸਮਾਜ ਪਾਰਟੀ ਦੇ ਅਹੁਦੇਦਾਰ, ਵਰਕਰ ਸਾਹਿਬਾਨ ਦਿਨ ਰਾਤ ਇੱਕ ਕਰ ਰਹੇ ਹਨ ਤਾਂ ਜੋ ਲੋਕਾਂ ਦੇ ਸਹਿਜੋਗ ਨਾਲ 2022ਚ ਅਕਾਲੀ ਦਲ/ਬਸਪਾ ਦੀ ਸਰਕਾਰ ਬਣ ਸਕੇ ਇਨਾਂ ਵਿਚਾਰਾਂ ਪ੍ਰਗਟਾਵਾ ਅਕਾਲੀ/ਬਸਪਾ ਦੇ ਨਵਾਂ ਸ਼ਹਿਰ ਤੋਂ ਸਾਂਝੇ ਉਮੀਦਵਾਰ ਡਾ. ਨਛੱਤਰ ਪਾਲ ਨੇ ਪਿੰਡ ਗੜੀ ਅਜੀਤ ਸਿੰਘ ਵਿਖੇ ਰੂਪ ਲਾਲ ਧੀਰ ਦੇ ਗ੍ਰਹਿ ਵਿਖੇ ਕੀਤੀ ਵਿਸੇਸ਼ ਮੀਟਿੰਗ ਦੋਰਾਨ ਕੀਤਾ ਡਾ ਨਛੱਤਰ ਪਾਲ ਨੇ ਆਖਿਆ ਕਿ ਜਿਹੜੀ ਸਰਕਾਰ ਦਲਿਤ ਸਮਾਜ ਦੇ ਬੱਚਿਆਂ ਦੀ ਸਕਾਲਰਸ਼ਿੱਪ ਦੇ ਕਰੋੜਾਂ ਰੁਪਏ ਖਾ ਗਈ ਉਸ ਸਰਕਾਰ ਤੋਂ ਸੂਬੇ ਵਾਸੀਆਂ ਕੀ ਆਸ ਰੱਖ ਸਕਦੇ ਹਨ ਇਸ ਕਰਕੇ ਇਹ ਕਾਂਗਰਸ ਸਰਕਾਰ ਘਪਲਿਆਂ ਵਾਲੀ ਸਰਕਾਰ ਸਾਬਿਤ ਹੋਈ ਇਸ ਤੇ ਕਰਕੇ ਹੁਣ ਸੂਬੇ ਦੇ ਲੋਕ ਇਨਾਂ ਕਾਂਗਰਸ ਦੀਆਂ ਗੱਲਾਂ ਚ ਨਹੀਂ ਆਉਣਗੇ। ਉਨਾ ਅਪੀਲ ਕੀਤੀ ਕਿ ਜਿੰਨੇ ਵੀ ਸ਼੍ਰੋ.ਅ.ਦਲ ਤੇ ਬਸਪਾ ਦਾ ਉਮੀਦਵਾਰ ਹਨ ਉਨਾਂ ਦਾ ਵੱਧ ਤੋਂ ਵੱਧ ਸਹਿਜੋਗ ਦੇਕੇ ਗੱਠਜੋੜ ਦੀ ਸਰਕਾਰ ਬਣਾਓ ਤੇ ਸੂਬਾ ਫਿਰ ਤਰੱਕੀਆਂ ਕਰੇਗਾ। ਇਸ ਮੋਕੇ ਰੁਪ ਲਾਲ ਧੀਰ, ਮਨੋਹਰ ਕਮਾਮ ਹਲਕਾ ਇੰਚਾਰਜ ਲੋਕ ਸਭਾ, ਸੱਤਪਾਲ ਸਾਹਲੋਂ, ਨੰਬਰਦਾਰ ਰਾਜ ਦਦਰਾਲ, ਸੋਮ ਨਾਥ ਰਟੈਂਡਾ, ਸੁਰਿੰਦਰ ਸੁਮਨ ਗੜ੍ਹਪੜ, ਨਰੇਸ਼ ਕੁਮਾਰ ਉੜਾਪੜ ਆਦਿ ਹਾਜਰ ਸਨ।

**- ਬੱਗਾ ਸੇਲਕੀਆਣਾ**

# ਰਵਿਦਾਸੀਆ ਸਮਾਜ ਦੇ ਲੇਖਕਾਂ ਨੂੰ ਬੇਨਤੀ

ਆਪ ਸਭ ਨੂੰ ਜੈ ਗੁਰੂਦੇਵ ਜੀ, ਧੰਨ ਧੰਨ ਸਤਿਗੁਰੂ ਸ੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਦੇ ਆਸ਼ੀਰਵਾਦ ਨਾਲ ਬੱਲਾਂ ਟੀ. ਵੀ. ਚੈਨਲ ਤੇ ਇਕ ਵਿਸ਼ਵ ਪੱਧਰ ਦਾ ਆਨ ਲਾਈਨ ਕਵੀ ਦਰਬਾਰ ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਰਜਿ. ਪੰਜਾਬ ਦੇ ਮਾਧਿਅਮ ਤੋਂ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਨਾਲ ਸਬੰਧਤ ਕਾਵਿ ਰਚਨਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਕਵੀ ਦਰਬਾਰ ਵਿੱਚ ਭਾਗ ਲੈਣ ਲਈ ਦੇਸ਼ ਵਿਦੇਸ਼ ਦੇ ਕਵੀ ਲੇਖਕਾਂ ਨੂੰ ਹਾਰਦਿਕ ਸੱਦਾ ਹੈ ਅਤੇ ਬੇਨਤੀ ਹੈ ਕਿ ਆਪ ਆਪੋ ਆਪਣੀਆਂ ਦੋ ਦੋ ਰਚਨਾਵਾਂ ਹੇਠ ਲਿਖੇ ਸੰਪਰਕ ਨੰਬਰਾਂ ਤੇ 30 ਅਗਸਤ 2021 ਤੱਕ ਵਟਸਐਪ ਕਰਨ ਦੀ ਕਿਰਪਾਲਤਾ ਕਰੋ ਜੀ। ਕਵੀ ਦਰਬਾਰ ਸਤੰਬਰ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਕਰਵਾਇਆ ਜਾਵੇਗਾ ਜਿਸ ਸਬੰਧੀ ਸਾਰੇ ਕਵੀ ਸੱਜਣਾਂ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਜੀ। ਆਪ ਸਭ ਦੇ ਧੰਨਵਾਦੀ ਹੋਵਾਂਗੇ।

**ਧਰਮ ਦਾਸ 62832 48204,**
**ਸਤ ਪਾਲ ਸਾਹਲੋਂ 98156 55071.**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਵਿਚਾਰ-ਚਰਚਾ 'ਚ ਕੱਢਿਆ ਤੱਤ ਸਮਾਜਕ ਤਬਦੀਲੀ ਦਾ ਮਾਰਗ-ਦਰਸ਼ਕ ਹੈ ਊਧਮ ਸਿੰਘ









**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਨੇ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਕੀਤੀ ਵਿਚਾਰ-ਚਰਚਾ 'ਚ ਭਖ਼ਦੇ ਮੁੱਦਿਆਂ 'ਤੇ ਕੇਂਦਰਤ ਕਰਦਿਆਂ ਕਿਹਾ ਕਿ ਊਧਮ ਸਿੰਘ, ਵਿਅਕਤੀ ਤੋਂ ਬਦਲੇ ਲੈਣ ਦਾ ਨਹੀਂ ਸਗੋਂ ਇਨਕਲਾਬੀ ਸਮਾਜਕ ਤਬਦੀਲੀ ਰਾਹੀਂ ਦੇਸੀ-ਬਦੇਸੀ ਹਰ ਵੰਨਗੀ ਦੇ ਦਾਬੇ, ਲੁੱਟ, ਅਨਿਆ ਤੋਂ ਮੁਕਤ ਆਜ਼ਾਦ, ਖੁਸ਼ਹਾਲ, ਧਰਮ-ਨਿਰਪੱਖ ਅਤੇ ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਦਾ ਮਾਰਗ-ਦਰਸ਼ਕ ਹੈ।

ਵਿਚਾਰ-ਚਰਚਾ ਦਾ ਆਗਾਜ਼ ਖੜ੍ਹੇ ਹੋ ਕੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜ਼ਲੀ ਭੇਟ ਕਰਨ ਨਾਲ ਹੋਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸਾਡੇ ਮੁਲਕ ਅਤੇ ਵਿਸ਼ਵ ਵਿਆਪੀ ਵਰਤਾਰੇ ਨੂੰ ਪ੍ਰਭਾਵਿਤ ਕਰ ਰਹੇ ਕਰੋਨਾ, ਨਵੀਆਂ ਆਰਥਕ ਨੀਤੀਆਂ ਦੀ ਸੰਸਾਰ ਭਰ ਦੇ ਲੋਕਾਂ 'ਤੇ ਪੈ ਰਹੀ ਮਾਰ ਦਰਸਾਉਂਦੀ ਹੈ ਕਿ ਸੰਸਾਰ ਭਰ ਦੇ ਲੋਕਾਂ ਦੀਆਂ ਆਫ਼ਤਾਂ ਦਾ ਜ਼ਿੰਮੇਵਾਰ ਸਾਮਰਾਜੀ ਨਿਜ਼ਾਮ ਹੈ।

ਵਿਜੈ ਬੰਬੇਲੀ ਨੇ ਕਿਹਾ ਕਿ ਊਧਮ ਸਿੰਘ ਦੀ ਇਤਿਹਾਸਕਤਾ ਅਤੇ ਪ੍ਰਸੰਗਕਤਾ ਸਾਨੂੰ ਸਮਾਜਕ ਸਰੋਕਾਰਾਂ ਦੀ ਚੇਤਨਾ ਦਿੰਦੀ ਹੈ। ਊਧਮ ਸਿੰਘ ਦੇ ਸਫ਼ਰ ਦੀਆਂ ਪੈੜਾਂ ਤੋਂ ਸਾਨੂੰ ਰੌਸ਼ਨੀ ਲੈਣ ਦੀ ਲੋੜ ਹੈ।

ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਊਧਮ ਸਿੰਘ ਇਤਿਹਾਸ ਦੀਆਂ ਲੜੀਆਂ ਦਾ ਅਜੇਹਾ ਨਾਇਕ ਹੈ ਜੋ ਸਾਡੇ ਭਵਿੱਖ ਦਾ ਚਮਕਦਾ ਸਿਤਾਰਾ ਹੈ। ਉਹਨਾਂ ਨੇ ਇਤਿਹਾਸਕ ਹਵਾਲਿਆਂ ਨਾਲ ਊਧਮ ਸਿੰਘ ਹੋਣ ਦੇ ਅਰਥ ਬਿਆਨ ਕੀਤੇ।

ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਮੁਹੰਮਦ ਸਿੰਘ ਆਜ਼ਾਦ ਆਪਣਾ ਨਾਮ ਰੱਖਣ ਤੋਂ ਵੀ ਊਧਮ ਸਿੰਘ ਦੀ ਵਿਸ਼ਾਲ ਸੋਚ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ।

ਲਾਇਬਰੇਰੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਵੱਲੋਂ ਵਿਚਾਰ-ਚਰਚਾ 'ਚ ਰੱਖੇ ਮਤੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਗਏ। ਮਤਿਆਂ 'ਚ ਮੰਗ ਕੀਤੀ ਗਈ ਕਿ: ਸ਼ਹੀਦ ਸੋਹਣ ਲਾਲ ਪਾਠਕ ਦੀ ਪੱਟੀ 'ਚ ਬਣੀ ਯਾਦਗਾਰ ਦਾ ਮੁਹਾਂਦਰਾ ਵਿਗਾੜਨਾ ਬੰਦ ਕਰਕੇ ਯਾਦਗਾਰ ਦੀ ਸਾਂਭ-ਸੰਭਾਲ ਕੀਤੀ ਜਾਏ। ਜਲ੍ਹਿਆਂਵਾਲਾ ਬਾਗ਼ ਨੂੰ ਆਮ ਜਨਤਾ ਲਈ ਤੁਰੰਤ ਖੋਲ੍ਹਿਆ ਜਾਏ ਅਤੇ ਉਸਦੀ ਇਤਿਹਾਸਕਤਾ ਦੇ ਮੂਲ ਸਰੂਪ ਨੂੰ ਬਰਕਰਾਰ ਰੱਖਿਆ ਜਾਏ। ਖੇਤੀ ਕਾਨੂੰਨ ਅਤੇ ਕਿਰਤ ਕਾਨੂੰਨਾਂ 'ਚ ਸੋਧਾਂ ਮੂਲੋਂ ਰੱਦ ਕਰਨ ਦੀ ਕਿਸਾਨ ਮਜ਼ਦੂਰ ਅੰਦੋਲਨ ਦੀ ਹੱਕੀ ਮੰਗ ਪ੍ਰਵਾਨ ਕੀਤੀ ਜਾਏ।

ਪੈਗਾਸਿਸ ਜਾਸੂਸੀ ਕਾਂਡ ਦੀ ਨਿੰਦਾ ਕਰਦਿਆਂ ਪ੍ਰੈਸ ਅਤੇ ਹਰ ਵਿਅਕਤੀ ਦੀ ਨਿੱਜੀ ਆਜ਼ਾਦੀ ਦੀ ਜਾਸੂਸੀ ਕਰਨਾ ਬੰਦ ਕਰਨ ਦੀ ਮੰਗ ਕੀਤੀ ਗਈ। ਦੇਸ਼ ਧ੍ਰੋਹ ਦੇ ਬਣਾਏ ਕਾਨੂੰਨ ਖ਼ਤਮ ਕੀਤੇ ਜਾਣ ਕਿਉਂਕਿ ਇਹ ਬਰਤਾਨਵੀ ਰਾਜ ਵੇਲੇ ਦੇ ਕਲੰਕਤ ਕਾਨੂੰਨ ਅੱਜ ਵੀ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਗਲ ਗੂਠਾ ਦੇਣ ਲਈ ਵਰਤੇ ਜਾ ਰਹੇ ਹਨ। ਮੁਲਕ ਭਰ ਦੇ ਬੁੱਧੀਜੀਵੀਆਂ, ਲੇਖਕਾਂ, ਸਾਹਿਤਕਾਰਾਂ, ਕਵੀਆਂ, ਰੰਗ ਕਰ-ਮੀਆਂ ਦੇ ਝੂਠੇ ਕੇਸ ਰੱਦ ਕਰਕੇ ਉਹਨਾਂ ਨੂੰ ਰਿਹਾ ਕੀਤਾ ਜਾਏ। ਨਵੀਂ ਸਿੱਖਿਆ ਨੀਤੀ ਦੇ ਨਾਂਅ ਹੇਠ ਸਿੱਖਿਆ ਦਾ ਨਿੱਜੀਕਰਣ ਬੰਦ ਕੀਤਾ ਜਾਏ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਵਿਚਾਰ-ਚਰਚਾ ਤੇ ਸਮੇਟਵੀਂ ਟਿੱਪਣੀ ਕਰਦਿਆਂ ਕਿਹਾ ਕਿ ਅੱਜ ਦੇ ਵਿਦਿਆਰਥੀਆਂ ਲਈ ਲਾਜ਼ਮੀ ਹੈ ਕਿ ਉਹ ਸਮਾਜਕ ਅਤੇ ਇਤਿਹਾਸਕ ਸਿੱਖਿਆ ਨੂੰ ਅਕਾਦਮਿਕ ਸਲੇਬਸ ਦਾ ਹਿੱਸਾ ਬਣਾ ਕੇ ਚੱਲਣ। ਅਜੋਕੀ ਚੁਣੌਤੀਆਂ ਦੇ ਦੌਰ 'ਚ ਇਹ ਹੋਰ ਵੀ ਜਰੂਰੀ ਹੋ ਗਿਆ ਹੈ।

ਵਿਚਾਰ-ਚਰਚਾ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

ਇਸ ਵਿਚਾਰ-ਚਰਚਾ 'ਚ ਸੋਹਣ ਸਿੰਘ ਜੰਪ ਰੁੜਕਾ ਕਲਾਂ, ਦਰਸ਼ਨ ਸਿੰਘ ਤਾਤਲਾ, ਰਾਜ ਕੁਮਾਰ ਰਾਜਨ ਮਾਹਿਲਪੁਰ, ਪਰਮਾ ਲਾਲ ਕੈਂਥ ਦੇ ਵਿਛੋੜੇ 'ਤੇ ਪਰਿਵਾਰ ਅਤੇ ਸਾਕ ਸਬੰਧੀਆਂ ਨਾਲ ਦੁੱਖ 'ਚ ਸ਼ਰੀਕ ਹੁੰਦਿਆਂ ਸ਼ਰਧਾਂਜ਼ਲੀ ਅਰਪਤ ਕੀਤੀ ਗਈ।

# ਦੇਸ਼ ਭਗਤ ਯਾਦਗਾਰ ਕਮੇਟੀ ਦਾ ਵਫ਼ਦ ਬਾਹਰੋਂ ਪਰਤਿਆ, ਜਲ੍ਹਿਆਂਵਾਲਾ ਬਾਗ਼ ਦੀ ਵਿਰਾਸਤ ਨਾਲ ਛੇੜ ਛਾੜ ਦਾ ਖ਼ਦਸ਼ਾ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਫ਼ਦ ਨੇ ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਅੰਦਰ ਚੱਲ ਰਹੇ ਕੰਮ ਕਾਰ ਦਾ ਜਾਇਜ਼ਾ ਨਾ ਲੈ ਸਕਣ ਅਤੇ ਬਾਗ਼ ਦੇ ਬਾਹਰੋਂ ਹੀ ਵਾਪਸ ਪਰਤਕੇ ਦੇਸ਼ ਭਗਤ ਯਾਦਗਾਰ ਹਾਲ ਦਫ਼ਤਰ ਆਪਣੀ ਰਿਪੋਰਟ ਕਮੇਟੀ ਨਾਲ ਸਾਂਝੀ ਕਰਦਿਆਂ ਦੱਸਿਆ ਕਿ ਜਲ੍ਹਿਆਂਵਾਲਾ ਬਾਗ਼ ਦਾ ਮੁੱਖ ਦਰਵਾਜ਼ਾ ਅੰਦਰੋਂ ਬੰਦ ਕਰਕੇ, ਨਵੀਨੀਕਰਣ ਅਤੇ ਸੁੰਦਰੀਕਰਣ ਦੇ ਨਾਂਅ ਹੇਠ ਕੀ ਕੀਤਾ ਜਾ ਰਿਹਾ ਹੈ, ਇਹ ਕੌਮੀ ਇਤਿਹਾਸਕ ਵਿਰਾਸਤ ਦੇ ਸਭਨਾਂ ਵਾਰਸਾਂ ਲਈ ਗਹਿਰੀ ਘੋਖ-ਪੜਤਾਲ ਅਤੇ ਗੰਭੀਰ ਸਰੋਕਾਰ ਦਾ ਮਾਮਲਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜਲ੍ਹਿਆਂਵਾਲਾ ਬਾਗ਼ ਜਾ ਕੇ ਆਏ ਵਫ਼ਦ ਵਿੱਚ ਸ਼ਾਮਲ ਕਮੇਟੀ ਦੇ ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਸ਼ਾਮਲ ਸਨ। ਵਫ਼ਦ ਨੇ ਕਮੇਟੀ ਨੂੰ ਦੱਸਿਆ ਕਿ ਜਲ੍ਹਿਆਂਵਾਲਾ ਬਾਗ਼ ਦੇ ਇਕੋ-ਇੱਕ ਪ੍ਰਵੇਸ਼ ਦੁਆਰ ਨੂੰ ਅੰਦਰੋਂ ਬੰਦ ਕੀਤਾ ਹੋਇਆ ਹੈ। ਅੰਦਰ ਪੁਲਸ ਗਾਰਦ ਲੱਗੀ ਹੋਈ ਹੈ। ਦਰਵਾਜੇ ਦੀਆਂ ਝੀਖਾਂ ਵਿੱਚੀਂ ਹੀ ਵਫ਼ਦ ਨੇ ਪੁਲਸ ਗਾਰਦ ਨਾਲ ਜਦੋਂ ਗੱਲ ਕੀਤੀ ਤਾਂ ਉਹਨਾਂ ਨੇ ਆਪਣੀ ਮਜ਼ਬੂਰੀ ਜ਼ਾਹਰ ਕਰਦਿਆਂ ਦੱਸਿਆ ਕਿ ਸਾਨੂੰ ਹੁਕਮ ਹੈ ਕਿ ਅਸੀਂ ਦਰਵਾਜ਼ਾ ਖੋਲ੍ਹਕੇ ਕਿਸੇ ਵੀ ਦਰਸ਼ਕ ਜਾਂ ਵਫ਼ਦ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦੇ ਸਕਦੇ।




ਵਫ਼ਦ ਦੇ ਮੰਗ ਕਰਨ 'ਤੇ ਜਲ੍ਹਿਆਂਵਾਲਾ ਬਾਗ਼ ਟ੍ਰਸਟ ਦੇ ਮੁਖੀਏ ਐਸ.ਕੇ. ਮੁਖ਼ਰਜੀ ਦਾ ਜੋ ਟੈਲੀਫੋਨ ਨੰਬਰ ਮਿਲਿਆ, ਉਹ ਵਾਰ-ਵਾਰ ਯਤਨ ਕਰਨ 'ਤੇ ਵੀ ਨਹੀਂ ਲੱਗਾ। ਵਫ਼ਦ ਨੂੰ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਐਸ.ਕੇ.ਮੁਖ਼ਰਜੀ ਕਲਕੱਤੇ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ 'ਚ ਵਫ਼ਦ ਦੀ ਰਿਪੋਰਟ 'ਤੇ ਹੋਈ ਵਿਚਾਰ-ਚਰਚਾ ਉਪਰੰਤ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਖ਼ਦਸ਼ਾ ਪ੍ਰਗਟ ਕੀਤਾ ਹੈ ਕਿ ਜਲ੍ਹਿਆਂਵਾਲਾ ਬਾਗ਼ ਅੰਦਰ ਜਨਤਕ ਦਾਖਲਾ ਰੋਕ ਕੇ ਅੰਦਰੇ-ਅੰਦਰ ਨਵੀਨੀਕਰਣ ਅਤੇ ਸੁੰਦਰੀਕਰਣ ਦੇ ਨਾਂਅ ਹੇਠ ਇਤਿਹਾਸਕ ਵਿਰਾਸਤ ਨਾਲ ਛੇੜਛਾੜ ਕੀਤੀ ਜਾ ਰਹੀ ਹੈ।

ਕਮੇਟੀ ਨੇ ਮੰਗ ਕੀਤੀ ਹੈ ਕਿ ਖ਼ਦਸ਼ੇ ਦੂਰ ਕਰਨ ਲਈ ਜਲ੍ਹਿਆਂਵਾਲਾ ਬਾਗ਼ ਨੂੰ ਆਮ ਜਨਤਾ ਲਈ ਖੋਲ੍ਹਿਆ ਜਾਏ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਜੇਕਰ ਗੋਲੀਆਂ ਦੇ ਨਿਸ਼ਾਨ, ਸ਼ਹੀਦੀ ਖੂਹ, ਦੀਵਾਰਾਂ, ਫਾਇਰਿੰਗ ਸਥਾਨ, ਪ੍ਰਮਾਣਿਕ ਇਤਿਹਾਸ ਨੂੰ ਰੱਦੋ ਬਦਲ ਕਰਕੇ ਜਾਂ ਲਾਈਟ ਐਂਡ ਸਾਊਂਡ ਪ੍ਰੋਗਰਾਮ ਜਰੀਏ ਇਤਿਹਾਸ ਦਾ ਹੁਲੀਆ ਵਿਗਾੜਨ ਦਾ ਯਤਨ ਹੋਇਆ ਤਾਂ ਇਸ ਵਿਰੁੱਧ ਉੱਠਣ ਵਾਲੀ ਆਵਾਜ਼ ਦਾ ਸਰਕਾਰ, ਪ੍ਰਬੰਧਕੀ ਕਮੇਟੀ ਅਤੇ ਪ੍ਰਸਾਸ਼ਨ ਨੂੰ ਸਾਹਮਣਾ ਕਰਨਾ ਪਵੇਗਾ। ਕਮੇਟੀ ਨੇ ਜੋਰਦਾਰ ਮੰਗ ਕੀਤੀ ਹੈ ਕਿ ਬਾਗ਼ ਦੇ ਅੰਦਰ ਦੋ ਸਾਲ ਤੋਂ ਦਾਖ਼ਲਾ ਬੰਦ ਕਰਕੇ ਕੀ ਕੀਤਾ ਜਾ ਰਿਹਾ ਹੈ, ਤੁਰੰਤ ਇਸ ਬਾਰੇ ਕਮੇਟੀ ਅਤੇ ਸਮੂਹ ਲੋਕਾਂ ਨੂੰ ਜਾਣਕਾਰੀ ਜਨਤਕ ਕੀਤੀ ਜਾਏ। ਕਮੇਟੀ ਨੇ ਸੋਹਣ ਲਾਲ ਪਾਠਕ ਪੱਟੀ, ਤਰਨਤਾਰਨ ਦੀ ਸ਼ਹੀਦੀ ਸਮਾਰਕ ਨਾਲ ਛੇੜ-ਛਾੜ ਬੰਦ ਕਰਨ ਦੀ ਵੀ ਮੰਗ ਕੀਤੀ ਹੈ।

# ਦੇਸ਼ ਵਿਚ ਬੇਰੁਜ਼ਗਾਰੀ, ਵਧਦੀਆਂ ਕੀਮਤਾਂ ਅਤੇ ਹੋਰ ਸਮੱਸਿਆਵਾਂ ਨੂੰ ਲੈ ਕੇ ਬਹੁਜਨ ਮਹਾਂਸੈਨਾ ਦੀ ਰੈਲੀ















ਬੀਤੀ 30 ਜੁਲਾਈ ਨੂੰ ਬਹੁਜਨ ਮਹਾਂਸੈਨਾ ਭਾਰਤ ਦੁਆਰਾ ਦੇਸ਼ ਵਿਚ ਮੋਦੀ ਸਰਕਾਰ ਦੁਆਰਾ ਸਰ੍ਹੋਂ ਦਾ ਤੇਲ, ਡੀਜ਼ਲ, ਪੈਟਰੋਲ, ਗੈਸ ਸਿਲੰਡਰ ਆਦਿ ਦੀਆਂ ਵਧਦੀਆਂ ਕੀਮਤਾਂ, ਔਰਤਾਂ ਸ਼ੋਸ਼ਣ, ਦਲਿਤ ਸ਼ੋਸ਼ਦ, ਬੇਰੁਜ਼ਗਾਰੀ ਦੇ ਮੁੱਦਿਆਂ ਨੂੰ ਲੈ ਕੇ ਬਹੁਜਨ ਮਹਾਂਸੈਨਾ ਭਾਰਤ ਦੇ ਲੀਗਰ ਸੈਲ ਦੇ ਆਗਰਾ-ਅਲੀਗੜ੍ਹ ਦੇ ਮੰਡਲ ਪ੍ਰਧਾਨ ਡਾ. ਭਗਵਾਨ ਦਾਸ ਨਿਰਮਲ ਜੀ ਦੀ ਪ੍ਰਧਾਨਗੀ ਵਿਚ ਰਸੂਲਪੁਰ ਸਥਿਤ ਅੰਬੇਡਕਰ ਪਾਰਕ ਤੋਂ ਆਰੰਭ ਕਰਕੇ ਨਾਲਬੰਦ ਚੌਰਾਹਾ, ਘੰਟਾ ਘਰ, ਸੈਂਟਰਲ ਚੌਰਾਹਾ, ਸਦਰ ਬਾਜ਼ਾਰ ਹੁੰਦੇ ਹੋਏ ਜੈਨ ਮੰਦਰ ਸਥਿਤ ਸੁਭਾਸ਼ ਚੌਰਾਹੇ ਤੇ ਪਹੁੰਚੇ ਅਤੇ ਮਹਿੰਗਾਈ ਦਾ ਵਿਰੋਧ ਕੀਤਾ। ਬਹੁਜਨ ਮਹਾਂਸੈਨਾ ਭਾਰਤ ਨੇ ਬੈਲ ਗੱਡੀ ਤੇ ਮੋਟਰ ਸਾਈਕਲ ਰੱਖ ਕੇ ਪੈਟਰੋਲ ਅਤੇ ਡੀਜ਼ਲ ਦਾ ਵਿਰੋਧ ਕੀਤਾ। ਬਹੁਜਨ ਮਹਾਂਸੈਨਾ ਭਾਰਤ ਦੇ ਜ਼ਿਲ੍ਹਾ ਪ੍ਰਧਾਨ ਯੋਗੇਂਦਰ ਕੁਮਾਰ ਸਾਗਰ ਨੇ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਖਾਣ ਵਾਲੇ ਤੇਲ, ਡੀਜ਼ਲ, ਪੈਟਰੋਲ ਆਦਿ ਦੀਆਂ ਜਿਸ ਤਰ੍ਹਾਂ ਕੀਮਤਾਂ ਵਧਾਈਆਂ ਹਨ, ਉਸ ਤਰ੍ਹਾਂ ਮੁਲਕ ਦੀ ਆਮ ਜਨਤਾ ਮਹਿੰਗਾਈ ਤੋਂ ਪ੍ਰੇਸ਼ਾਨ ਹੈ। ਬਹੁਜਨ ਮਹਾਂਸੈਨਾ ਭਾਰਤ ਦੇ ਮੰਡਲ ਮੁਖੀ ਡਾ. ਭਗਵਾਨ ਦਾਸ ਐਡ-ਵੋਕੇਟ ਨੇ ਕਿਹਾ ਕਿ ਦੇਸ਼ ਦੀ ਆਮ ਜਨਤਾ ਨੂੰ ਭਾਜਪਾ ਦੇ ਅੱ-ਤਿਆਚਾਰ ਤੋਂ ਮੁਕਤ ਕਰਾਉਣ ਲਈ ਬਹੁਜਨ ਮਹਾਂਸੈਨਾ ਦੇ ਕੌਮੀ ਪ੍ਰਧਾਨ ਵਿਵੇਕ ਚੌਧਰੀ ਪੂਰੇ ਉਤਰ ਪ੍ਰਦੇਸ਼ ਵਿਚ ਪ੍ਰਦਰਸ਼ਨ ਕਰ ਰਹੇ ਹਨ।

ਇਹਨਾਂ ਪ੍ਰਦਰਸ਼ਨਾਂ ਵਿਚ ਬਹੁਜਨ ਮਹਾਂਸੈਨਾਂ ਦੀ ਵਰਕਰ ਕਿਰਨ ਕੁਮਾਰੀ ਨੇ ਕਿਹਾ ਕਿ ਅੱਜ ਸਕੂਲ ਬੰਦ ਪਏ ਹਨ ਅਤੇ ਦਾਰੂ ਦੇ ਠੇਕੇ ਚਾਲੂ ਹਨ, ਜਿਸ ਕਰਕੇ ਵਿਦਿਆਰਥੀਆਂ ਦਾ ਭਵਿੱਖ ਖਰਾਬ ਹੋ ਰਿਹਾ ਹੈ। ਪ੍ਰਦਰਸ਼ਨ ਵਿਚ ਆਇ. ਸ੍ਰੀਮਤੀ ਅਲਪਨਾ ਨੇ ਗੈਸ ਸਿਲੰਡਰ ਦੀਆਂ ਵਧ-ਦੀਆਂ ਕੀਮਤਾਂ 'ਤੇ ਚਿੰਤਾ ਪ੍ਰਗਟਾਈ। ਇਹਨਾਂ ਪ੍ਰਦਰਸ਼ਨਾਂ ਵਿਚ ਜ਼ਿਲ੍ਹਾ ਪ੍ਰਧਾਨ ਯੋਗੇਂਦਰ ਕੁਮਾਰ ਸਾਗਰ, ਮਹਾਂਨਗਰ ਪ੍ਰਧਾਨ ਕਰਨ ਸਾਰਵਾਨ, ਕਾਰਤਿਕ, 70 ਸਾਲਾ ਦਾਦੀ ਸ੍ਰੀਮਤੀ ਸ਼ੀਲਾ ਦੇਵੀ, ਸ੍ਰੀਮਤੀ ਅਲਪਨਾ, ਸ੍ਰੀਮਤੀ ਅੰਜਨਾ ਦੇਵੀ, ਸ੍ਰੀਮਤੀ ਪੂਜਾ ਦੇਵੀ, ਕਿਰਨ ਕੁਮਾਰੀ, ਮੰਜੂ ਦੇਵੀ, ਸੁਨੀਤਾ ਦੇਵੀ, ਨੇਨਹੀ, ਵਿਨੋਦ ਵਾਲਮੀਕ, ਰਜਨੀ ਦੇਵੀ, ਸੰਜੂ ਵਾਲਮੀਕ, ਸਾਬਕਾ ਜ਼ਿਲ੍ਹਾ ਪ੍ਰਧਾਨ ਸੁਨੀਲ ਵਾਲਮੀਕ, ਰਿਤਿਕ ਵਾਲਮੀਕ, ਮਟਸੈਨਾ ਤੋਂ ਸ੍ਰੀਨਿਵਾਸ, ਅਭਿਸ਼ੇਕ, ਮਨੋਜ ਵਾਲਮੀਕ ਮਹਿਲਾਈ, ਰਾਮਕਿਸ਼ੋਰ, ਵਿਕਰਮ ਕੁਮਾਰ, ਮੀਨਾ ਦੇਵੀ, ਬੀਡੀਸੀ ਸੁਭਾਸ਼ ਵਾਲਮੀਕ ਆਦਿ ਹਾਜ਼ਰ ਸਨ। **ਰਿਪੋਰਟ- ਵਿਵੇਕ ਚੌਧਰੀ**

# ਕੈਨੇਡਾ ਵਿਖੇ ਹੋਈ ਛੇਵੀਂ ਵਿਸ਼ਵ ਪੰਜਾਬੀ ਕਾਨਫਰੰਸ ਨੇ ਕਿਸਾਨੀ ਮੋਰਚੇ ਦੀ ਸਫਲਤਾ ਲਈ ਕੀਤਾ ਮਤਾ







ਕਲਮ ਫਾਊਂਡੇਸ਼ਨ ਕੈਨੇਡਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਛੇਵੀਂ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਅਤੇ ਪੰਜਾਬੀਅਤ ਦੇ ਝੰਡੇ ਬੁਲੰਦ ਕਰਦਿਆਂ ਪਿਛਲੇ ਅੱਠ ਮਹੀਨਿਆਂ ਤੋਂ ਦਿੱਲੀ ਵਿਖੇ ਧਰਨੇ ’ਤੇ ਬੈਠੇ ਕਿਸਾਨਾਂ ਦੇ ਮਸਲੇ ਪਹਿਲੇ ਦੇ ਅਧਾਰ ‘ਤੇ ਹੱਲ ਕਰਨ ਦੀ ਭਾਰਤ ਸਰਕਾਰ ਤੋਂ ਮੰਗ ਦੇ ਮਤੇ ਰਾਹੀਂ ਸੰਪੰਨ ਹੋਈ। ਇਸ ਕਾਨਫਰੰਸ ਵਿਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਸਿੱਖਿਆ ਮੰਤਰੀ, ਪੰਜ ਯੂਨੀਵਰਸਿਟੀਆਂ ਦੇ ਉਪਕੁਲਪਤੀ ਅਤੇ ਸੈਂਕੜੇ ਵਿਦਵਾਨਾਂ ਨੇ ਆਨਲਾਈਨ ਸ਼ਿਰਕਤ ਕੀਤੀ। ਕਾਨਫਰੰਸ ਦੀ ਸ਼ੁਰੂਆਤ ਪ੍ਰੋ. ਅਰਸ਼ਪ੍ਰੀਤ ਸਿੰਘ ਰਿਦਮ ਦੇ ਜਥੇ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ। ਵਿਸ਼ਵ ਪੰਜਾਬੀ ਕਾਨਫਰੰਸ ਦੇ ਸਕੱਤਰ ਸੁਖਵਿੰਦਰ ਸਿੰਘ ਸੰਧੂ ਨੇ 2009 ਵਿਚ ਪੰਜਾਬੀ ਕਾਨਫਰੰਸ ਤੋਂ ਲੈ ਕੇ ਅੱਜ ਤੀਕ ਦੀ ਕਾਰਗੁਜ਼ਾਰੀ ਬਾਰੇ ਚਾਨਣਾ ਪਾਇਆ। ਕਾਨਫਰੰਸ ਦੇ ਬਾਨੀ ਡਾ. ਦਰਸ਼ਨ ਸਿੰਘ ਬੈਂਸ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਇਕ ਡਾਕੂਮੈਂਟਰੀ ਵੀ ਦਿਖਾਈ ਗਈ। ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਸੰਦੇਸ਼ ਰਾਹੀਂ ਕਾਨਫਰੰਸ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਨੇ ਕਾਨਫਰੰਸ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੋਰੋਨਾ ਮਹਾਂਮਾਰੀ ਦੌਰਾਨ ਵੀ ਆਪਣੇ ਵਿਰਸੇ ’ਤੇ ਮਾਣ ਕਰਨਾ, ਪੰਜਾਬ ਅਤੇ ਪੰਜਾਬੀਅਤ ਦੇ ਉੱਜਲੇ ਭਵਿੱਖ ਬਾਰੇ ਸੋਚਣਾ ਸੁਹਿਰਦ ਲੋਕਾਂ ਦਾ ਕੰਮ ਹੈ। ਸਰਪ੍ਰਸਤ ਬੀਬੀ ਕੰਵਲਜੀਤ ਕੌਰ ਨੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਮਨੋਰਥ ਦੱਸਦਿਆਂ ਕਿਹਾ ਕਿ ਕਲਮ ਫਾਊਂਡੇਸ਼ਨ ਸਵ: ਦਰਸ਼ਨ ਸਿੰਘ ਬੈਂਸ ਵੱਲੋਂ ਲਗਾਏ ਬੂਟੇ ਨੂੰ ਹਰਿਆ-ਭਰਿਆ ਰੱਖੇਗੀ। ਚੇਅਰਮੇਨ ਭੁਪਿੰਦਰ ਸਿੰਘ ਬਾਜਵਾ ਨੇ ਸਭ ਨੂੰ ਜੀ-ਆਇਆਂ ਕਿਹਾ। ਪਾਕਿਸਤਾਨੀ ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਇਮਰਾਨ ਮਸੂਦ ਦਾ ਸੰਦੇਸ਼ ਵੀ ਪੜ੍ਹਿਆ ਗਿਆ। ਡਾ. ਰਵੇਲ ਸਿੰਘ ਦਿੱਲੀ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਪੰਜਾਬੀ ਭਾਸ਼ਾ ਨੂੰ ਸਮਕਾਲੀ ਚੁਣੌਤੀਆਂ ਬਾਰੇ ਦੱਸਿਆ। ਇਸ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਪੰਜਾਬੀ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਅਰਵਿੰਦ ਢਿੱਲੋਂ ਪੰਜਾਬੀ ਦੇ ਵਿਕਾਸ ਲਈ ਭਵਿੱਖਮਈ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਆਪਣਾ ਯੋਗਦਾਨ ਪਾਉਣ ਦਾ ਭੋਰਸਾ ਦਿੱਤਾ। ਇਸ ਸੈਸ਼ਨ ਵਿਚ ਪਾਕਿਸਤਾਨੀ ਪੰਜਾਬ ਦੇ ਗਵਰਨਰ ਸ੍ਰੀ ਮੁਹੰਮਦ ਸਰਵਰ ਜੀ, ਬਾਬਾ ਬਲਜੀਤ ਸਿੰਘ ਦਾਦੂਵਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨਨਕਾਣਾ ਸਾਹਿਬ ਦੇ ਉਪਕੁਲਪਤੀ ਡਾ. ਅਸਗਰ ਯਾਈਦੀ, ਨਾਰੋਵਾਲ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਤਾਰੀਕ ਮਹਿਮੂਦ ਨੇ ਵੀ ਸੰਬੋਧਨ ਕੀਤਾ।

ਪਹਿਲਾ ਸੈਸ਼ਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਬਾਣੀ ਅਤੇ ਸ਼ਹਾਦਤ ਵਿਸ਼ੇ ’ਤੇ ਰੱਖਿਆ ਗਿਆ, ਜਿਸ ਦੀ ਆਰੰਭਤਾ ਡਾ. ਪਰਮਜੀਤ ਸਿੰਘ ਸਰੋਆ ਵੱਲੋਂ ਕੀਤੀ ਗਈ। ਇਸ ਸੈਸ਼ਨ ਵਿਚ ਅਮਰੀਕਾ ਤੋਂ ਡਾ. ਗੁਰਿੰਦਰ ਸਿੰਘ ਮਾਨ, ਡਾ. ਗੁਰਨਾਮ ਕੌਰ ਕੈਨੇਡਾ, ਡਾ. ਨਾਬੀਲਾ ਰਹਿਮਾਨ ਲਾਹੌਰ, ਡਾ. ਜਸਬੀਰ ਕੌਰ ਪਟਿਆਲਾ ਅਤੇ ਡਾ. ਬਲਜਿੰਦਰ ਕੌਰ ਮੁਕਤਸਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਖੋਜ ਭਰਪੂਰ ਪਰਚੇ ਪੜ੍ਹੇ। ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰਸਿੱਧ ਵਿਦਵਾਨ ਡਾ. ਬਲਕਾਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਪਟਿਆਲਾ ਵੱਲੋਂ ਕੀਤੀ ਗਈ। ਵਿਸ਼ੇਸ਼ ਮਹਿਮਾਨ ਵਜੋਂ ਰਮੇਸ਼ ਸਿੰਘ ਅਰੋੜਾ ਨੇ ਸ਼ਮੂਲੀਅਤ ਕੀਤੀ। ਡਾ. ਗੁਰਵੀਰ ਸਿੰਘ ਨੇ ਧੰਨਵਾਦ ਕੀਤਾ। ਦੂਸਰੇ ਸੈਸ਼ਨ ਦੀ ਆਰੰਭਤਾ ਪਰਮਜੀਤ ਕੌਰ ਦਿਉਲ ਨੇ ਕੀਤੀ। ਮਾਂ ਬੋਲੀ, ਪੰਜਾਬੀ ਭਾਸ਼ਾ ਅਤੇ ਪੱਤਰਕਾਰੀ ਵਿਸ਼ੇ ’ਤੇ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਡਾ. ਮੁਦਸਰ ਇਕਬਾਲ ਨੇ ਸਾਡੇ ਸਮਾਜ, ਜੀਵਨ ਅਤੇ ਪਰਿਵਾਰ ਵਿਚ ਮਾਂ ਬੋਲੀ ਦੀ ਅਹਿਮੀਅਤ ਬਾਰੇ ਚਾਨਣਾ ਪਾਇਆ। ਇਸ ਸੈਸ਼ਨ ਵਿਚ ਮਾਂ ਬੋਲੀ ਅਤੇ ਪੰਜਾਬੀ ਭਾਸ਼ਾ ਬਾਰੇ ਪਾਕਿਸਤਾਨ ਦੇ ਪ੍ਰਸਿੱਧ




ਪੱਤਰਕਾਰ ਮਹੀਦ ਉਲਾ ਭੱਟੀ ਨੇ ਪਰਚਾ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਪੰਜਾਬੀ ਪੱਤਰਕਾਰੀ ਦੀਆਂ ਪ੍ਰਾਪਤੀਆਂ, ਚੁਣੌਤੀਆਂ ਅਤੇ ਸੰਭਾਵਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਹਰਜਿੰਦਰ ਸਿੰਘ ਵਾਲੀਆ ਨੇ ਵੀ ਪੰਜਾਬੀ ਪੱਤਰਕਾਰੀ ਬਾਰੇ ਖੋਜ ਭਰਪੂਰ ਜਾਣਕਾਰੀ ਦਿੱਤੀ। ਚੱਲੀ ਵਿਚਾਰ ਚਰਚਾ ਵਿਚ ਡਾ. ਦਲਬੀਰ ਸਿੰਘ ਪੰਨੂ ਅਮਰੀਕਾ, ਕਲਿਆਣ ਸਿੰਘ ਪਾਕਿਸਤਾਨ ਨੇ ਵੀ ਭਾਗ ਲਿਆ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਹਰਜੋਧ ਸਿੰਘ ਪਟਿਆਲਾ ਵੱਲੋਂ ਕੀਤੀ ਗਈ। ਡਾ. ਅਮਰਜੀਤ ਕੌਰ ਪੰਛੀ ਅਤੇ ਪਰਮਜੀਤ ਸਿੰਘ ਗਿੱਲ ਨੇ ਸਭ ਦਾ ਧੰਨਵਾਦ ਕੀਤਾ।

ਕਾਨਫਰੰਸ ਦੇ ਤੀਸਰੇ ਸੈਸ਼ਨ ਪੰਜਾਬੀ ਸਾਹਿਤ ਦਿਸ਼ਾ ਅਤੇ ਦਸ਼ਾ ਦੀ ਆਰੰਭਤਾ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਅਤੇ ਪਿਆਰ ਸਿੰਘ ਕੁੱਦੋਵਾਲ ਨੇ ਆਰੰਭਕ ਸ਼ਬਦਾਂ ਰਾਹੀਂ ਕੀਤੀ। ਇਸ ਸੈਸ਼ਨ ਵਿਚ ਬਤੌਰ ਮੁੱਖ ਮਹਿਮਾਨ ਸੁਖੀ ਬਾਠ ਕੈਨੇਡਾ ਸ਼ਾਮਲ ਹੋਏ ਅਤੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਪੰਜਾਬੀ ਭਵਨ ਕੈਨੇਡਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਵੀ ਆਪਣੇ ਪਿਛੋਕੜ ਅਤੇ ਵਿਸ਼ੇ ਨਾਲ ਦਿਲੋਂ ਜੁੜੇ ਹੋਏ ਹਨ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਐਸ.ਪੀ. ਸਿੰਘ ਸਾਬਕਾ ਉਪਕੁਲਪਤੀ ਗੁਰੂ ਨਾਨਕ ਦੇਵ ਯੂਨਵਰਸਿਟੀ ਅੰਮ੍ਰਿਤਸਰ ਨੇ ਕੀਤੀ। ਇਸ ਸੈਸ਼ਨ ਵਿਚ ਡਾ. ਰਮਨਪ੍ਰੀਤ ਕੌਰ ਚੰਡੀਗੜ੍ਹ, ਡਾ. ਅਮਰਜੀਤ ਸਿੰਘ ਟਾਂਡਾ, ਮਨਦੀਪ ਸਿੰਘ ਖੁਰਮੀ, ਡਾ. ਦਲਜਿੰਦਰ ਸਿੰਘ ਰਹਿਲ, ਡਾ. ਪ੍ਰਵੀਨ ਕੁਮਾਰ, ਡਾ. ਅਹਿਸਨ ਬਾਜਵਾ ਅਤੇ ਸੋਨੀਆਂ ਅੱਲਾਰੱਖਾ ਨੇ ਕ੍ਰਮਵਾਰ ਉੱਤਰੀ ਅਮਰੀਕਾ, ਆਸਟ੍ਰੇਲੀਆ, ਇੰਗਲੈਂਡ, ਯੂਰਪ, ਭਾਰਤ ਅਤੇ ਪਾਕਿਸਤਾਨ ਵਿਚ ਰਚੇ ਪੰਜਾਬੀ ਸਾਹਿਤ ਦੀ ਵਰਤਮਾਨ ਦਿਸ਼ਾ ਅਤੇ ਦਸ਼ਾ ਬਾਰੇ ਖੋਜ ਭਰਪੂਰ ਸਮੀਖਿਆ ਕਰਦਿਆਂ ਹੋਰ ਮਿਆਰੀ ਸਾਹਿਤ ਰਚਣ ਦੀ ਗੱਲ ਕੀਤੀ।

ਕਾਨਫਰੰਸ ਦੀ ਸਮਾਪਤੀ ਪੰਜਾਬੀ ਦੇ ਪ੍ਰਸਾਰ ਲਈ ਕੀਤੇ ਅਹਿਮ ਮਤਿਆ ਰਾਹੀਂ ਕੀਤੀ ਗਈ। ਕਾਨਫਰੰਸ ਵਿਚ ਪਹਿਲੇ ਮਤੇ ਰਾਹੀਂ ਪੰਜਾਬ, ਹਰਿਆਣਾ, ਹਿਮਾਚਲ, ਰਾਜਿਸਥਾਨ, ਦਿੱਲੀ ਅਤੇ ਜੰਮੂ ਕਸ਼ਮੀਰ ਦੀਆਂ ਸਰਕਾਰਾਂ ਦੇ ਨਾਲ ਪਾਕਿਸਤਾਨ ਵਿਚਲੀ ਪੰਜਾਬ ਸਰਕਾਰ ਨੂੰ ਸਾਰੇ ਸਕੂਲਾਂ ਵਿਚ ਪੰਜਾਬੀ ਵਿਸ਼ੇਸ਼ ਵਿਸ਼ੇ ਵਜੋਂ ਪੜ੍ਹਾਉਣ ਲਈ ਕਿਹਾ ਗਿਆ। ਦੂਸਰੇ ਮਤੇ ਰਾਹੀਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਸਮੇਤ ਬਾਰ੍ਹਵੀਂ ਤੱਕ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਕੀਤੇ ਜਾਵੇ ਅਤੇ ਅਦਾਰਿਆਂ ਵਿਚ ਪੰਜਾਬੀ ਪੜ੍ਹੇ ਵਿਦਿਆਰਥੀਆਂ ਨੂੰ ਪਹਿਲ ਦੇ ਅਧਾਰ ’ਤੇ ਨੌਕਰੀਆਂ ਦਿੱਤੀਆਂ ਜਾਣ।

ਤੀਜੇ ਮਤੇ ਰਾਹੀਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਪਿਛਲੇ ਅੱਠ ਮਹੀਨਿਆਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ ’ਤੇ ਬੈਠੇ ਕਿਸਾਨਾਂ ਦੇ ਮਸਲੇ ਪਹਿਲ ਦੇ ਅਧਾਰ ਪੁਰ ਹੱਲ ਕੀਤੇ ਜਾਣ।

ਚੌਥੇ ਮਤੇ ਰਾਹੀਂ ਕਲਮ ਫਾਊਂਡੇਸ਼ਨ ਵੱਲੋਂ ਹਰ ਸਾਲ ਪੰਜਾਬੀ ਦੇ ਦੋ ਵੱਡੇ ਵਿਦਵਾਨਾਂ ਨੂੰ ਜਿਨ੍ਹਾਂ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਪਾਏ ਉੱਘੇ ਯੋਗਦਾਨ ਲਈ ਸਨਮਾਨ ਕੀਤਾ ਜਾਇਆ ਕਰੇਗਾ। ਪੰਜਵੇਂ ਮਤੇ ਰਾਹੀਂ ਸੱਤਵੀਂ ਵਿਸ਼ਵ ਪੰਜਾਬੀ ਕਾਨਫਰੰਸ 24 ਤੋਂ 26 ਜੂਨ 2022 ਨੂੰ ਟਰਾਂਟੋ ਵਿਖੇ ਕਰਵਾਉਣ ਦਾ ਵੀ ਐਲਾਨ ਕੀਤਾ ਗਿਆ।

ਕਾਨਫਰੰਸ ਦੀ ਸਮਾਪਤੀ ਤੋਂ ਪਹਿਲਾਂ ਕਵੀ ਦਰਬਾਰ ਕਰਵਾਇਆ ਗਿਆ। ਇਸ ਦੀ ਆਰੰਭਤਾ ਮੌਕੇ ਬੋਲਦਿਆਂ ਪਦਮ ਸ੍ਰੀ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਕਾਨਫਰੰਸ ਦੇ ਪ੍ਰਬੰਧਕ ਲੰਮੇ ਸਮੇਂ ਤੋਂ ਮਾਂ ਬੋਲੀ ਪੰਜਾਬੀਅਤ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ, ਉਹ ਇਤਿਹਾਸ ਦੇ ਪੰਨਿਆਂ ’ਤੇ ਸੁਨਹਿਰੀ ਅੱਖਰਾਂ ਵਿਚ ਦਰਜ਼ ਰਹੇਗਾ। ਮੁੱਖ ਮਹਿਮਾਨ ਵਜੋਂ ਤਾਹਿਰਾ ਸਰਾ ਅਤੇ ਵਿਸ਼ਵ ਪ੍ਰਸਿੱਧ ਕਵੀ ਬਾਬਾ ਨਜ਼ਮੀ ਨੇ ਸੇਵਾ ਨਿਭਾਈ। ਕਵੀ ਸੰਮੇਲਨ ਦੀ ਪ੍ਰਧਾਨਗੀ ਡਾ. ਵਨੀਤਾ ਦਿੱਲੀ ਯੂਨੀਵਰਸਿਟੀ ਨੇ ਕੀਤੀ। ਕਵੀ ਸੰਮੇਲਨ ਵਿਚ ਕਸ਼ਮੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਰਬਜੀਤ ਕੌਰ ਜੱਸ, ਡਾ. ਰਵਿੰਦਰ ਬਟਾਲਾ, ਅਨੂ ਬਾਲਾ, ਸਰਵਨਜੀਤ ਸਵੀ, ਰਮਨ ਵਿਰਕ, ਕਰਨੈਲ ਸਿੰਘ ਸ਼ੇਰਗਿੱਲ, ਕੁਲਵਿੰਦਰ, ਹਰਭਜਨ ਸਿੰਘ, ਰਣਜੀਤ ਕੌਰ, ਅਜ਼ੀਮ ਸ਼ੇਖਰ, ਜਸਪ੍ਰੀਤ ਕੌਰ ਫਲਕ, ਪ੍ਰਮਿੰਦਰ ਸੋਢੀ ਜਪਾਨ, ਸੁਰਿੰਦਰ ਧੰਜਲ, ਮਹਿੰਦਰ ਪ੍ਰਤਾਪ, ਬਲਵੀਰ ਕੌਰ ਸੰਘੇੜਾ, ਅਮਰ ਜਯੋਤੀ, ਹਰਚਰਨ ਸਿੰਘ, ਚੇਤ ਰਾਮ ਫ਼ਾਜ਼ਿਲਕਾ, ਕਵੈਤ, ਬਦਰ ਸੇਮਾਬ, ਸੁਮਨ ਮੋਦਗਿੱਲ, ਸਲੀਮ ਪਾਸਾ, ਭਪਿੰਦਰ ਕੌਰ ਪ੍ਰੀਤ, ਦਵਿੰਦਰ ਸ਼ਰਮਾ, ਅਵਤਾਰ ਸਿੱਧੂ, ਵਿਸ਼ਾਲ ਬਿਆਸ, ਅਸਗਰ ਪਹਿਲਵਾਨ, ਪਿਆਰਾ ਸਿੰਘ ਕੁਦੋਵਾਲ, ਮਨਧੀਰ ਕੌਰ, ਅਮਰ ਸਿੰਘ ਪੰਛੀ, ਪ੍ਰੋ. ਬਲਵਿੰਦਰ ਕੌਰ, ਰਾਜਭਿੰਦਰ ਸਿੰਘ ਬਦੇਸਾ, ਲਖਵਿੰਦਰ ਸਿੰਘ, ਜ਼ਮੀਰ ਅਲੀ ਜ਼ਮੀਰ, ਪ੍ਰਮਿੰਦਰ ਕੌਰ ਬਡਿਆਲ, ਇੰਦਰਜੀਤ ਸਿੰਘ ਬੁੱਟਰ, ਦਰਸ਼ਨ ਬੁਲੰਦਵੀ, ਨਿਰਮਲ ਜਸਵਾਲ, ਬਿੰਦੂ ਬਠਾਰੂ, ਡਾ. ਤਿਲਕ ਰਾਜ, ਭੁੱਲਰ ਸਾਬ, ਸੁੰਦਰਪਾਲ ਰਾਜਾਸਾਂਸੀ, ਡਾ. ਰਤਨ ਸਿੰਘ ਢਿੱਲੋਂ, ਸਤਵੰਤ ਕੌਰ, ਮਨਪ੍ਰੀਤ ਸਿੱਧੂ, ਹਰਦੀਪ ਕੌਰ, ਗੁਰਪ੍ਰੀਤ ਸਿੰਘ, ਡਾ. ਐਨ.ਪੀ. ਸਿੰਘ, ਡਾ. ਰਵਿੰਦਰ ਸਿੰਘ ਬਟਾਲਾ, ਬਲਬਹਾਦੁਰ ਸਿੰਘ, ਨਿਰਮਲਾ ਨਾਗਪਾਲ, ਇੰਦਰਪ੍ਰੀਤ ਸਿੰਘ, ਇੰਦਰਜੀਤ ਕੌਰ, ਡਾ. ਹਰਜਿੰਦਰ ਕੌਰ, ਕੁਲਵਿੰਦਰ ਪਲਾਹੀ, ਡਾ. ਨਰਿੰਦਰਜੀਤ ਕੌਰ, ਗਿਆਨੀ ਸਿੰਘ, ਮਨਜੀਤ ਸੇਖੋਂ, ਮੋਹਿੰਦਰ ਪ੍ਰਤਾਪ, ਰੁਪਿੰਦਰਪਾਲ ਸਿੰਘ, ਬਦਰ ਸਮੀਪ ਕੁਵੈਤ, ਡਾ. ਰਮੇਸ਼ ਕੁਮਾਰ, ਅਹਿਮਦ ਨਾਈਮ ਅਰਸ਼ਦ, ਕਮਲ ਮੋਦੀ, ਸੋਨੀਆ ਅੱਲਾਰਖਾ, ਡਾ. ਰਮਨਪ੍ਰੀਤ ਸਿੰਘ, ਅਮੀਤੇਸ਼ਵਰ ਸਿੰਘ, ਡਾ. ਵਿਕਰਮਜੀਤ ਲਾਡੀ, ਆਵੈਸ਼ ਰਾਜਾ ਨਿਯੂਯਾਰਕ, ਭੁਪਿੰਦਰ ਕੌਰ ਪ੍ਰੀਤ, ਵਿਸ਼ਾਲ ਬਿਆਸ, ਰਮਨ ਵਿਰਕ, ਵਾਡਰਾ ਸਹਿਜ਼ਾਦੀ, ਮਾਰੀਆ ਤਾਹਿਰ, ਸੇਹਰਿਸ਼ ਇਫਤਖਾਰ, ਡਾ. ਬਲਵਿੰਦਰ ਕੌਰ ਖਹਿਰਾ, ਦਿਲਾਵਰ ਸਿੰਘ, ਗੁਰਦੀਸ਼ ਕੌਰ ਗਰੇਵਾਲ, ਆਜ਼ਮ ਮਲਿਕ, ਗੁਰਮੀਤ ਸਿੰਘ, ਪ੍ਰੋ. ਅਵਤਾਰ ਸਿੱਧੂ, ਸਈਦ ਭੁੱਟਾ ਨੇ ਦਿਲ ਟੁੰਬਵੀਆਂ ਕਵਿਤਾਵਾਂ ਸੁਣਾ ਕੇ ਅਨੰਦਦਿਤ ਕੀਤਾ। ਤਕਰੀਬਨ ਚਾਰ ਘੰਟੇ ਤੋਂ ਵੱਧ ਚਲੇ ਕਵੀ ਦਰਬਾਰ ਦੀ ਸੰਚਾਲਨ ਦੀ ਕਾਰਵਾਈ ਰਿੰਟੂ ਭਾਟੀਆ, ਪ੍ਰੀਤ ਗਿੱਲ, ਪਰਮਜੀਤ ਦਿਓਲ, ਅਮਰਜੀਤ ਪੰਛੀ, ਤੀਰਥ ਸਿੰਘ, ਪਿਆਰਾ ਸਿੰਘ, ਹਰਵਿੰਦਰ ਕੌਰ ਚੀਮਾ, ਨਿਰਵੈਲ ਸਿੰਘ ਅਰੋੜਾ, ਸੁਮਨ ਮੋਦਗਿੱਲ, ਚਮਕੌਰ ਸਿੰਘ ਮਾਛੀਕੇ ਨੇ ਰਲ ਮਿਲ ਕੇ ਕੀਤੀ।

ਡਾ. ਦਰਸ਼ਨ ਸਿੰਘ ਯਾਦਗਾਰੀ ਐਵਾਰਡ ਇਸ ਸਾਲ ਡਾ. ਬਲਕਾਰ ਸਿੰਘ ਅਤੇ ਡਾ. ਨਾਬੀਲਾ ਰਹਿਮਾਨ ਨੂੰ ਦਿੱਤਾ ਗਿਆ। ਦੋ ਦਿਨਾਂ ਸਫਲਤਾ ਨਾਲ ਚੱਲੀ ਇਹ ਕਾਨਫਰੰਸ ਅਗਲੇ ਸਾਲ ਸੱਤਵੀਂ ਵਿਸ਼ਵ ਪੰਜਾਬੀ ਕਾਨਫਰੰਸ ਮੌਕੇ ਕੈਨੇਡਾ ਵਿਚ ਇਕੱਠੇ ਹੋਣ ਦਾ ਵਾਅਦਾ ਕਰਦਿਆਂ ਸਮਾਪਤ ਹੋਈ।

**– ਡਾ. ਪਰਮਜੀਤ ਸਿੰਘ ਸਰੋਆ**

# ਆਉਣ ਵਾਲੇ ਸਮੇਂ ’ਚ ਸਿੱਖਸ ਆਫ ਅਮਰੀਕਾ ਦਾ ਹੋਵੇਗਾ ਇਕ ਵਿਸ਼ਾਲ ਸਮਾਗਮ

**ਨਿਊਯਾਰਕ-** ਕਰੋਨਾ ਮਹਾਂਮਾਰੀ ਦੇ ਕਾਰਨ ਕਾਫੀ ਦੇਰ ਬਾਅਦ ਅੱਜ ਸਿੱਖਸ ਆਫ ਅਮਰੀਕਾ ਦੀ ਇਕ ਅਹਿਮ ਇਕੱਤਰਤਾ ਜਿਊਲ ਆਫ ਇੰਡੀਆ ਰੈਸਰੋਟਰੈਂਟ ਵਿਚ ਕੀਤੀ ਗਈ। ਇਸ ਇਕੱਤਰਤਾ ਵਿਚ ਜਸਦੀਪ ਸਿੰਘ ਜੱਸੀ ਚੇਅਰਮੈਨ, ਸਿੱਖਸ ਆਫ ਅਮਰੀਕਾ ਨੇ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ। ਜਸਦੀਪ ਸਿੰਘ ਜੱਸੀ ਨੇ ਉਹਨਾਂ ਮੈਂਬਰਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਮਹਾਂਮਾਰੀ ਦੌਰਾਨ ਭੋਜਨ ਵੰਡਣ, ਆਕਸੀਜਨ ਕੰਸਟਰੇਟਰ ਇੰਡੀਆ ਭੇਜਣ ਦੀਆਂ ਸੇਵਾਵਾਂ ਕੀਤੀਆਂ ਅਤੇ ਕਰੋਨਾ ਨਾਲ ਜੂਝਦੇ ਸਾਰੇ ਫਰੰਟ ਲਾਈਨ ਵਰਕਰਾਂ ਦੀਆਂ ਸੇਵਾਵਾਂ ਨੂੰ ਸਲਾਮ ਭੇਂਟ ਕੀਤਾ। ਇਸ ਮੀਟਿੰਗ ਵਿਚ ਮੈਂਬਰਾਂ ਨੇ ਆਪੋ ਆਪਣੇ ਵਿਚਾਰ ਭੇਂਟ ਕੀਤੇ ਕਿ ਕਿਸ ਤਰ੍ਹਾਂ ਅਸੀਂ ਸਿੱਖ ਕਮਿਊਨਿਟੀ ਦੀ ਹੋਰ ਵੀ ਵੱਡੀ ਸੇਵਾ ਕਰ ਸਕਦੇ ਹਾਂ ਅਤੇ ਭਵਿੱਖ ਵਿਚ ਕਿਸ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ



ਜਾਣ? ਇੱਥੇ ਦੱਸਣਯੋਗ ਹੈ ਕਿ ਸਿੱਖਸ ਆਫ ਅਮਰੀਕਾ ਪਹਿਲਾਂ ਹੀ ਅਮਰੀਕਾ ਵਿਚ ਸਿੱਖ ਪਹਿਚਾਣ ਅਤੇ ਸਿੱਖ ਮਸਲਿਆਂ ਸਬੰਧੀ ਅੰਤਰ-ਰਾਸ਼ਟਰੀ ਪੱਧਰ ’ਤੇ ਕਾਰਜ ਕਰਦੀ ਆ ਰਹੀ ਹੈ। ਇਸ ਤੋਂ ਇਲਾਵਾ ਕਈ ਅਹਿਮ ਮਸਲਿਆਂ ਤੇ ਵਿਚਾਰਾਂ ਹੋਈਆਂ ਤੇ ਜਲਦੀ ਹੀ ਆਉਣ ਵਾਲੇ ਸਮੇਂ ਵਿਚ ਇਕ ਵੱਡਾ ਪ੍ਰੋਗਰਾਮ ਕੀਤੇ ਜਾਣ ਦਾ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ। ਇੱਥੇ ਦੱਸਣਯੋਗ ਹੈ ਕਿ ਸਿੱਖਸ ਆਫ ਅਮਰੀਕਾ ਇਕ ਗੈਰ-ਸਿਆਸੀ ਤੇ ਅਜ਼ਾਦ ਸੰਗਠਨ ਹੈ। ਸਿੱਖਸ ਆਫ ਅਮਰੀਕਾ ਸ਼ੁਰੂ ਤੋਂ ਹੀ ਕਿਸਾਨੀ ਅੰਦੋਲਨ ਦੀ ਹਮਾਇਤ ਕਰਦਾ ਆ ਰਿਹਾ ਹੈ ਤੇ ਅੱਜ ਫਿਰ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਭਾਰਤ ਸਰਕਾਰ ਜਲਦੀ ਤੋਂ ਜਲਦੀ ਕਿਸਾਨਾਂ ਦੀ ਮਸਲਾ ਹੱਲ ਕਰੇ। ਇਸ ਇਕੱਤਰਤਾ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਬਲਜਿੰਦਰ ਸਿੰਘ ਸ਼ੰਮੀ, ਕਮਲਜੀਤ ਸਿੰਘ ਸੋਨੀ, ਗੁਰਚਰਨ ਸਿੰਘ ਵਰਲਡ ਬੈਂਕ, ਗੁਰਵਿੰਦਰ ਸੇਠੀ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਡਾਕਰ ਦਰਸ਼ਨ ਸਲੂਜਾ, ਮੀਤਾ ਸਲੂਜਾ, ਸਾਜਿਦ ਤਰਾਰ, ਸੁਖਪਾਲ ਧਨੋਆ, ਦਿਲਬੀਰ ਸਿੰਘ ਬੀਰਾ, ਬਲਜੀਤ ਗਿੱਲ, ਰਜਿੰਦਰ ਸਿੰਘ, ਸੁਰਿੰਦਰ ਸਿੰਘ ਬੱਬੂ, ਸਰਬਜੀਤ ਸਿੰਘ ਬਖਸ਼ੀ ਦੇ ਨਾਮ ਵਿਸ਼ੇਸ਼ ਹਨ।

# ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਵਿਖੇ 15ਵਾਂ ਵਰਸ਼ਾਵਾਸ ਆਰੰਭ

**ਲੁਧਿਆਣਾ–** ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਵਿਖੇ 15ਵਾਂ 'ਵਰਸ਼ਾਵਾਸ' ਸ਼ੁਰੂ ਹੋ ਗਿਆ ਹੈ। ਭਿਖਸ਼ੂ ਪਗਿਆ ਬੋਧੀ ਦੀ ਅਗਵਾਈ ਵਿਚ ਛੇ ਭਿਖਸ਼ੂਆਂ ਵੱਲੋਂ 'ਵਰਸ਼ਾਵਾਸ' ਸ਼ੁਰੂ ਕੀਤਾ ਗਿਆ, ਜਿਸ ਵਿਚ ਭਿਖਸ਼ੂ ਪ੍ਰਗਿਆ ਬੋਧੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਭਗਵਾਨ ਬੁੱਧ ਨੇ ਭਿਖਸ਼ੂਆਂ ਨੂੰ ਮੀਂਹ ਦੇ ਤਿੰਨ ਮਹੀਨਿਆਂ ਵਿਚ ਇਕ ਥਾਂ ਇਕੱਠੇ ਬੈਠ ਕੇ ਧੰਮ ਚਰਚਾ ਕਰਨ ਅਤੇ ਸ਼ਰਧਾਲੂਆਂ ਨੂੰ ਧੰਮ ਦੇਸਣਾ ਦੇਣ ਲਈ ਕਿਹਾ ਸੀ, ਇਸ ਨੂੰ ਵਰਸ਼ਾਵਾਸ਼ ਕਿਹਾ ਜਾਂਦਾ ਹੈ। ਸ਼ਰਧਾਲੂਆਂ ਵੱਲੋਂ ਭਿਖਸ਼ੂਆਂ ਦੀ ਤਨ, ਮਨ, ਧਨ ਨਾਲ ਸੇਵਾ ਕੀਤੀ ਜਾਂਦੀ ਹੈ।





ਇਸ ਮੌਕੇ ਤੇ ਐਡਵੋਕੇਟ ਹਰਭਜਨ ਸਾਂਪਲਾ, ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਭਿਖਸ਼ੂ ਸੰਘ ਨੂੰ ਵਿਸ਼ਵਾਸ ਦਿਵਾਇਆ ਕਿ 'ਵਰਸ਼ਾਵਾਸ' ਦੇ ਤਿੰਨ ਮਹੀਨਿਆਂ ਵਿਚ ਭਿਖਸ਼ੂਆਂ ਨੂੰ ਕਿਸੇ ਪ੍ਰਕਾਰ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ ਜਾਵੇਗੀ। ਉਹਨਾਂ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਭਿਖਸ਼ੂਆਂ ਨੂੰ ਚੀਵਰ, ਖਾਣਾ, ਦੁੱਧ, ਫਲ ਅਤੇ ਹੋਰ ਜ਼ਰੂਰੀ ਵਸਤੂਆਂ ਦਾਨ ਕਰਨ ਅਤੇ ਪੁੰਨ ਪ੍ਰਾਪਤ ਕਰਨ।

ਉਹਨਾਂ ਕਿਹਾ ਕਿ ਬੁੱਧ ਕਾਲ ਤੋਂ ਹੀ ਦਾਨ ਕਰਨ ਦੀ ਪ੍ਰੰਪਰਾ ਸ਼ੁਰੂ ਹੋਈ ਸੀ ਤੇ ਕਿਹਾ ਜਾਂਦਾ ਹੈ 'ਅੰਨਦਾਨ, ਕੱਪੜਾ ਦਾਨ, ਸਰਵਦਾਨ' ਇਸ ਦਾਨ ਬਦਲੇ ਸ਼ਰਧਾਲੂਆਂ ਨੂੰ ਧੰਮ ਦੇ ਅਸੂਲ ਉਪਰ ਚੱਲਣ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਇਸ ਮੌਕੇ 'ਤੇ ਸ੍ਰੀ ਰਾਮਦਾਸ ਗੁਰੂ, ਦੇਸਰਾਜ ਚੌਹਾਨ, ਬੰਸੀ ਲਾਲ ਪ੍ਰੇਮੀ, ਇਨਕਲਾਬ ਮਨੋਜ ਕੁਮਾਰ, ਨੈਨਦੀਪ, ਤਰੀਭਵਨ, ਰਾਮਾਨੰਦ, ਨਵਦੀਪ ਬੋਧ, ਰਵਿੰਦਰ ਅਹੀਰਵਾਰ, ਅਵਤਾਰ, ਕਰਨ ਅਤੇ ਹੋਰ ਸੈਂਕੜੇ ਉਪਾਸਕ ਤੇ ਉਪਸਿਕਾਵਾਂ ਹਾਜ਼ਰ ਸਨ।

**– ਹਰਭਜਨ ਸਾਂਪਲਾ, ਪ੍ਰਧਾਨ**

# ਨਿਰੰਜਣ ਬੋਹਾ ਦਾ ਸਨਮਾਨ ਅਤੇ 'ਸ਼ਬਦ ਤ੍ਰਿੰਜਣ' ਦਾ ਨਵਾਂ ਅੰਕ, 'ਮਿੰਨੀ' ਦਾ 131ਵਾਂ ਅੰਕ ਤੇ ਕਈ ਪੁਸਤਕਾਂ ਰਿਲੀਜ਼

**ਸਿਆਟਲ (ਮੰਗਤ ਕੁਲਜਿੰਦ), ਬਰੇਟਾ (ਜਗਦੀਸ਼ ਕੁਲਰੀਆਂ)–** ਮਿੰਨੀ ਕਹਾਣੀ ਲੇਖਕ ਮੰਚ, ਪੰਜਾਬ ਵਲੋਂ ਅਦਾਰਾ ਤ੍ਰੈਮਾਸਿਕ 'ਮਿੰਨੀ' ਅਤੇ ਲੇਖਕ ਮੰਚ ਮੌੜ ਦੇ ਸਹਿਯੋਗ ਨਾਲ ਸੂਬਾ ਪੱਧਰੀ ਮਿੰਨੀ ਕਹਾਣੀ ਸਮਾਗਮ 'ਜੁਗਨੂੰਆਂ ਦੇ ਅੰਗ ਸੰਗ' ਸਰਕਾਰੀ ਸੈਕੰਡਰੀ ਸਕੂਲ (ਕੰਨਿਆ) ਮੌੜ ਵਿਖੇ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਕਰਨੈਲ ਸਿੰਘ, ਸਾਬਕਾ ਪ੍ਰਧਾਨ ਨਗਰ ਕੌਸਲ, ਡਾ. ਸ਼ਿਆਮ ਸੁੰਦਰ ਦੀਪਤੀ, ਨਿਰੰਜਣ ਬੋਹਾ ਤੇ ਸੁਖਦੇਵ ਸਿੰਘ ਮਾਨ ਸ਼ਾਮਿਲ ਹੋਏ। ਸਮਾਗਮ ਦੇ ਪਹਿਲੇ ਸ਼ੈਸ਼ਨ ਵਿੱਚ ਸਭ ਤੋਂ ਪਹਿਲਾ ਹਾਜ਼ਿਰ ਲੇਖਕਾਂ ਵਲੋਂ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਜ਼ਲੀ ਭੇਂਟ ਕੀਤੀ ਗਈ। ਲੇਖਕ ਮੰਚ ਮੌੜ ਵੱਲੋਂ ਭੁਪਿੰਦਰ ਸਿੰਘ ਮਾਨ ਨੇ ਬਾਹਰੋਂ ਆਏ ਲੇਖਕਾਂ ਨੂੰ ਜੀ ਆਇਆ ਨੂੰ ਕਿਹਾ। ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਦੇ ਕੋ ਕਨਵੀਨਰ ਜਗਦੀਸ਼ ਰਾਏ ਕੁਲਰੀਆਂ ਨੇ ਪ੍ਰੋਗਰਾਮ ਦੀ ਰੂਪਰੇਖਾ ਸਾਂਝੀ ਕਰਦਿਆ ਮਿੰਨੀ ਕਹਾਣੀ ਲੇਖਕ ਮੰਚ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਡਾ. ਦੀਪਤੀ ਨੇ ਤ੍ਰੈਮਾਸਿਕ ਮਿੰਨੀ ਦੇ 33 ਸਾਲਾਂ ਦੇ ਸਫ਼ਰ ਅਤੇ ਮਿੰਨੀ ਕਹਾਣੀ ਵਿਧਾ ਦੇ ਪੰਜ ਦਹਾਕਿਆਂ ਦੇ ਸਫ਼ਰ ਬਾਰੇ ਗੱਲਬਾਤ ਕਰਦਿਆ ਕਿਹਾ ਕਿ ਅਜੋਕੀ ਮਿੰਨੀ ਕਹਾਣੀ ਨੇ ਪਾਠਕਾਂ ਦੇ ਨਾਲ ਨਾਲ ਸਾਹਿਤਕ ਵਿਦਵਾਨਾਂ ਦਾ ਧਿਆਨ ਵੀ ਆਪਣੇ ਵਲ ਖਿੱਚਿਆ ਹੈ ਤੇ ਇਹ ਕਿਸੇ ਵੀ ਭਾਸ਼ਾ ਵਿਚ ਲਿਖੀ ਜਾ ਰਹੀ ਮਿੰਨੀ ਕਹਾਣੀ ਤੋਂ ਕਿਸੇ ਵੀ ਤਰਾਂ ਪਿੱਛੇ ਨਹੀਂ। ਉਨਾਂ ਲੇਖਕਾਂ ਨੂੰ ਇਸ ਦੇ ਸਿਰਜਣਾ ਕਰਨ ਵੇਲੇ ਸੁਚੇਤ ਹੋਣ ਨੂੰ ਵੀ ਕਿਹਾ। ਉਨਾਂ ਵਿਸ਼ੇਸ਼ ਤੌਰ ਤੇ ਮੰਚ ਵੱਲੋਂ ਸ਼ੁਰੂ ਕੀਤੀ ਗ਼ੌਰਤਲਬ ਮਿੰਨੀ ਕਹਾਣੀਆਂ ਦੀ ਪੁਸਤਕ ਲੜੀ ਬਾਰੇ ਚਰਚਾ ਕੀਤੀ। ਨਗਰ ਕੌਸਲ ਮੌੜ ਦੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਨੇ ਕਿਹਾ ਕਿ ਸਮਾਜ ਨੂੰ ਚੇਤੰਨ ਕਰਨ ਵਿਚ ਲੇਖਕਾਂ ਦਾ ਵੱਡਾ ਰੋਲ ਹੈ ਅਤੇ ਇਨਾਂ ਦੀ ਘਾਲਣਾ ਅੱਗੇ ਸਿਰ ਝੁਕਦਾ ਹੈ। ਇਸ ਤੋਂ ਬਾਅਦ ਪ੍ਰਧਾਨਗੀ ਮੰਡਲ ਵਲੋਂ ਤ੍ਰੈਮਾਸਿਕ 'ਮਿੰਨੀ' ਦਾ ੧੩੧ਵਾਂ ਅੰਕ, ਡਾ. ਦੀਪਤੀ ਦੀਆਂ ਪੁਸਤਕਾਂ 'ਕਰੋਨਾ ਨੇ ਕੀਤਾ



ਬੇਨਕਾਬ', 'ਕੁਦਰਤ ਦਾ ਹਾਣੀ–ਭਗਤ ਪੂਰਨ ਸਿੰਘ' ਤੇ 'ਇੱਕੋ ਜਿਹੇ ਦੋ ਕੱਪ', ਹਰਭਜਨ ਸਿੰਘ ਖੇਮਕਰਨੀ ਦਾ ਮਿੰਨੀ ਕਹਾਣੀ ਸੰਗ੍ਰਹਿ 'ਨਜ਼ਰ ਤੇ ਨਜ਼ਰ', ਮਨਜਿੰਦਰ ਸਿੰਘ ਸਰਾਂ ਦਾ ਕਹਾਣੀ ਸੰਗ੍ਰਹਿ 'ਚੰਗੇਰੀ ਜੀਵਨ ਨਿਰਬਾਹ ਸਿਖਲਾਈ' ਅਤੇ ਮੰਗਤ ਕੁਲਜਿੰਦ ਵੱਲੋਂ ਸੰਪਾਦਿਤ ਕੀਤੇ ਜਾਂਦੇ ਮੈਗਜ਼ੀਨ 'ਸ਼ਬਦ ਤ੍ਰਿੰਜਣ' ਦੇ ਨਵੇਂ ਅੰਕ ਨੂੰ ਲੋਕ ਅਰਪਣ ਕੀਤਾ ਗਿਆ। ਇਸ ਤੋਂ ਮਗਰੋਂ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਵੱਲੋਂ ਮਿੰਨੀ ਦੇ ਪ੍ਰਸਿੱਧ ਲੇਖਕ ਨਿਰੰਜਣ ਬੋਹਾ ਨੂੰ '੨੧ਵੇਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਸਨਮਾਨ' ਨਾਲ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਦੀ ਰਸਮ ਪ੍ਰਧਾਨਗੀ ਮੰਡਲ ਦੇ ਨਾਲ ਡਾ. ਹਰਪ੍ਰੀਤ ਸਿੰਘ ਰਾਣਾ, ਨਵਰੋਜ਼ ਸਿੰਘ ਤੇ ਰਘਬੀਰ ਸਿੰਘ ਮਹਿਮੀ ਨੇ ਨਿਭਾਈ। ਦਵਿੰਦਰ ਪਟਿਆਲਵੀ ਵੱਲੋਂ ਬੋਹਾ ਬਾਰੇ ਸੁਖਦੇਵ ਸਿੰਘ ਸ਼ਾਂਤ ਦਾ ਲਿਖਿਆ ਪਰਚਾ ਪੜਿਆ। ਇਸ ਤੋਂ ਬਾਅਦ ਸਮਾਗਮ ਦਾ ਦੂਜਾ ਸ਼ੈਸ਼ਨ 'ਜੁਗਨੂੰਆਂ ਦੇ ਅੰਗ ਸੰਗ' ਸ਼ੁਰੂ ਹੋਇਆ, ਜਿਸ ਵਿਚ ਵੱਖ ਵੱਖ ਥਾਵਾਂ ਤੋਂ ਪਹੁੰਚੇ ਲੇਖਕਾਂ ਜਿੰਨਾਂ ਵਿਚ ਹਰਪ੍ਰੀਤ ਸਿੰਘ ਰਾਣਾ ਨੇ 'ਪਿਆਰ', ਅਮਰਜੀਤ ਕੌਰ ਹਰੜ ਨੇ 'ਕਿਰਦਾਰ', ਸੁਖਦਰਸ਼ਨ ਗਰਗ ਨੇ 'ਜੱਗੋਂ ਤੇਰਵੀਂ', ਰਾਜਦੇਵ ਕੌਰ ਸਿਧੂ ਨੇ 'ਨਾਸੂਰ', ਸੁਖਦੇਵ ਸਿੰਘ ਔਲਖ ਨੇ 'ਸਿੱਖ ਦਾ ਘਰ', ਦਵਿੰਦਰ ਪਟਿਆਲਵੀ ਨੇ 'ਚੇਤਨਾ', ਡਾ. ਸ਼ਿਆਮ ਸੁੰਦਰ ਦੀਪਤੀ ਨੇ 'ਬਾਰਡਰ ਅੰਦਰ ਬਾਰਡਰ', ਕੁਲਵਿੰਦਰ ਕੌਸ਼ਲ ਨੇ 'ਵਿਰਾਸਤ', ਬੂਟਾ ਖਾਨ ਸੁੱਖੀ ਨੇ 'ਸਾਢੇ ਛੇ ਬੈਂਡ', ਰਘਬੀਰ ਸਿੰਘ ਮਹਿਮੀ ਨੇ 'ਸਿਰ ਦਾ ਤਾਜ', ਵੀਰਪਾਲ ਕੌਰ ਨੇ 'ਆਬਰਸ਼ਨ ਕਿੱਟ', ਪਰਦੀਪ ਮਹਿਤਾ ਨੇ 'ਕਾਨੂੰਨ', ਅਮਰਜੀਤ ਸਿੰਘ ਮਾਨ ਨੇ 'ਡੱਡੂ ਨਿਗਲਿਆ ਗਿਆ', ਗੁਰਮੀਤ ਰਾਮਪੁਰੀ ਨੇ 'ਮਾਂ ਬੋਲੀ ਦਾ ਰਿਸ਼ਤਾ', ਸੁਖਦੇਵ ਸਿੰਘ ਸਹੋਤਾ 'ਅਸੀਂ ਭਗਤ ਸਿੰਘ ਜਾਣਦੇ ਹਾਂ', ਸੁਰਿੰਦਰ ਪਾਲ ਕਾਲਾਂਵਾਲੀ ਨੇ 'ਹੱਥ' ਤੇ ਮਨਜਿੰਦਰ ਸਿੰਘ ਸਰਾਂ ਨੇ 'ਸਾਹਮਣੇ ਰੱਬ ਸੁੱਤਾ ਪਿਆ ਸੀ' ਨਾਮੀਂ ਮਿੰਨੀ ਕਹਾਣੀਆਂ ਦਾ ਪਾਠ ਕੀਤਾ। ਪੜੀਆਂ ਗਈਆਂ ਮਿੰਨੀ ਕਹਾਣੀਆਂ ਤੇ ਆਲੋਚਕ ਨਿਰੰਜਣ ਬੋਹਾ ਅਤੇ ਡਾ. ਨਾਇਬ ਸਿੰਘ ਮੰਡੇਰ ਨੇ ਗੱਲ ਕਰਦਿਆਂ ਪੰਜਾਬੀ ਮਿੰਨੀ ਕਹਾਣੀ ਦੇ ਵਿਧਾਨਕ ਢਾਂਚੇ ਨੂੰ ਉਭਾਰਿਆ। ਉਨਾਂ ਕਿਹਾ ਕਿ ਲੇਖਕ ਨੂੰ ਅੰਦਰ ਝਾਤ ਮਾਰਨ ਦੀ ਜਰੂਰਤ ਹੈ ਅਤੇ ਆਪਣੇ ਨੇੜੇ ਤੇੜੇ ਵਾਪਰਦੀਆਂ ਘਟਨਾਵਾਂ ਨੂੰ ਧਿਆਨ ਨਾਲ ਵਾਚਣਾ ਚਾਹੀਦਾ ਹੈ।

ਖਾਸ ਕਰਕੇ ਮਿੰਨੀ ਕਹਾਣੀ ਲੇਖਕਾਂ ਨੂੰ ਇਸ ਵਿਧਾ ਨਾਲ ਗੰਭੀਰਤਾ ਨਾਲ ਜੁੜਣਾ ਚਾਹੀਦਾ ਹੈ ਅਤੇ ਮਿੰਨੀ ਕਹਾਣੀ ਦੇ ਦੂਜੀਆਂ ਵਿਧਾ ਨਾਲੋਂ ਫ਼ਰਕ ਨੂੰ ਸਮਝਣਾ ਚਾਹੀਦਾ ਹੈ। ਇਸ ਵਿਚਾਰ ਚਰਚਾ ਵਿਚ ਊਸ਼ਾ ਦੀਪਤੀ, ਸੁਖਦੇਵ ਸਿੰਘ ਮਾਨ, ਜਗਦੀਸ਼ ਕੁਲਰੀਆਂ, ਸੁਰਿੰਦਰ ਕੁਮਾਰ ਗੁਪਤਾ, ਰਣਜੀਤ ਸਿੰਘ, ਪ੍ਰੀਤ ਮੌੜ, ਬਲਕਰਨ ਸਿੰਘ ਤੇ ਪ੍ਰੀਤ ਸਿੱਧੂ ਨੇ ਵੀ ਵਿਚਾਰ ਰੱਖੇ। ਅੰਤ ਵਿਚ ਪਰਦੀਪ ਮਹਿਤਾ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

**ਮੋ. ਤੇ ਵੱਟਸਐਪ +1 425 286 0163**

# ਸਾਹਿਤ ਸਦਨ ਹੁਸ਼ਿਆਰਪੁਰ ਵਲੋਂ ਚੇਤਨਾ ਪ੍ਰਕਾਸ਼ਨ ਨੇ ਸਾਹਿਤਕ ਸਮਾਗਮ ਰਚਾਇਆ

**ਹੁਸ਼ਿਆਰਪੁਰ–** ਇੱਥੇ ਸਾਹਿਤ ਸਦਨ ਹੁਸ਼ਿਆਰਪੁਰ ਵਲੋਂ ਚੇਤਨਾ ਪ੍ਰਕਾਸ਼ਨ ਦੇ ਪ੍ਰਕਾਸ਼ਕ ਅਤੇ ਲੇਖਕ ਸਤੀਸ਼ ਗੁਲਾਟੀ ਦੀ ਆਮਦ ਦੇ ਮੌਕੇ ਤੇ ਸ਼ਿਵਨਾਮਦੇਵ ਆਪਣਾ ਘਰ ਦੀ ਲਾਇਬ੍ਰੇਰੀ ਵਿਚ ਇਕ ਸਾਹਿਤਕ ਸਮਾਗਮ ਰਚਾਇਆ ਗਿਆ। ਜਿਸ ਦੀ ਪ੍ਰਧਾਨਗੀ ਨਰਿੰਦਰ ਸਿੰਘ ਜੱਸਲ, ਨਾਟਕਕਾਰ ਅਸ਼ੋਕ ਪੁਰੀ, ਸਤੀਸ਼ ਗੁਲਾਟੀ, ਜਗਜੀਤ ਸਿੰਘ ਜੌੜਾ, ਸਤਿੰਦਰ ਸਿੰਘ ਆਲਮ ਅਤੇ ਡਾਕਟਰ ਮਨਮੋਹਨ ਸਿੰਘ ਦਰਦੀ ਨੇ ਕੀਤੀ।

ਸਮਾਗਮ ਦੇ ਸੁਰੂ ਵਿਚ ਪ੍ਰਧਾਨਗੀ ਮੰਡਲ ਨੂੰ ਜੀ ਆਇਆਂ ਕਹਿਣ ਉਪਰੰਤ ਨਰਿੰਦਰ ਸਿੰਘ ਜੱਸਲ ਨੇ ਸਤੀਸ਼ ਗੁਲਾਟੀ ਅਤੇ ਚੇਤਨਾ ਪ੍ਰਕਾਸ਼ਨ ਦੀ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਤੀਸ਼ ਗੁਲਾਟੀ ਨੇ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰ ਵਿਸ਼ਿਆਂ ਉੱਪਰ ਆਪਣੀ ਕਲਮ ਚਲਾਈ ਹੈ ਅਤੇ ਉਹਨਾਂ ਬਹੁਤ ਮਿਆਰੀ ਸਾਹਿਤ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਪਾਠਕਾਂ ਦੇ



ਰੂਬਰੂ ਕੀਤਾ ਹੈ। ਇਸ ਉਪਰੰਤ ਮੰਚ ਸੰਚਾਲਨ ਨਿਰਮਲ ਸਿੰਘ ਮਾਣਕੂ ਅਤੇ ਮਹੇਸ਼ ਕੁਮਾਰ ਨੇ ਸਾਹਿਤਕ ਰਚਨਾਵਾਂ ਦੇ ਪਾਠ ਉਪਰੰਤ ਨਾਟਕਕਾਰ ਅਸ਼ੋਕ ਪੁਰੀ ਨੂੰ ਸਰੋਤਿਆਂ ਦੇ ਰੂਬਰੂ ਕੀਤਾ। ਅਸ਼ੋਕ ਪੁਰੀ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਕਿਸੇ ਵੀ ਵਿਕਸਿਤ ਸਮਾਜ ਲਈ ਸ਼ਬਦ ਅਤੇ ਸਾਹਿਤ ਹੀ ਉੱਤਮ ਪੈਮਾਨਾ ਹੈ। ਇੱਕ ਚੰਗਾ ਸਾਹਿਤ ਜਾਂ ਚੰਗੀ ਪੁਸਤਕ ਸਮਾਜ ਵਿੱਚ ਸਮਾਨੰਤਰ ਮਾਨਵੀ ਚੇਤਨਾ ਪੈਦਾ ਕਰ ਸਕਦਾ ਹੈ। ਉਹਨਾਂ ਸਤੀਸ਼ ਗੁਲਾਟੀ ਵੱਲੋਂ ਸ਼ਿਵਨਾਮਦੇਵ ਲਾਇਬ੍ਰੇਰੀ ਲਈ 150 ਪੁਸਤਕਾਂ ਦੇਣ ਲਈ ਧੰਨਵਾਦ ਕੀਤਾ । ਇਸ ਮੌਕੇ ਤੇ ਸਤਿੰਦਰ ਸਿੰਘ ਆਲਮ ਨੇ ਸਤੀਸ਼ ਗੁਲਾਟੀ ਦੀਆਂ ਗ਼ਜ਼ਲਾਂ ਦਰਸ਼ਕਾਂ ਦੇ ਰੂਬਰੂ ਕੀਤੀਆਂ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸੁਖਚੈਨ ਸਿੰਘ, ਵਰਿੰਦਰ ਸਿੰਘ, ਮਨਜੀਤ ਸਿੰਘ ਸੁਰਿੰਦਰ ਸਿੰਘ ਅਤੇ ਰਜਿੰਦਰ ਸਿੱਧੂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਪ੍ਰੋਗਰਾਮ ਵਿੱਚ ਤਬਲਾਵਾਦਕ ਵਿਕਰਮਜੀਤ ਸਿੰਘ ਨੇ ਕਲਾ ਦਾ ਉੱਤਮ ਪ੍ਰਦਰਸ਼ਨ ਕੀਤਾ। ਇਸ ਮੌਕੇ ਤੇ ਸੰਜੀਵ ਕੁਮਾਰ, ਪੁਸ਼ਪਾ ਰਾਣੀ ਅਤੇ ਚਮਨਲਾਲ ਵੀ ਸ਼ਾਮਿਲ ਸਨ। ਪ੍ਰੋਗਰਾਮ ਦੇ ਅਖੀਰ ਵਿੱਚ ਨਾਟਕਕਾਰ ਅਸ਼ੋਕ ਪੁਰੀ ਅਤੇ ਨਰਿੰਦਰ ਸਿੰਘ ਜੱਸਲ ਨੇ ਸਤੀਸ਼ ਗੁਲਾਟੀ ਨੂੰ ਉਹਨਾਂ ਦੀ ਸਾਹਿਤਕ ਦੇਣ ਅਤੇ ਪ੍ਰਕਾਸ਼ਨ ਲਈ ਸਰੋਪਾ ਦੇ ਕੇ ਸਨਮਾਨਿਤ ਕੀਤਾ।






# ਫਰਿਜਨੋ ਵਿਖੇ ਖੁਲ੍ਹਿਆ ਗਰੌਸਰੀ ਡੀਪੂ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ)**

ਫਰਿਜਨੋ ਏਰੀਏ ਦੇ ਉੱਘੇ ਕਾਰੋਬਾਰੀ ਨੀਟੂ ਬਡਿਆਲ ਵੱਲੋਂ ਫਰਿਜਨੋ ਵਿਖੇ ਇੰਡੀਅਨ ਗਰੌਸਰੀ ਅਤੇ ਹੋਰ ਸਾਜੋ ਸਮਾਨ ਦਾ ਹੋਲ–ਸੇਲ ਵੇਅਰ ਹਾਊਸ (ਗਰੌਸਰੀ ਡੀਪੂ) ਖੋਲਿਆ ਗਿਆ ਹੈ। ਜਿੱਥੋਂ ਤੁਸੀ ਥੋਕ ਦੇ ਭਾਅ ਸਮਾਨ ਖਰੀਦ ਸਕਦੇ ਹੋਂ। ਵੇਅਰ ਹਾਊਸ ਦਾ ਪਤਾ 820 W Lyman Ave Fresno ca 93706 ਹੈ। ਗਰੌਸਰੀ ਡੀਪੂ ਦੀ 31 ਜੁਲਾਈ ਨੂੰ ਗਰੈਂਡ ਓਪਨਿੰਗ ਕੀਤੀ ਗਈ। ਇਸ ਮੌਕੇ ਨੀਟੂ ਬਡਿਆਲ ਨੇ ਕਿਹਾ ਕਿ ਇਹ ਵੇਅਰ ਹਾਊਸ ਪਹਿਲਾ ਸਿਰਫ ਇੰਡੀਅਨ ਸਟੋਰਾਂ ਅਤੇ ਰੈਸੋਰੈਂਟਾ ਨੂੰ ਸਪਲਾਈ ਕਰਦਾ ਸੀ, 'ਲੇਕਿਨ ਲੋਕਾਂ ਦੀ ਪੁਰ–ਜ਼ੋਰ ਮੰਗ ਕਾਰਨ ਇਹ ਹੁਣ ਆਮ ਪਬਲਿਕ ਲਈ ਵੀ ਖੋਲ ਦਿੱਤਾ ਗਿਆ ਹੈ। 31 ਜੁਲਾਈ ਨੂੰ ਗਰੈਂਡ ਓਪਨਿੰਗ ਮੌਕੇ



ਭਾਰੀ ਗਿਣਤੀ ਵਿੱਚ ਗਾਹਕ ਵੇਅਰ ਹਾਊਸ ਵਿਖੇ ਪਹੁੰਚੇ ਤੇ ਘੱਟ ਰੇਟਾਂ ਦਾ ਫ਼ਾਇਦਾ ਲਿਆ। ਇਸ ਮੌਕੇ ਫਰਿਜ਼ਨੋ ਦੀਆਂ ਸਿਰਕੱਢ ਹਸਤੀਆਂ ਪਹੁੰ–ਚੀਆਂ ਹੋਈਆ ਸਨ। ਜਿਨ੍ਹਾਂ ਵਿੱਚ ਸੁਰਿੰਦਰ ਸਿੰਘ ਨਿੱਝਰ, ਪਾਲ ਕੈਲੇ, ਅਵਤਾਰ ਗਿੱਲ, ਅੰਮ੍ਰਿਤਪਾਲ ਸਿੰਘ ਨਿੱਝਰ , ਦੀਪਾ ਚੌਹਾਨ, ਰਣਜੀਤ ਗਿੱਲ, ਹਾਕਮ ਸਿੰਘ ਢਿੱਲੋ, ਬਿੱਟੂ ਕੁੱਸਾ, ਕੁਕੂ ਬਾਈ, ਸੁੱਖੀ ਹੇਅਰ ਅਦਿ ਦੇ ਨਾਮ ਜਿਕਰਯੋਗ ਹਨ। ਗਰੌਸਰੀ ਡੀਪੂ ਦਾ ਫ਼ੋਨ ਨੰਬਰ (888) 721–4512 ਹੈ, ਅਤੇ ਵਧੇਰੇ ਜਾਣਕਾਰੀ ਲਈ web- s i t e

# ਅਗਸਤ ਮਹੀਨੇ ਦੇ ਕਾਸ਼ੀਰਾਮ/ ਬਹੁਜਨ ਮੂਵਮੈਂਟ ਦੇ ਇਤਿਹਾਸਕ ਤੱਥ, ਹਰ ਰੋਜ਼ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਭਾਰਤ ਵਾਸੀਆਂ ਨੂੰ ਕੀ ਕਿਹਾ



ਅਮਨਦੀਪ ਸਿੱਧੂ
94657-54037

**ਭਾਸ਼ਣ:** ਸਰਕਾਰ ਅਤੇ ਵਿਰੋਧੀ ਪਾਰਟੀਆਂ ਮੰਡਲ ਕਮਿਸ਼ਨ ਅਯੋਗ ਦੀ ਰਿਪੋਰਟ ਨੂੰ ਦਫਨਾ ਦੇਣਾ ਚਹਾਉਦੀਂ ਹੈ। :
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**01 ਜੁਲਾਈ 1984** ਨੂੰ ਨਵੀਂ ਦਿੱਲੀ, ਵੋਟ ਕਲੱਬ ਵਿਖੇ ਮੰਡਲ ਅਯੋਗ ਦੇ ਸਮਰਥਨ ਚ ਬੀਐੱਸਪੀ ਦੀ ਗ੍ਰਿਫ਼ਤਾਰੀ।
**ਭਾਸ਼ਣ:** ਉੱਤਰ ਪ੍ਰਦੇਸ਼ 'ਚ ਤਰਾਈ ਦੇ ਸਿੱਖਾਂ ਨੂੰ ਉਜਾੜਾ ਨਹੀਂ ਜਾ ਸਕਦਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**01 ਅਗਸਤ 1997** ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
ਜ਼ਮੀਨਾਂ ਦੇ ਪੱਟੇ ਦੇਣ ਬਾਰੇ ਜਾਣਕਾਰੀ ਸਾਂਝੀ ਕੀਤੀ।
**ਭਾਸ਼ਣ:** ਬਹੁਜਨ ਸਮਾਜ ਵਾਧਾਖਿਲਾਫੀ ਕਰਨੇ ਵਾਲਿਆਂ ਨੂੰ ਸੱਤਾ ਤੋਂ ਉਖਾੜ ਸੁੱਟ ਦਿੰਦੀ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**01 ਅਗਸਤ 1999** ਨੂੰ ਰਾਜਸਥਾਨ, ਜੈਪੁਰ ਚ ਜਾਟ ਮਹਾਂਸਭਾ ਦੇ ਸਮਰਥਨ ਚ ਰੈਲੀ ਨੂੰ ਸੰਬੋਧਨ ਕੀਤਾ।
**ਭਾਸ਼ਣ :** ਇਨਕਾ ਸਰਕਾਰ ਦੇ ਦੇ ਨਾਅਰੇ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾਉਣ ਵਾਲੇ ਹਨ। - ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**03 ਅਗਸਤ 1986** ਨੂੰ ਵਰੇਲੀ ਆਗਰਾ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
ਗਾਂਧੀ ਦੇ ਚੇਲਿਆਂ ਦੇ ਨਕਾਬ ਨੂੰ ਉੱਤਾਰ ਕੇ ਉਨ੍ਹਾਂ ਨੂੰ ਨੰਗਾ ਕੀਤਾ ਜਾ ਸਕਦਾ ਹੈ।
**ਭਾਸ਼ਣ:** ਅਸੀਂ ਦੁਸ਼ਮਣ ਦੀ ਯੋਜਨਾ ਨੂੰ ਅਸਤ ਵਿਅਸਤ ਕੀਤਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**05 ਅਗਸਤ 1990** ਨੂੰ ਨਵੀਂ ਦਿੱਲੀ, ਕੰਨਸੀਟਿਊਸ਼ਨ ਕਲੱਬ ਮੈਦਾਨ ਚ ਜਨਸਭਾ ਨੂੰ ਸੰਬੋਧਨ ਕੀਤਾ।
ਸਮਾਜ ਦੀ ਤਿਆਰੀ ਕਰਕੇ ਸੰਸਦ 'ਚ ਜਾਊਂਗਾ।
ਜਦੋਂ ਤੱਕ ਜਾਤੀਆਂ ਤਦ ਤੱਕ ਰਾਖਵਾਂਕਰਨ ਦਾ ਆਧਾਰ ਜਾਤੀਆਂ।
**ਭਾਸ਼ਣ:** ਵੋਟ ਦਾ ਅਧਿਕਾਰ ਸਾਨੂੰ ਵਿਕਣ ਦੇ ਲਈ ਨਹੀਂ ਬਲਕਿ ਗੁਲਾਮੀਂ ਤੋਂ ਮੁਕਤੀ ਪਾਉਣ ਲਈ ਮਿਲਿਆ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**05 ਅਗਸਤ 1998** ਨਵੀਂ ਦਿੱਲੀ ਵਿਖੇ ਜਨਸਭਾ ਨੂੰ ਸੰਬੋਧਨ ਕੀਤਾ।
ਆਪਣੇ ਵੋਟ ਦੀ ਤਾਖਤ ਦਾ ਇਸਤੇਮਾਲ ਕਰਕੇ ਇਸ ਦੇਸ਼ ਦਾ ਹੁਕਮਰਾਨ ਆਸਾਨੀ ਨਾਲ ਬਣ ਸਕਦੇ ਹੈ ਆਪਣੀ ਸਾਰੀਆਂ ਪ੍ਰੇਸ਼ਾਨੀਆਂ, ਸ਼ੋਸ਼ਣ, ਅਨ੍ਹਿਆ ਅੱਤਿਆਚਾਰ ਦਾ ਅੰਤ ਕਰ ਸਕਦੇ ਹਾਂ।
**ਭਾਸ਼ਣ :** ਵੋਟ ਦਾ ਅਧਿਕਾਰ ਸਾਨੂੰ ਵਿਕਣੇ ਦੇ ਲਈ ਨਹੀਂ ਬਲਕਿ ਗੁਲਾਮੀ ਤੋਂ ਮੁਕਤ ਹੋਣ ਲਈ ਮਿਲਿਆ ਹੈ ।
- ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**05 ਅਗਸਤ 1998** ਨੂੰ ਨਵੀਂ ਦਿੱਲੀ ਵਿਖੇ ਭਾਰਤੀ ਸ਼ਰਣਾਰਥੀ ਅੰਦੋਲਨ ਦੇ ਤਹਿਤ ਸੰਸਦ ਭਵਨ ਤੇ ਵਿਸ਼ਾਲ ਪ੍ਰਦਰਸ਼ਨ ਅਯੋਜਿਤ ਕੀਤਾ ਗਿਆ। ਇਹ ਪ੍ਰਦਰਸ਼ਨ ਰਾਮਲੀਲਾ ਗਰਾਊਂਡ ਮੈਦਾਨ ਤੋਂ ਚੱਲ ਕੇ 04 ਕਿਲੋਮੀਟਰ ਪੈਦਲ ਰਸਤਾ ਤੈਅ ਕਰਕੇ ਸੰਸਦ ਭਵਨ ਨੇੜੇ ਪਾਰਲੀਮੈਂਟ ਸਟਰੀਟ ਥਾਣੇ ਦੇ ਸਾਹਮਣੇ ਸਮਾਪਤ ਹੋਇਆ।
ਡਾ. ਅੰਬੇਡਕਰ ਜੀ ਨੇ 1932 ਵਿੱਚ ਅੰਗਰੇਜ਼ ਤੋਂ ਸਾਡੇ ਸਮਾਜ ਦੇ ਲਈ ਵੱਡੇ ਸੰਘਰਸ਼ ਅਤੇ ਮਿਹਨਤ ਨਾਲ ਵੋਟ ਦਾ ਅਧਿਕਾਰ ਪ੍ਰਾਪਤ ਕੀਤਾ ਸੀ।
**ਭਾਸ਼ਣ:** ਸਮਾਜਿਕ ਆਰਥਿਕ ਪਰਿਵਰਤਨ ਅੰਦੋਲਨ &;#39; ਚ ਕਰਮਚਾਰੀ. ਅਧਿਕਾਰੀ ਬਿਨਾਂ ਸੰਗਠਨ ਦੇ ਯੋਗਦਾਨ ਕਰ ਸਕਦੇ ਹੈ। - ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**06 ਅਗਸਤ 2000** ਨੂੰ ਛੱਤੀਸਗੜ੍ਹ , ਰਾਜਧਾਨੀ ਰਾਏਪੁਰ ਵਿਖੇ ਡਾਕਟਰ ਮਹਾਂਵਿਦਿਆਲਾ ਵਿਖੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਅਤੇ ਪਿਛੜੇ ਵਰਗ ਦਾ ਸੰਮੇਲਨ, ਸਮਾਜਿਕ ਅਤੇ ਆਰਥਿਕ ਸਮਾਨਤਾ ਦੇ ਅੰਦੋਲਨ 'ਚ ਕਰਮ-ਚਾਰੀ ਦਾ ਯੋਗਦਾਨ ਵਿਸ਼ੇ ਜਨਸਭਾ ਆਯੋਜਿਤ ਕੀਤੀ।
**ਭਾਸ਼ਣ :-** ਜਵਾਹਰ ਯੋਜਨਾ ਦੇ ਨਾਮ 'ਤੇ ਵੋਟ ਨਹੀਂ ਬਟੋਰੇ ਦੰਗੇ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**07 ਅਗਸਤ 1989** ਨੂੰ ਉੱਤਰ ਪ੍ਰਦੇਸ਼, ਗੋਰਖਪੁਰ ਵਿਖੇ ਸੰਬੋਧਨ ਕੀਤਾ।
**ਭਾਸ਼ਣ:** ਜਾਟ ਵੀ ਬ੍ਰਾਹਮਣਵਾਦ ਦੇ ਸ਼ਿਕਾਰ ਰਹੇ ਹਨ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**07 ਅਗਸਤ 1990** ਨੂੰ ਨਵੀਂ ਦਿੱਲੀ, ਸੰਸਦ ਭਵਨ ਦੇ ਬਾਹਰ ਵਿਸ਼ਾਲ ਪ੍ਰਦਰਸ਼ਨ ਨੂੰ ਸੰਬੋਧਨ ਕੀਤਾ।
ਦੇਵੀਲਾਲ ਦਾ ਆਜੀਗਰ ਬ੍ਰਾਹਮਣਾਂ, ਬਣੀਆਂ ਅਤੇ ਕੱਸ਼ਤਰੀ ਦੇ ਵੀ ਗੱਲੇ ਨਹੀਂ ਉਤਰਦਾ।
**ਭਾਸ਼ਣ :** ਉੱਤਰ ਪ੍ਰਦੇਸ਼ ਦੇ ਵਿਧਾਨਸਭਾ ਚੋਣਾਂ ਚ ਬਸਪਾ ਧਾਂਦਲੀ ਨਹੀਂ ਹੋਣ ਦੇਵੇਗੀ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**08 ਅਗਸਤ 1996** ਨੂੰ ਉੱਤਰ ਪ੍ਰਦੇਸ਼, ਲਖਨਊ, ਗਾਂਧੀ ਭਵਨ ਚ ਸਮਾਰੋਹ ਦੌਰਾਨ ਸੰਬੋਧਨ ਕੀਤਾ।
**ਭਾਸ਼ਣ:** ਦੇਸ਼ ਚ ਮਨੂੰਵਾਦੀ ਸਮਾਜ ਵਿਵਸਥਾ ਦੇ ਕਾਰਨ ਹੀ ਅੱਜ ਸਮਾਜ ਚ ਤਣਾਓ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**08 ਅਗਸਤ 1999** ਨੂੰ ਰਾਜਸਥਾਨ, ਭਿਵਾਨੀ ਵਿਖੇ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ।
**ਭਾਸ਼ਣ:** ਗ੍ਰਾਮਣੀ ਸੰਮੇਲਨ ਦੀ ਅੱਜ ਕਾਫ਼ੀ ਜਰੂਰਤ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**09 ਅਗਸਤ 1981** ਨੂੰ ਉੱਤਰ ਪ੍ਰਦੇਸ਼, ਲਖਨਊ ਵਿਖੇ ਗ੍ਰਾਮਣੀ ਸੰਮੇਲਨ ਨੂੰ ਸੰਬੋਧਨ ਕੀਤਾ।
**ਭਾਸ਼ਣ:** ਮੁਸਲਿਮ ਭਾਈਚਾਰੇ ਅਤੇ ਦਲਿਤ ਭਾਈਚਾਰੇ ਦੋਨੋਂ ਮਨੂੰਵਾਦੀ ਵਿਵਸਥਾ ਦੁਆਰਾ ਸੱਤਾਏ ਗਏ ਲੋਕ ਹਨ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**09 ਅਗਸਤ 1999** ਨੂੰ ਪੂਰਬੀ ਦਿੱਲੀ, ਰਾਜੀਵ ਗਾਂਧੀ ਸਟੇਡੀਅਮ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।

**10 ਅਗਸਤ 1984** ਨੂੰ ਬਹੁਜਨ ਸਮਾਜ ਪਾਰਟੀ ਦੀ 200 ਤੋਂ ਵੱਧ ਮਹਿਲਾ ਵਰਕਰਾਂ ਨੇ ਮੰਡਲ ਕਮਿਸ਼ਨ ਰਿਪੋਰਟ ਦੇ ਸਮਰਥਨ 'ਚ ਗ੍ਰਿਫ਼ਤਾਰੀ ਦਿੱਤੀ।
**ਭਾਸ਼ਣ :** ਪ੍ਰਧਾਨ ਮੰਤਰੀ ਖੁਦ ਅਧਿਕਾਰ ਖੇਤਰ ਤੋਂ ਬਾਹਰ ਆ ਕੇ ਕੰਮ ਕਰਕੇ ਸਰਕਾਰੀ ਅੱਤਵਾਦ ਨੂੰ ਵੱਧਵਾ ਦੇ ਰਿਹਾ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**10 ਅਗਸਤ 1993** ਨੂੰ ਨਵੀਂ ਦਿੱਲੀ ਵਿਖੇ, ਪੰਜਾਬ ਭਵਨ ਅਤੇ ਪ੍ਰਧਾਨਮੰਤਰੀ ਨਿਵਾਸ ਸਥਾਨ ਤੇ ਵਿਸ਼ਾਲ ਪ੍ਰਦਰਸ਼ਨ ਕੀਤਾ।
**ਭਾਸ਼ਣ:** ਗੁਰੂਆਂ ਦੀ ਧਰਤੀ ਪੰਜਾਬ ਚ ਮਨੂੰਵਾਦ ਦਾ ਬੋਲਬਾਲਾ ਨਹੀਂ ਹੋਣ ਦੇਣਗੇ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**10 ਅਗਸਤ 1999** ਨੂੰ ਚੰਡੀਗੜ੍ਹ, ਸੈਕਟਰ 22 ਨਹਿਰੂ ਪਾਰਕ ਵਿਖੇ ਸੰਬੋਧਨ ਕੀਤਾ।
**ਭਾਸ਼ਣ :** ਬਸਪਾ ਦਲਿਤਾਂ , ਪਿਛੜੇ ਅਤੇ ਮੁਸਲਿਮ ਨੂੰ ਇਕ ਸੂਤਰ 'ਚ ਪੌਰੇਗੀ। - ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**12 ਅਗਸਤ 1996** ਨੂੰ ਰਾਜਸਥਾਨ , ਬੀਕਾਨੇਰ, ਰਤਨਬਿਹਾਰੀ ਪਾਰਕ ਵਿਖੇ ਦਲਿਤ, ਪਿਛੜਾ ਵਰਗ ਅਤੇ ਮੁਸਲਿਮ ਏਕਤਾ ਸੰਮੇਲਨ ਆਯੋਜਿਤ ਕੀਤਾ ਗਿਆ। ਸਾਡਾ ਲਕਸ਼ ਜਾਤ ਤੋੜ ਕੇ ਸਮਾਜ ਨੂੰ ਜੋੜਣ ਦਾ ਹੈ।
**ਭਾਸ਼ਣ:** ਬਹੁਜਨ ਸਮਾਜ ਨਿਰਭਰਤਾ ਦਾ ਅੰਤ ਕਰੇਗਾ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**13 ਅਗਸਤ 1997** ਨੂੰ ਨਵੀਂ ਦਿੱਲੀ ਵਿਖੇ ਜਨਪਥ ਹੋਟਲ ਚ ਕਾਨਫਰੰਸ ਹਾਲ ਸੰਬੋਧਨ ਕੀਤਾ।
**ਭਾਸ਼ਣ:** ਮਾਨਵਤਾਵਾਦ ਦੀ ਸਥਾਪਨਾ ਦੇ ਲਈ ਬਸਪਾ ਨੂੰ ਕਾਮਯਾਬ ਬਣਾਏ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**13 ਅਗਸਤ 1999** ਨੂੰ ਭੋਪਾਲ ਵਿਖੇ ਭੁੱਲ ਸੁਧਾਰ ਰੈਲੀ ਵਿੱਚ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** ਬਾਬਾ ਸਾਹਿਬ ਦਾ ਕਾਰਵਾਂ ਸਾਨੂੰ ਆਪਣੇ ਬਲਬੂਤੇ 'ਤੇ ਅੱਗੇ ਵੱਧਣਾ ਹੈ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**14 ਅਗਸਤ 1984** ਨੂੰ ਨਵੀਂ ਦਿੱਲੀ, ਮੰਡਲ ਕਮਿਸ਼ਨ ਰਿਪੋਰਟ ਸਮਰਥਨ ਦੇਣ ਤੇ 3743 ਵਰਕਰਾਂ ਨੇ ਗ੍ਰਿਫਤਾਰੀ ਦਿੱਤੀ, ਵੋਟ ਕਲੱਬ ਤੇ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਨੇ ਸੰਬੋਧਨ ਕੀਤਾ।
"ਚਮਚਾਗਿਰੀ ਦੀ ਆਦਤ ਖੂਨ ਵਿਚ ਘਰ ਕਰ ਗਈ ਹੈ, ਇਸ ਲਈ ਸਾਡੇ ਸਮਾਜ ਦੂਸਰੇ ਲੋਕਾਂ ਦੇ ਕੁਝ ਟੁਕੜਿਆਂ ਦੀ ਪਾਲਣਾ ਕਰਨ ਦੀ ਆਦਤ ਪੈ ਗਈ ਹੈ। ਇਸ ਨੀਤੀ ਨੂੰ ਤਿਆਗ ਕੇ ਸਾਨੂੰ ਮਨੁੱਖ ਬਣਨਾ ਪਵੇਗਾ ਅਤੇ ਉਨ੍ਹਾਂ ਮਨੂੰਵਦੀਆਂ ਨੂੰ ਮਨੁੱਖ ਬਣਾਉਣ ਦਾ ਤਰੀਕਾ ਵੀ ਅਪਣਾਉਣਾ ਪਏਗਾ। ਸਾਨੂੰ ਆਪਣੀ ਤਾਕਤ 'ਤੇ ਅੱਗੇ ਵਧਣਾ ਪਏਗਾ।
**ਭਾਸ਼ਣ:** ਬਿਹਾਰ ਨੂੰ ਜਪਾਨ ਤੋਂ ਵੱਧ ਪੂਰਾ ਹੋਣਾ ਚਾਹੀਦਾ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**14 ਅਗਸਤ 1989** ਨੂੰ ਬਿਹਾਰ, ਗੋਪਾਲਗੰਜ ਵਿਖੇ ਸਮਾਜਿਕ ਪਰਿਵਰਤਨ ਅਤੇ ਆਰਥਿਕ ਪਰਿਵਰਤਨ ਦੀ ਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** ਦੇਖੋ ਕਿਸਦੀ ਇਬਾਦਤਗ੍ਰਾਹ ਕਿਵੇਂ ਖੋਹੀ ਜਾਦੇਂ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**14 ਅਗਸਤ 1989** ਨੂੰ ਆਜਮਗੜ ਵਿਖੇ ਸਮਾਜਿਕ ਪਰਿਵਰਤਨ ਦੇ ਤਹਿਤ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ :** ਮੈਨੂੰ ਬਹੁਜਨ ਸਮਾਜ 'ਤੇ ਪੂਰਾ ਭਰੋਸਾ ਹੈ ਹੁਣ ਦਲ ਬਦਲ ਨਹੀਂ ਹੋਣ ਦੇਵਾਂਗੇ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**14 ਅਗਸਤ 1994** ਨੂੰ ਮੇਰਠ ਵਿਖੇ ਵਿਸ਼ਾਲ ਰੈਲੀ 'ਚ 2 ਲੱਖ ਲੋਕਾਂ ਨੂੰ ਸੰਬੋਧਨ ਕੀਤਾ।
**ਭਾਸ਼ਣ :** ਅਸੀਂ ਸੰਵਤਤਰਤਾ ਦਿਵਸ ਮਨਾ ਰਹੇ ਹਾਂ ਲੇਕਿਨ ਦਲਿਤ ਸ਼ੋਸ਼ਿਤ ਸਮਾਜ ਦੇ ਲੋਕ ਸੰਵਤਤਰ ਨਹੀਂ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1983** ਨੂੰ ਪੰਜਾਬ, ਹੁਸ਼ਿਆਰਪੁਰ ਵਿਖੇ 36ਵੇਂ ਸੰਤਤਰਤਾ ਦਿਵਸ ਮੌਕੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।

**15 ਅਗਸਤ 1984** ਤੱਕ ਅੱਧਾ ਭਾਰਤ ਅਨ੍ਹਿਆਂ ਅੱਤਿਆਚਾਰ ਤੋਂ ਮੁਕਤ ਹੋਵੇਗਾ।, ਕੋਈ ਅਨ੍ਹਿਆਂ ਅੱ-ਤਿਆਚਾਰ ਕਰਨੇ ਦੀ ਕੋਈ ਹਿੰਮਤ ਨਹੀਂ ਕਰੂਗਾਂ।
**ਭਾਸ਼ਣ :** ਆਪਣੀ ਆਜ਼ਾਦੀ ਦੇ ਲਈ ਸਾਨੂੰ ਖੁਦ ਹੀ ਸੋਚਣਾ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1984** ਨਵੀਂ ਦਿੱਲੀ, ਵਜੀਰਪੁਰ ਜੇ.ਜੇ. ਕਲੋਨੀ ਅਸ਼ੋਕ ਬੁੱਧ ਵਿਹਾਰ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** ਦੁਸ਼ਮਣ ਤਾਂ ਦੁਸ਼ਮਣੀ ਕਰੇਗਾ ਹੀ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1988** ਨੂੰ ਨਵੀਂ ਦਿੱਲੀ ਵਿਸ਼ਾਲ ਵਰਕਰ ਸੰਮੇਲਨ ਨੂੰ ਸੰਬੋਧਨ ਕੀਤਾ।
**ਭਾਸ਼ਣ:** ਅਸੀਂ ਜ਼ਮੀਨ ਨਹੀਂ, ਮਜ਼ਦੂਰ ਖੋਹ ਲਵਾਂਗੇ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1988** ਨੂੰ ਮੇਰਠ ਵਿਖੇ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ ਦਾ ਉਦਘਾਟਨ ਕੀਤਾ ਅਤੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** ਬਹੁਜਨਾਂ ਨੂੰ ਆਜ਼ਾਦੀ ਦਾ ਸ਼ੌਕ ਪਾਉਣਾ ਹੋਵੇਗਾ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1990** ਨੂੰ ਨਵੀਂ ਦਿੱਲੀ ਨੂੰ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ। ਬਹੁਜਨਾਂ ਨੂੰ ਆਜ਼ਾਦੀ ਦਾ ਸ਼ੌਕ ਪਾਉਣਾ ਹੋਵੇਗਾ।
**ਭਾਸ਼ਣ:** 44 ਸਾਲ ਦੀ ਆਜ਼ਾਦੀ ਦੇ ਬਾਅਦ ਵੀ ਬਹੁਜਨਾਂ ਦੀ ਦੁਰਦਸ਼ਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1991** ਨੂੰ ਇਟਾਵਾ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
ਪ੍ਰਜਾਤੰਤਰ 'ਚ ਸਰਕਾਰੀ ਮਸ਼ੀਨਰੀ ਦੇ ਸਹਿਯੋਗ ਨਾਲ ਵੋਟ ਲੁੱਟਕੇ ਲੈ ਗਏ।
**ਭਾਸ਼ਣ:** ਜ਼ੁਲਮ ਜ਼ਿਆਦਤੀ ਦੇ ਅੰਤ ਲਈ ਨਿਰਭਰਤਾ ਦਾ ਅੰਤ ਜ਼ਰੂਰੀ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1992** ਨੂੰ ਨਵੀਂ ਦਿੱਲੀ, ਕਾਨਸੀਟਿਊਟਸ਼ਨ ਕਲੱਬ ਮੈਦਾਨ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
ਬਹੁਜਨ ਸਮਾਜ ਦੀ ਨਿਰਭਰਤਾ ਦਾ ਅੰਤ ਕਰਨਾ ਹੋਵੇਗਾ। ਜੋ ਸਰਕਾਰ ਨਿਕੰਮੀ ਹੈ, ਉਹ ਸਰਕਾਰ ਬਦਲਣੀ ਹੈ
**ਭਾਸ਼ਣ:** ਬਹੁਜਨ ਸਮਾਜ ਖੁਦ ਆਪਣੇ ਵੋਟ ਦੀ ਹਿਫਾਜ਼ਤ ਲਈ ਤਿਆਰ ਹੋਵੇ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**15 ਅਗਸਤ 1993** ਨੂੰ ਹਿਮਾਚਲ, ਬਿਲਾਸਪੁਰ ਵਿਖੇ, ਭਾਰਤੀ ਭਾਗੇਦਾਰੀ ਅੰਦੋਲਨ ਦੇ ਤਹਿਤ ਜਨਸਭਾ ਨੂੰ ਸੰਬੋਧਨ ਕੀਤਾ।

**16 ਅਗਸਤ 1988** ਨੂੰ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਨੇ ਭਾਰਤੀ ਸ਼ਰਨਾਰਥੀ ਅੰਦੋਲਨ ਦੇ ਲਈ ਮਾਵਲੰਕਰ ਹਾਲ ਮੈਦਾਨ ਨਵੀਂ ਦਿੱਲੀ ਵਿਖੇ ਵਿਸ਼ਾਲ ਵਰਕਰਾਂ ਦੀ ਬੈਠਕ ਨੂੰ ਸੰਬੋਧਨ ਕੀਤਾ।
**ਭਾਸ਼ਣ :** ਬਹੁਜਨ ਸਮਾਜ ਨੂੰ ਆਪਣੀ ਆਵਾਜ਼ ਅਤੇ ਵੱਧ ਬੁਲੰਦ ਕਰਨੀ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**16 ਅਗਸਤ 1988** ਨੂੰ ਨਵੀਂ ਦਿੱਲੀ ਵਿਖੇ ਭਾਰਤੀ ਸ਼ਰਨਾਰਥੀ ਅੰਦੋਲਨ ਦੇ ਉਦਘਾਟਨ ਮੌਕੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ :** ਬਸਪਾ ਦਾ ਲਕਸ਼ ਪ੍ਰਜਾਤੰਤਰ ਦੀ ਬਹਾਲੀ
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

16 ਅਗਸਤ 1996 ਨੂੰ ਇਲਾਹਾਬਾਦ ਮੰਡਲ ਪੱਧਰ ਸੰਮੇਲਨ ਨੂੰ ਸੰਬੋਧਨ ਕੀਤਾ। ਆਜ਼ਾਦ ਦੇਸ਼ ਚ ਬਹੁਜਨ ਦੂਸਰਿਆਂ ਤੇ ਨਿਰਭਰ ਕਿਉਂ?
**ਭਾਸ਼ਣ:** ਆਪਣੇ ਮਹਾਪੁਰਸ਼ਾਂ ਦੇ ਸੰਘਰਸ਼ ਦੇ ਕਾਰਨ ਹੀ ਅਸੀਂ ਇੱਥੇ ਤੱਕ ਪਹੁੰਚੇ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**16 ਅਗਸਤ 1996** ਨੂੰ ਨਵੀਂ ਦਿੱਲੀ, ਚਿੰਤਰਜਨ ਪਾਰਕ ਵਿਖੇ ਹਰਿਚੰਦ-ਗੁਰਚੰਦ ਠਾਕੁਰ ਜਯੰਤੀ ਸਮਾਰੋਹ ਨੂੰ ਸੰਬੋਧਨ ਕੀਤਾ।
**ਭਾਸ਼ਣ:** ਕੋਈ ਵੀ ਮਨੂੰਵਾਦੀ ਦਲ ਬਹੁਜਨ ਸਮਾਜ ਦੇ ਹਿੱਤ ਵਿੱਚ ਨਹੀਂ। :- ਸਾਹਿਬ ਸ਼੍ਰੀ ਕਾਂਸ਼ੀਰਾਮ ਜੀ

**18 ਅਗਸਤ 2002** ਨੂੰ ਗੁਜਰਾਤ , ਰਾਜਕੋਟ ਵਿਖੇ ਜ਼ੇਬਰ ਚੌਂਕ ਵਿੱਚ ਵਿਸ਼ਾਲ ਰੈਲੀ ਆਯੋਜਿਤ ਕੀਤੀ ਗਈ।
**ਭਾਸ਼ਣ:** ਮਨੂੰਵਾਦ ਵਿਵਸਥਾ ਨੂੰ ਉਖਾੜ ਸੁੱਟਣਾ ਦਾ ਵਖ਼ਤ ਆ ਗਿਆ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**19 ਅਗਸਤ 1998** ਨੂੰ ਤਾਰਾਨਗਰ, ਜਿਲਾ ਚੂਰ 'ਚ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** ਬਹੁਜਨ ਸਮਾਜ ਨੂੰ ਹੁਕਮਰਾਨ ਸਮਾਜ ਬਣਨਾ ਹੋਵੇਗਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**19 ਅਗਸਤ 1998** ਨੂੰ ਕੇਸਰੀ ਸਿੰਘਪੁਰ, ਸ਼ੁਭਾਸ਼ ਪਾਰਕ ਵਿਖੇ ਜਨਸਭਾ ਨੂੰ ਸੰਬੋਧਨ।
**ਭਾਸ਼ਣ:** ਬਿਹਾਰ ਦੇ ਸ਼ੋਸ਼ਿਤਾਂ ਆਪਣੇ ਪੈਰਾਂ ਤੇ ਖੜ੍ਹੇ ਹੋਵੋ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**19 ਅਗਸਤ 1999** ਨੂੰ ਰਾਂਚੀ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** ਲਾਲਚੀ ਬਣੇ ਲੋਕਾਂ ਨੂੰ ਇਕ ਜੁੱਟ ਹੋਣਾ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**20 ਅਗਸਤ 1989** ਨੂੰ ਹੈਦਰਾਬਾਦ, ਪਾਰਟੀ ਦਫ਼ਤਰ ਦਾ ਉਦਘਾਟਨ ਮੌਕੇ ਵਿਸ਼ਾਲ ਜਨਸਭਾ ਨੂੰ ਸੰਬੋਧਨ।
**ਭਾਸ਼ਣ:** ਕਾਂਗਰਸ ਅਤੇ ਭਾਜਪਾ ਦੇ ਤੋਤੇ ਬੋਲਣ ਲੱਗੇ। :\
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**20 ਅਗਸਤ 1993** ਨੂੰ ਮੱਧ ਪ੍ਰਦੇਸ਼, ਭਾਰਤੀ ਹਿੱਸੇਦਾਰੀ ਅੰਦੋਲਨ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ।
**ਭਾਸ਼ਣ:** ਅਗਲੇ ਆਮ ਚੋਣਾਂ ਵਿੱਚ ਬੀਐੱਸਪੀ ਕੇਂਦਰ 'ਚ ਸਰਕਾਰ ਬਣਾਏਗੀ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**20 ਅਗਸਤ 1994** ਨੂੰ ਭੁਭਆ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
**ਭਾਸ਼ਣ:** 35 ਫੀਸਦੀ ਵੋਟ ਪਾ ਕੇ 85 ਫੀਸਦੀ ਵੋਟਾਂ ਵਾਲੇ ਬਹੁਜਨ ਸਮਾਜ ਦੀ ਆਪਣੇ ਬਲਬੂਤੇ 'ਤੇ ਸਰਕਾਰ ਬਣ ਸਕਦੀ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**20 ਅਗਸਤ 1998** ਨੂੰ ਦਿੱਲੀ ਦੀਆਂ ਵਿਭਿੰਨ ਕਾਲੋਨੀਆਂ ਵਿਖੇ ਝੰਡਾ ਲਹਿਰਾਉਣਾ ਦਾ ਪ੍ਰੋਗਰਾਮ ਉਲੀਕਿਆ ਗਿਆ।

**22 ਅਗਸਤ 1982** ਨੂੰ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਨੇ ਪੰਜਾਬ, ਕੋਟਫੌਤਈ ਵਿਖੇ 4 ਦੀ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ। ਇਸ ਜਨਸਭਾ ਦੌਰਾਨ ਰਸ਼ਪਾਲ ਰਾਜੂ ਅਤੇ ਐਡਵੋਕੇਟ ਮਲਕੀਤ ਸਿੰਘ ਅਤੇ ਹੋਰ ਅਨੇਕਾਂ ਵਰਕਰਾਂ ਵੀ ਸ਼ਾਮਿਲ ਸਨ।
**ਭਾਸ਼ਣ :** ਸੰਗਠਨ ਸ਼ਕਤੀ ਨੂੰ ਵਧਾਉਣ ਦੇ ਲਈ ਸਮਾਜ ਦੇ ਹਰ ਅੰਗ ਦੀ ਜਿੰਮੇਵਾਰੀ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**22 ਅਗਸਤ 1992** ਨੂੰ ਭੋਪਾਲ ਵਿਖੇ ਬਹੁਜਨ ਵਿਦਿਆਰਥੀ, ਯੁਵਾ ਅਤੇ ਮਹਿਲਾ ਮੋਰਚਾ ਦਾ ਸਯੁੰਕਤ ਸੰਮੇਲਨ ਨੂੰ ਸੰਬੋਧਨ ਕੀਤਾ।
ਸਾਨੂੰ ਬ੍ਰਾਹਮਣਵਾਦੀ ਵਿਵਸਥਾ ਨੂੰ ਟਕਾਈ ਰੱਖਣ ਵਾਲੀ ਵਿਸਾਖੀਆਂ ਹਟਾਉਣੀ ਹੋਵੇਗੀ।
**ਭਾਸ਼ਣ:** ਵਰਤਮਾਨ ਬਦਲਾ ਰਿਹਾ ਹੈ, ਭੱਵਿਖ ਬਹੁਜਨ ਸਮਾਜ ਦਾ ਹੀ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**22 ਅਗਸਤ 1993** ਨੂੰ ਮੱਧ ਪ੍ਰਦੇਸ਼, ਰਾਏਪੁਰ ਵਿਖੇ ਭਾਰਤੀ ਹਿੱਸੇਦਾਰੀ ਅੰਦੋਲਨ ਦੀ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
ਕਾਂਗਰਸ ਅਤੇ ਹੋਰਾਂ ਨੇ ਓ. ਬੀ. ਸੀ. ਨਾਲ ਵਿਸ਼ਵਾਸਘਾਤ ਕੀਤਾ।
**ਭਾਸ਼ਣ:** ਬਹੁਜਨ ਸਮਾਜ ਮਨੂੰਵਾਦੀ ਦਾ ਪਿੱਛਲਾਗੂਪਾਨ ਛੱਡੇ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**22 ਅਗਸਤ 1998** ਨੂੰ ਤ੍ਰਿਲੋਕਪੁਰੀ, ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਦਾ ਪ੍ਰੋਗਰਾਮ ਆਯੋਜਿਤ ਕੀਤੀ ਗਈ।
ਚੱਲੇਗਾ ਹਾਥੀ ਉੱਡੇਗੀ ਧੂੜ, ਨਾ ਰਹੇਗਾ ਪੰਜਾ, ਨਾ ਰਹੇਗਾ ਫੂਲ। ਬੀਐੱਸਪੀ ਕੀ ਪਹਿਚਾਣ ਨੀਲਾ ਝੰਡਾ ਹਾਥੀ ਨਿਸ਼ਾਨ। ਬੀਜੇਪੀ ਹੋਸ਼ 'ਚ ਆਓ ਦਲਿਤੋਂ ਸੇ ਮੱਤ ਟੱਕਰਾਓ। ਸੂਰਜਭਾਨ ਹੋਸ਼ ਚ ਆਓ ਅੰਬੇਡਕਰ ਸੇ ਮੱਤ ਟਕਰਾਓ।

**23 ਅਗਸਤ 1988** ਨੂੰ ਸਾਹਿਬ ਸ਼੍ਰੀ ਕਾਸ਼ੀਰਾਮ ਜੀ ਨੇ ਤਾਮਿਲਨਾਡੂ ਦੇ ਪਿਛੜੇ ਵਰਗ ਦੇ ਸੰਗਠਨ ਵਨੀਯਾਰ ਸੰਗਮ, ਦੇ ਪ੍ਰਧਾਨ ਨਾਲ ਵਿਚਾਰ ਵਟਾਂਦਰਾ ਕੀਤਾ।
**ਭਾਸ਼ਣ:** ਸਾਨੂੰ ਮਰੇ ਜਾਨਵਰਾਂ ਦਾ ਨਹੀਂ ਜ਼ੁਲਮੀ ਦਾ ਚਮੜਾ ਉਧੇੜਨੇ ਦੀ ਤਿਆਰੀ ਕਰਨੀ ਚਾਹੀਦੀ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**23 ਅਗਸਤ 1992** ਨੂੰ ਜੱਬਲਪੁਰ, ਸਿੰਧੀ ਧਰਮਸ਼ਾਲਾ ਵਿਖੇ ਵਿਸ਼ਾਲ ਜਨਸਭਾ ਦੌਰਾਨ ਸੰਬੋਧਨ ਕੀਤਾ।
ਬਿਨਾਂ ਸੰਘਰਸ਼ ਸੈਵਮਾਨਵੀ ਜਿੰਦਗੀ ਨਹੀਂ ਜੀਅ ਪਾ ਸਕਦੇ।
**ਭਾਸ਼ਣ:** ਭਾਜਪਾ ਅਤੇ ਪਵਾਰ ਦੀ ਪਾਰਟੀ ਦੇ ਦੌਰਾਨ ਗੁਪਤ ਸਮਝੌਤਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

24 ਅਗਸਤ ਔਰਗਾਵਾਦ, ਵਿਖੇ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ।
**ਭਾਸ਼ਣ:** ਆਤਮ ਵਿਸ਼ਵਾਸ ਦੇ ਬਿਨਾਂ ਕਰਨਾ ਬਹੁਤ ਮੁਸ਼ਕਿਲ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**25 ਅਗਸਤ 1980** ਨੂੰ ਮਹਾਰਾਸ਼ਟਰ, ਨਾਸਿਕ ਵਿਖੇ ਬਾਮ-ਸੇਫ ਖੇਤਰੀ ਕਾਨਫਰੰਸ ਸੰਬੋਧਤ ਕੀਤਾ।
**ਭਾਸ਼ਣ:** ਸਾਨੂੰ ਅਲਪਜਨ ਨੂੰ ਜੋੜਕੇ ਬਹੁਜਨ ਬਣਨਾ ਹੈ।
- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**25 ਅਗਸਤ 1990** ਨੂੰ ਦਿੱਲੀ, ਪੰਜਾਬੀ ਬਾਗ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ। ਮਨੂੰਵਾਦ ਦੀਆਂ ਨੀਤੀਆਂ ਨੇ ਸਾਨੂੰ ਬੇਰੁਜਗਾਰ ਬਣਾਇਆ।
**ਭਾਸ਼ਣ :** ਸਾਨੂੰ ਮੰਗਣ ਵਾਲਾ ਨਹੀਂ ਦੇਣੇ ਵਾਲਾ ਬਣਨਾ ਹੋਵੇਗਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**26 ਅਗਸਤ 1990** ਨੂੰ ਨਵੀਂ ਦਿੱਲੀ, ਨਜਫਗੜ ਅਤੇ ਸ਼ਾਹਬਾਦ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।
ਤੁਸੀਂ ਬੰਦੇ ਦੇ ਪੁੱਤ ਬਣ ਜਾਓ ਦੁਸ਼ਮਣ ਨੂੰ ਮੈ ਆਪੇ ਹੀ ਬੰਦੇ ਦੇ ਪੁੱਤ ਬਣਾ ਦੇਣਾ ਹੈ।
**ਭਾਸ਼ਣ :** ਬਸਪਾ ਗੁੰਡਾਗਰਦੀ ਅਤੇ ਸੰਪਰਦਾਇਕਤਾ ਦਾ ਅੰਤ ਕਰੇਗੀ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**26 ਅਗਸਤ 1996** ਨੂੰ ਨਵੀਂ ਦਿੱਲੀ, ਸੰਸਦ ਭਵਨ 'ਤੇ ਧਰਨਾ ਪ੍ਰਦਰਸ਼ਨ।
ਉੱਤਰ ਪ੍ਰਦੇਸ਼ ਚ ਬਸਪਾ ਸਰਕਾਰ ਨ1 ਲੱਖ 45 ਹਜ਼ਾਰ ਗੁੰਡਿਆਂ ਨੂੰ ਜੇਲ੍ਹ ਭੇਜ ਦਿੱਤਾ।
**ਭਾਸ਼ਣ:** ਕਸੂਰ ਜਮਾਨੇ ਦਾ ਹੈ ਅਤੇ ਜਮਾਨਾ ਚਮਚਿਆਂ ਦਾ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**28 ਅਗਸਤ 1982** ਨੂੰ ਆਗਰਾ ਵਿਖੇ ਬਾਮਸੇਫ ਦੇ ਅੰਤਰ ਰਾਸ਼ਟਰੀ ਸੰਮੇਲਨ ਨੂੰ ਸੰਬੋਧਨ ਕੀਤਾ।

**28 ਅਗਸਤ 1983** ਨੂੰ ਪੰਜਾਬ, ਨਵਾਸ਼ਹਿਰ, 4 ਸੰਮੇਲਨ ਨੂੰ ਸੰਬੋਧਨ ਕੀਤਾ। ;ਕਿਸੇ ਵੀ ਅੰਦੋਲਨ ਨੂੰ ਛੇੜਨ ਤੋਂ ਪਹਿਲਾਂ

**(ਬਾਕੀ ਅਗਲੇ ਸਫੇ 'ਤੇ)**

# ਹੜ੍ਹਾਂ ਦੀ ਮਾਰ ਤੋਂ ਬਚਾਅ ਕਿਵੇਂ ਹੋਵੇ?



ਡਾ. ਗੁਰਿੰਦਰ ਕੌਰ
001-408-493-9776

ਅੰਤ ਦੇ ਗਰਮ ਅਤੇ ਲੰਮੇ ਸੁੱਕੇ ਮੌਸਮ ਤੋਂ ਬਾਅਦ ਦੋ ਹਫ਼ਤੇ ਪਛੜ ਕੇ ਆਈਆਂ ਮੌਨਸੂਨ ਪੌਣਾਂ ਨੇ ਭਾਰਤ ਦੇ ਪਹਾੜੀ ਉੱਤਰੀ ਰਾਜਾਂ (ਹਿਮਾਚਲ ਪ੍ਰਦੇਸ਼, ਉੱਤਰਾਖੰਡ) ਤੋਂ ਲੈ ਕੇ ਦੱਖਣੀ-ਪੱਛਮੀ ਤੱਟਵਰਤੀ ਰਾਜਾਂ (ਮਹਾਰਾਸ਼ਟਰ, ਕਰਨਾਟਕ, ਗੋਆ, ਅਤੇ ਕੇਰਲ) ਵਿਚ ਭਾਰੀ ਮੀਂਹ ਪੈਣ, ਬੱਦਲ ਫਟਣ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਦੇ ਭਾਰੀ ਤਬਾਹੀ ਮਚਾਈ ਹੋਈ ਹੈ। ਮਹਾਰਾਸ਼ਟਰ ਦੇ ਸਿਤਾਰਾ ਜ਼ਿਲ੍ਹੇ ਦੇ ਪਹਾੜੀ ਸ਼ਹਿਰ ਮਹਾਂਬਲੇਸ਼ਵਰ ਵਿਚ 22 ਜੁਲਾਈ ਨੂੰ 24 ਘੰਟਿਆਂ ਵਿਚ 600 ਮਿਲੀਮੀਟਰ ਮੀਂਹ ਪਿਆ ਹੈ ਜਿਸ ਨੇ ਹੁਣ ਤੱਕ ਦੇ ਸਾਰੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ ਅਤੇ ਇਸ ਰਾਜ ਦੇ ਹੀ ਰਾਏਗੜ੍ਹ ਜ਼ਿਲ੍ਹੇ ਦੇ ਤਾਲੀਏ ਪਿੰਡ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ ਹੈ ਜਿਥੇ ਢਿਗਾਂ ਖਿਸਕਣ ਕਾਰਨ ਹੁਣ ਤੱਕ 212 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਕਾਫ਼ੀ ਗਿਣਤੀ ਵਿਚ ਲੋਕ ਹਾਲੇ ਵੀ ਲਾਪਤਾ ਹਨ ਜਿਸ ਨਾਲ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਤਾਲੀਏ ਪਿੰਡ ਦੇ ਨਾਲ ਨਾਲ ਰਾਏਗੜ੍ਹ ਜ਼ਿਲ੍ਹੇ ਦੇ ਤਿੰਨ ਹੋਰ ਪਿੰਡਾਂ (ਗੋਵੇਲੇ ਸੁਤਰਵਾੜੀ, ਕਿਵਨਾਲੀ, ਅ ਤ ਧਾਮਨੰਦ) ਵਿਚ ਵੀ ਜ਼ਮੀਨ ਖਿਸਕਣ ਨਾਲ ਮੌਤਾਂ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਰਾਏਗੜ੍ਹ ਦੇ ਜ਼ਿਲ੍ਹਾ ਕੁਲੈਕਟਰ ਨੇ ਦੱਸਿਆ ਕਿ ਪਿੰਡਾਂ ਨੂੰ ਕੁਦਰਤੀ ਆਫ਼ਤਾਂ ਦੇ ਕਹਿਰ ਤੋਂ ਬਚਾਉਣ ਲਈ ਇੱਕ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਇਸ ਜ਼ਿਲ੍ਹੇ (ਰਾਏਗੜ੍ਹ) ਦੇ 80 ਪਿੰਡ ਹਲਕੇ ਤੋਂ ਦਰਮਿਆਨੇ ਅਤੇ 9 ਪਿੰਡ ਬਹੁਤ ਹੀ ਜ਼ਿਆਦਾ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚ ਪੈਂਦੇ ਹਨ। ਇਨ੍ਹਾਂ ਪਿੰਡਾਂ ਵਿਚ ਜ਼ਮੀਨ ਖਿਸਕਣ ਨਾਲ ਭਾਰੀ ਨੁਕਸਾਨ ਹੋ ਸਕਦਾ ਹੈ। ਰਾਏਗੜ੍ਹ ਤੋਂ ਇਲਾਵਾ ਮਹਾਰਾਸ਼ਟਰ ਦੇ ਨੌਂ ਹੋਰ ਜ਼ਿਲ੍ਹੇ ਵੀ ਭਾਰੀ ਮੀਂਹ ਦੀ ਲਪੇਟ ਵਿਚ ਆਏ ਹੋਏ ਹਨ। ਮੁੰਬਈ ਸ਼ਹਿਰ ਵਿਚ 18 ਜੁਲਾਈ ਨੂੰ ਸਿਰਫ਼ ਛੇ ਘੰਟਿਆਂ ਵਿਚ 230 ਮਿਲੀਮੀਟਰ ਮੀਂਹ ਪਇਆ ਹੈ। ਰਤਨਾਗਿਰੀ ਜ਼ਿਲ੍ਹੇ ਵਿਚ ਮੀਂਹ ਨੇ ਪਿਛਲੇ 40 ਸਾਲਾਂ ਦਾ ਰਿਕਾਰਡ ਤੋੜ ਦਿੱਤਾ।

ਪਿਛਲੇ ਹਫ਼ਤੇ ਕਰਨਾਟਕ ਅਤੇ ਗੋਆ ਦੇ ਕਈ ਖੇਤਰਾਂ ਵਿਚ ਵੀ 24 ਘੰਟਿਆਂ ਵਿਚ 300 ਮਿਲੀਮੀਟਰ ਤੱਕ ਮੀਂਹ ਪਿਆ ਹੈ। ਇੰਡੀਅਨ ਮੈਟਰੋਲੋਜੀਕਲ ਡਿਪਾਰਟਮੈਂਟ ਅਨੁਸਾਰ ਜੇਕਰ ਕਿਸੇ ਵੀ ਖੇਤਰ ਵਿਚ 24 ਘੰਟਿਆਂ ਵਿਚ 200 ਮਿਲੀਮੀਟਰ ਜਾਂ ਉਸ ਤੋਂ ਵੱਧ ਮੀਂਹ ਪੈਂਦਾ ਹੈ ਤਾਂ ਉਸ ਨੂੰ ਭਾਰੀ ਮੀਂਹ ਕਿਹਾ ਜਾਂਦਾ ਹੈ। ਭਾਰੀ ਮੀਂਹ ਪੈਣ ਕਾਰਨ ਮਹਾਰਾਸ਼ਟਰ ਦੀਆਂ ਸਥਾਨਕ ਨਦੀਆਂ ਅਤੇ ਦੱਖਣੀ ਭਾਰਤ ਦੀਆਂ ਮੁੱਖ ਨਦੀਆਂ (ਕ੍ਰਿਸ਼ਨਾ, ਕਾਵੇਰੀ, ਤੁੰਗਭੱਦਰਾ, ਭੀਮਾ, ਕਪਿਲਾ ਆਦਿ) ਹੜ੍ਹ ਦੀ ਸਥਿਤੀ ਵਿਚ ਆਈਆਂ ਹੋਈਆਂ ਹਨ। ਭਾਰੀ ਮੀਂਹ ਕਾਰਨ ਕਰਨਾਟਕ ਅਤੇ ਗੋਆ ਦੀਆਂ ਸੜਕਾਂ ਕਈ ਥਾਵਾਂ ਤੋਂ ਵਹਿ ਗਈਆਂ ਹਨ। ਕੇਰਲ ਵਿਚ ਵੀ ਭਾਰੀ ਮੀਂਹ ਪੈਣ ਕਾਰਨ ਕਈ ਥਾਵਾਂ ਉੱਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਵਿਚ 12 ਜੁਲਾਈ ਨੂੰ ਭਾਰੀ ਮੀਂਹ ਪੈਣ ਨਾਲ 54 ਸੜਕਾਂ ਉੱਤੇ ਜ਼ਮੀਨ ਖਿਸਕਣ/ਢਿਗਾਂ ਡਿਗਣ ਕਾਰਨ ਕਈ ਘੰਟੇ ਆਵਾਜਾਈ ਰੁਕੀ ਰਹੀ। ਧਰਮਸ਼ਾਲਾ ਵਿਚ ਬੱਦਲ ਫਟਣ ਕਾਰਨ ਭਾਗਸੂਨਾਗ ਬਰਸਾਤੀ ਨਦੀ ਵਿਚ ਹੜ੍ਹ ਆ ਗਿਆ ਜਿਸ ਕਰਕੇ ਉਸ ਦਾ ਪਾਣੀ ਰਿਹਾਇਸ਼ੀ ਇਲਾਕਿਆਂ ਵਿਚ ਵੜ ਗਿਆ। ਕਾਂਗੜਾ ਜ਼ਿਲ੍ਹੇ ਵਿਚ ਢਿਗਾਂ ਡਿਗਣ ਕਾਰਨ 6 ਵਿਅਕਤੀਆਂ ਅਤੇ ਕਿਨੌਰ ਜ਼ਿਲ੍ਹੇ ਵਿਚ 9 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਸੇ ਤਰ੍ਹਾਂ ਦੇ ਹਾਲਾਤ ਨਾਲ ਦੇ ਰਾਜ ਉੱਤਰਾਖੰਡ ਵਿਚ ਵੀ ਬਣੇ ਹੋਏ ਹਨ। ਜ਼ਮੀਨ ਖਿਸਕਣ/ਢਿਗਾਂ ਡਿਗਣ ਕਾਰਨ ਚਮੋਲੀ ਦੇ ਆਲੇ-ਦੁਆਲੇ ਸੜਕਾਂ ਬੰਦ ਹੋਈਆਂ ਪਈਆਂ ਹਨ। ਬਿਹਾਰ ਵਿਚ ਗੰਧਕ ਦਰਿਆ ਵਿਚ ਉਫਾਨ ਆਉਣ ਕਾਰਨ ਚੰਪਾਰਨ ਜ਼ਿਲ੍ਹੇ ਵਿਚ ਹੜ੍ਹ ਆਇਆ ਹੋਇਆ ਹੈ। ਜੰਮੂ-ਕਸ਼ਮੀਰ ਦੇ ਕਿਸ਼ਤਵਾਰ ਖੇਤਰ ਦੇ ਹਿੰਜਰ ਪਿੰਡ ਵਿਚ ਬੱਦਲ ਫਟਣ ਨਾਲ 4 ਵਿਅਕਤੀਆਂ ਦੀ ਮੌਤ ਹੋ ਗਈ ਅਤੇ 35 ਵਿਅਕਤੀ ਹਾਲੇ ਲਾਪਤਾ ਹਨ।

ਇਨ੍ਹਾਂ ਦਿਨਾਂ ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਭਾਰੀ ਮੀਂਹ ਪੈਣ, ਬੱਦਲ ਫਟਣ, ਅਸਮਾਨੀ ਬਿਜਲੀ ਗਿਰਨ, ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਨਾਲ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਹੈ। ਦੇਸ਼ ਦੇ ਵੱਖ ਵੱਖ ਖੇਤਰਾਂ ਵਿਚ ਭਾਰੀ ਮੀਂਹ ਨਾਲ ਜੂਝਦੇ ਲੋਕਾਂ ਨੂੰ ਸਿਰਫ਼ ਇਹ ਕਹਿਕੇ ਭੁਲੇਖੇ ਵਿਚ ਨਹੀਂ ਰੱਖਿਆ ਜਾ ਸਕਦਾ ਹੈ ਕਿ ਇਹ ਸਭ ਮੌਸਮੀ ਤਬਦੀਲੀਆਂ ਕਾਰਨ ਹੋ ਰਿਹਾ ਹੈ ਅਤੇ ਮੌਸਮ ਵਿਚ ਆਈਆਂ ਇਨ੍ਹਾਂ ਤਬਦੀਲੀਆਂ ਲਈ ਵਿਕਸਤ ਦੇਸ਼ ਹੀ ਜ਼ਿੰਮੇਵਾਰ ਹਨ ਕਿਉਂਕਿ ਉਨ੍ਹਾਂ ਨੇ ਪਿਛਲੇ ਦਹਾਕਿਆਂ ਵਿਚ ਵਾਤਾਵਰਨ ਵਿਚ ਭਾਰੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਛੱਡੀਆਂ ਸਨ ਜਿਸ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਹੋ ਗਿਆ ਹੈ ਜਿਸ ਦੇ ਨਤੀਜੇ ਵੱਜੋਂ ਹੁਣ ਦੁਨੀਆ ਦੇ ਸਾਰੇ ਦੇਸ਼ ਮੌਸਮੀ ਤਬਦੀਲੀਆਂ ਨਾਲ ਆ ਰਹੀਆਂ ਕੁਦਰਤੀ ਆਫ਼ਤਾਂ ਦੀ ਮਾਰ ਝੱਲ ਰਹੇ ਹਨ। ਭਾਵੇਂ ਕੁਦਰਤੀ ਆਫ਼ਤਾਂ ਦੀ ਮਾਰ ਵਿਚ ਵਾਧੇ ਦਾ ਇਹ ਇਕ ਵੱਡਾ ਕਾਰਨ ਹੈ ਪਰ ਦੂਜਾ ਵੱਡਾ ਕਾਰਨ ਸਾਡੇ ਦੇਸ਼ ਦਾ ਵਿਕਾਸ ਦੀ ਅੰਨ੍ਹੀ-ਦੌੜ ਵਿਚ ਕੀਤਾ ਅਣਯੋਜਿਤ ਵਿਕਾਸ ਹੈ। ਦੇਸ਼ ਦੇ ਵੱਖ ਵੱਖ ਖੇਤਰਾਂ ਵਿਚ ਭਾਰੀ ਮੀਂਹ ਨਾਲ ਹੋ ਰਹੀ ਤਬਾਹੀ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚੋਂ ਵਿਕਾਸ ਦੇ ਨਾਂ ਉੱਤੇ ਹੋ ਰਹੀ ਜੰਗਲਾਂ ਦੀ ਅੰਧਾਧੁੰਦ ਕਟਾਈ, ਨਦੀਆਂ ਉੱਤੇ ਡੈਮਾਂ ਦੀ ਜ਼ਿਆਦਾ ਉਸਾਰੀ, ਨਦੀਆਂ ਦੇ ਵਹਾਅ ਖੇਤਰਾਂ ਵਿਚ ਇਮਾਰਤਾਂ ਦੀ ਉਸਾਰੀ, ਪਹਾੜੀ ਖੇਤਰਾਂ ਨੂੰ ਸੈਰਗਾਹਾਂ ਤੌਰ ਉੱਤੇ ਉਭਾਰਨ ਲਈ ਉੱਥੋਂ ਦੇ ਜੰਗਲਾਂ ਅਤੇ ਪਹਾੜਾਂ ਦੀ ਕਟਾਈ ਆਦਿ ਜ਼ਿੰਮੇਵਾਰ ਹਨ। ਮਹਾਰਾਸ਼ਟਰ ਤੋਂ ਲੈ ਕੇ ਕੇਰਲ ਤਕ ਹੋ ਰਹੀ ਤਬਾਹੀ ਲਈ ਕੇਂਦਰ ਸਰਕਾਰ ਅਤੇ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਵੀ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹਨ। ਇਸ ਸਦੀ ਦੇ ਸ਼ੁਰੂ ਤੋਂ ਹੀ ਇਨ੍ਹਾਂ ਸਾਰੇ ਰਾਜਾਂ ਦੇ ਲੋਕ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਵਿਕਾਸ ਯੋਜਨਾਵਾਂ ਦੇ ਕੁਦਰਤ ਅਤੇ ਲੋਕ-ਪੱਖੀ ਨਾ ਹੋਣ ਕਰਕੇ ਵਿਰੋਧ ਕਰ ਰਹੇ ਹਨ। ਲੋਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਪੱਛਮੀ ਘਾਟਾਂ ਦੇ ਵਿਕਾਸ ਦੇ ਨਾਲ ਨਾਲ ਇਨ੍ਹਾਂ ਰਾਜਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ 2010 ਵਿਚ ਉੱਘੇ ਵਾਤਾਵਰਨ ਵਿਗਿਆਨੀ ਮਾਧਵ ਗਾਡਗਿਲ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਗਠਿਤ ਕੀਤੀ ਸੀ। ਇਸ ਕਮੇਟੀ ਨੇ ਵੱਖ-ਵੱਖ ਥਾਵਾਂ ਦਾ ਸੰਜੀਦਗੀ ਅਤੇ ਗਹਿਰਾਈ ਨਾਲ ਸਰਵੇਖਣ ਕਰਕੇ 2011 ਵਿਚ ਕੇਂਦਰ ਸਰਕਾਰ ਨੂੰ ਰਿਪੋਰਟ ਭੇਜ ਦਿੱਤੀ ਸੀ। ਕਮੇਟੀ ਨੇ ਛੇ ਰਾਜਾਂ (ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਗੋਆ, ਕੇਰਲ, ਅਤੇ ਤਾਮਿਲਨਾਡੂ) ਵਿਚ ਫੈਲੇ ਪੱਛਮੀ ਘਾਟਾਂ ਦੇ 87.5 ਫ਼ੀਸਦ ਖੇਤਰ ਨੂੰ ਵਾਤਾਵਰਨ ਸੰਵੇਦਨਸ਼ੀਲ ਖੇਤਰ ਘੋਸ਼ਿਤ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਸ ਕਮੇਟੀ ਨੇ ਇਹ ਵੀ ਸੁਝਾਵਾਂ ਦਿੱਤਾ ਸੀ ਕਿ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚ ਹੋਰ ਨਵੇਂ ਸ਼ਹਿਰ ਨਾ ਵਸਾਏ ਜਾਣ ਅਤੇ ਨਾ ਹੀ ਨਵੇਂ ਡੈਮ ਬਣਾਏ ਜਾਣ ਅਤੇ ਜਲਗਾਹਾਂ ਅਤੇ ਦਰਿਆਵਾਂ ਦੇ ਵਹਾਅ ਖੇਤਰਾਂ ਵਿਚ ਵੀ ਉਸਾਰੀਆਂ ਨਾ ਕੀਤੀਆਂ ਜਾਣ।



ਇਸ ਕਮੇਟੀ ਨੇ ਇਸ ਦੇ ਨਾਲ ਨਾਲ ਸੈਰ-ਸਪਾਟਾ ਵਿਭਾਗ ਦੇ ਪਸਾਰੇ ਅਤੇ ਖਣਿਜਾਂ ਦੀ ਖੁਦਾਈ ਉੱਤੇ ਰੋਕ ਲਗਾਉਣ ਦਾ ਵੀ ਸੁਝਾਅ ਦਿੱਤਾ ਸੀ। ਗਾਡਗਿਲ ਕਮੇਟੀ ਦੀ ਰਿਪੋਰਟ ਨੂੰ ਕੇਂਦਰ ਸਰਕਾਰ ਸਮੇਤ ਸਾਰੇ ਰਾਜਾਂ ਨੇ ਇਕ ਸਿਰੇ ਤੋਂ ਨਕਾਰ ਦਿੱਤਾ ਸੀ। ਉਸ ਤੋਂ ਬਾਅਦ ਕੇਂਦਰ ਸਰਕਾਰ ਨੇ ਕਸਤੂਰੀਰੰਗਨ ਨਾਂ ਦੀ ਇਕ ਹੋਰ ਕਮੇਟੀ ਬਣਾਈ ਜਿਸ ਨੇ ਗਾਡਗਿਲ ਕਮੇਟੀ ਦੇ ਸੁਝਾਆਂ ਨੂੰ ਬਹੁਤ ਪੇਤਲਾ ਕਰ ਦਿੱਤਾ ਅਤੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਨੂੰ ਘਟਾਕੇ ਸਿਰਫ਼ 37.5 ਫ਼ੀਸਦ ਕਰ ਦਿੱਤਾ ਜਿਸ ਨਾਲ ਪੱਛਮੀ ਘਾਟਾਂ ਵਿਚਲੇ ਸੰਵੇਦਨਸ਼ੀਲ ਖੇਤਰਾਂ ਵਿਚ ਵਿਕਾਸ ਕਾਰਜ ਬਹੁਤ ਤੇਜ਼ੀ ਨਾਲ ਸ਼ੁਰੂ ਹੋ ਗਏ ਅਤੇ ਉਸ ਤੋਂ ਬਾਅਦ ਇਹ ਖੇਤਰ ਕੁਦਰਤੀ ਆਫ਼ਤਾਂ ਦੀ ਮਾਰ ਦੇ ਵਧੇਰੇ ਸਨਮੁੱਖ ਹੋ ਗਏ ਹਨ।

ਹਿਮਾਚਲ ਪ੍ਰਦੇਸ਼ ਵਿਚ ਧਰਮਸ਼ਾਲਾ ਵਿਚ ਬਰਸਾਤੀ ਨਦੀ ਭਾਗਸੂਨਾਗ ਵਿਚ ਹੜ੍ਹ ਆਉਣ ਦਾ ਮੁੱਖ ਕਾਰਨ ਨਦੀ ਦੇ ਵਹਾਅ ਖੇਤਰ ਵਿਚ ਇਮਾਰਤਾਂ ਦੀ ਉਸਾਰੀ ਹੈ। ਬੱਦਲ ਫਟਣ ਨਾਲ ਭਾਰੀ ਮੀਂਹ ਪੈਣ ਕਾਰਨ ਨਦੀ ਵਿਚ ਜ਼ਿਆਦਾ ਪਾਣੀ ਆਉਣ ਅਤੇ ਵਹਾਅ ਖੇਤਰ ਵਿਚ ਉਸਾਰੀਆਂ ਇਮਾਰਤਾਂ ਦੀ ਰੁਕਾਵਟ ਕਾਰਨ ਹੜ੍ਹ ਦਾ ਪਾਣੀ ਰਿਹਾਇਸ਼ੀ ਖੇਤਰ ਵਿਚੋਂ ਰਾਹ ਬਣਾਉਂਦਾ ਹੋਇਆ ਉੱਥੇ ਖੜ੍ਹੀਆਂ ਕਾਰਾਂ, ਸਕੂਟਰਾਂ, ਅਤੇ ਮੋਟਰਸਾਇਕਲਾਂ ਨੂੰ ਖਿਡੌਣਿਆਂ ਵਾਂਗ ਵਹਾਕੇ ਲੈ ਗਿਆ। ਕਿਨੌਰ ਵਿਚ ਜ਼ਮੀਨ ਖਿਸਕਣ/ਢਿਗਾਂ ਡਿਗਣ ਦਾ ਕਾਰਨ ਸੜਕ ਨੂੰ ਜ਼ਿਆਦਾ ਚੌੜੀ ਕਰਨ ਸਮੇਂ ਪਹਾੜੀ ਦੀ ਲੋੜ ਤੋਂ ਵੱਧ ਕਟਾਈ ਸੀ ਜਿਸ ਕਾਰਨ ਪਹਾੜ ਦਾ ਸੰਤੁਲਨ ਵਿਗੜ ਗਿਆ ਅਤੇ ਵੱਡੇ ਵੱਡੇ ਪੱਥਰ ਮਿੰਨੀ ਬੱਸ ਉੱਤੇ ਡਿਗਣ ਨਾਲ 9 ਵਿਅਕਤੀਆਂ ਦੀ ਮੌਤ ਹੋ ਗਈ। ਲਗਭਗ ਸਾਰੇ ਪਹਾੜੀ ਰਾਜ ਸੈਲਾਨੀਆਂ ਨੂੰ ਪਹਾੜਾਂ ਵੱਲ ਖਿੱਚਣ ਦੀ ਅੰਨ੍ਹੀ-ਦੌੜ ਵਿਚ ਲੱਗੇ ਹੋਏ ਹਨ ਕਿਉਂਕਿ ਸੈਲਾਨੀ ਹੀ ਉਨ੍ਹਾਂ ਦੀ ਆਮਦਨ ਦਾ ਇਕ ਮਹੱਤਵਪੂਰਨ ਸਾਧਨ ਹਨ। ਇਹ ਰਾਜ ਵਾਤਾਵਰਨ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸੜਕਾਂ ਨੂੰ ਬੇਹਿਸਾਬੀਆਂ ਚੌੜੀਆਂ ਕਰ ਰਹੇ ਹਨ। ਇਸ ਦੇ ਨਤੀਜੇ ਵਜੋਂ ਬਰਸਾਤ ਦੀ ਰੁੱਤ ਸ਼ੁਰੂ ਹੁੰਦੇ ਹੀ ਵਿਸਫੋਟਿਕ ਸਮੱਗਰੀ ਨਾਲ ਭੰਨੇ ਅਤੇ ਦਰਖ਼ਤਾਂ ਤੋਂ ਸੱਖਣੇ ਪਹਾੜਾਂ ਤੋਂ ਢਿਗਾਂ ਡਿਗਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਸ ਨਾਲ ਹਰ ਸਾਲ ਸੈਂਕੜੇ ਲੋਕ ਅਣਆਈ ਮੌਤ ਮਰਜਾਂਦੇ ਹਨ। ਹਿਮਾਚਲ ਪ੍ਰਦੇਸ਼ ਦੇ ਨੇੜਲੇ ਪਹਾੜੀ ਰਾਜ ਉੱਤਰਾਖੰਡ ਨੂੰ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਕੇ, ਨਦੀਆਂ ਉੱਤੇ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਡੈਮ ਬਣਾਉਣ, ਸੜਕਾਂ ਦੀ ਲੰਬਾਈ ਅਤੇ ਚੌੜਾਈ ਵਧਾਉਣ ਅਤੇ ਨਦੀਆਂ ਦੇ ਵਹਾਅ ਖੇਤਰਾਂ ਵਿਚ ਹੋਟਲ ਅਤੇ ਇਮਾਰਤਾਂ ਬਣਾਉਣ ਦੀ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਉਤਰਾਖੰਡ ਵਿਚ 2013 ਵਿਚ ਬੱਦਲ ਫਟਣ ਨਾਲ ਹੋਈ ਭਿਆਨਕ ਤਰਾਸਦੀ ਤੋਂ ਬਾਅਦ ਉੱਥੇ ਕੁਦਰਤੀ ਆਫ਼ਤਾਂ ਨਾਲ ਸੰਬੰਧਿਤ ਘਟਨਾਵਾਂ ਦਾ ਸਿਲਸਲਾ ਲਗਾਤਾਰ ਚੱਲ ਰਿਹਾ ਹੈ। ਫਰਵਰੀ 2021 ਦੀ ਚਮੋਲੀ ਤਰਾਸਦੀ ਵਿਚ ਲਗਭਗ 300 ਵਿਅਕਤੀਆਂ ਦੀ ਮੌਤ ਹੋ ਗਈ ਸੀ। ਹੁਣ ਫਿਰ 3 ਮਈ ਤੋਂ 11 ਮਈ ਤੱਕ ਬੱਦਲ ਫਟਣ ਅਤੇ ਭਾਰੀ ਮੀਂਹ ਪੈਣ ਨਾਲ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜ਼ਮੀਨ ਖਿਸਕਣ ਦੀਆਂ ਜ਼ਿਆਦਾਤਰ ਘਟਨਾਵਾਂ ਨਵੀਂ ਬਣ ਰਹੀ ਚਾਰ-ਧਾਮ ਸੜਕ ਵਾਲੇ ਖੇਤਰ ਵਿਚ ਵਾਪਰ ਰਹੀਆਂ ਹਨ। ਇਸ ਸੰਬੰਧ ਵਿਚ ਸਤੰਬਰ 2020 ਵਿਚ ਸੁਪਰੀਮ ਕੋਰਟ ਨੇ ਉਤਰਾਖੰਡ ਸਰਕਾਰ ਨੂੰ ਇਸ ਸੜਕ ਦੀ ਚੌੜਾਈ ਸਿਰਫ਼ 5.5 ਮੀਟਰ ਰੱਖਣ ਦੀ ਹਦਾਇਤ ਕੀਤੀ ਸੀ। ਇਸ ਸੜਕ ਦੀ ਚੌੜਾਈ 12 ਮੀਟਰ ਰੱਖੀ ਜਾ ਰਹੀ ਹੈ ਜਿਸ ਲਈ 24 ਮੀਟਰ ਚੌੜਾਈ ਤੱਕ ਦੀ ਜ਼ਮੀਨ ਦੀ ਲੋੜ ਹੋਵੇਗੀ। ਪਹਾੜੀ ਇਲਾਕੇ ਵਿੱਚ ਪਹਾੜਾਂ ਦੀ ਜਿੰਨੀ ਜ਼ਿਆਦਾ ਕਟਾਈ ਹੋਵੇਗੀ ਉਨੀ ਹੀ ਪਹਾੜਾਂ ਤੋਂ ਢਿਗਾਂ ਡਿਗਣ ਅਤੇ ਜ਼ਮੀਨ ਖਿਸਕਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਯੂਰਪੀਅਨ ਦੇਸ਼ਾਂ ਵਿਚ ਪਹਾੜੀ ਖੇਤਰਾਂ ਵਿਚਲੀਆਂ ਸੜਕਾਂ ਦੀ ਚੌੜਾਈ ਸਿਰਫ਼ 8 ਮੀਟਰ ਹੀ ਰੱਖੀ ਜਾਂਦੀ ਹੈ। ਇਸ ਸੰਬੰਧ ਵਿਚ ਦਿ ਨੈਸ਼ਨਲ ਇੰਨਸਟੀਚੀਊਟ ਆਫ਼ ਡੀਸਾਸਟਰ ਮੈਨੇਜਮੈਂਟ ਨੇ 2019 ਵਿਚ ਚਿੰਤਾ ਜ਼ਾਹਰ ਕਰਦਿਆਂ ਕਿਹਾ ਸੀ ਕਿ ਯੋਜਨਾਕਾਰ ਹਿਮਾਲਿਆ ਅਤੇ ਪੱਛਮੀ ਘਾਟ ਦੇ ਖੇਤਰਾਂ ਵਿਚ ਅਕਸਰ ਮੈਦਾਨਾਂ ਵਿਚ ਵਰਤੀਆਂ ਜਾਂਦੀਆਂ ਯੋਜਨਾਵਾਂ ਨੂੰ ਨਮੂਨੇ ਵਜੋਂ ਵਰਤਦੇ ਹਨ ਜਿਸ ਨਾਲ ਪਹਾੜੀ ਖੇਤਰ ਅਸਥਿਰ ਹੋ ਜਾਂਦੇ ਹਨ। ਵਿਕਾਸ ਦੇ ਨਾਂ ਉੱਤੇ ਸਰਕਾਰੀ ਯੋਜਨਾਵਾਂ ਵਾਤਾਵਰਨ ਨਿਯਮਾਂ ਦੀਆਂ ਕਿਵੇਂ ਧੱਜੀਆਂ ਉਡਾਉਂਦੀਆਂ ਹਨ ਇਸ ਸੰਬੰਧ 2018 ਵਿਚ ਹੜ੍ਹਾਂ ਦੀ ਲਪੇਟ ਵਿਚ ਆਏ ਕੋਚੀ ਅੰਤਰਰਾਸ਼ਟਰੀ ਅੱਡੇ ਦੀ ਉਦਾਹਰਨ ਹੀ ਕਾਫ਼ੀ ਹੈ। ਸੰਯੁਕਤ ਰਾਸ਼ਟਰ ਨੇ ਕੋਚੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ 2018 ਵਿਚ ਹੀ "ਚੈਂਪੀਅਨ ਆਫ਼ ਅਰਥ" ਦਾ ਇਨਾਮ ਦਿੱਤਾ ਸੀ ਕਿਉਂਕਿ ਇੱਥੇ ਸਾਰਾ ਕੰਮ ਸੂਰਜੀ ਊਰਜਾ ਨਾਲ ਹੋ ਰਿਹਾ ਹੈ। ਅਫ਼ਸੋਸ ਦੀ ਗੱਲ ਹੈ ਕਿ ਇਸ ਅੱਡੇ ਨੂੰ ਊਰਜਾ ਸਪਲਾਈ ਕਰਨ ਵਾਲੇ ਸੋਲਰ ਪੈਨਲ ਜਲਗਾਹਾਂ ਅਤੇ ਦਰਿਆ ਦੇ ਵਹਾਅ ਖੇਤਰ ਵਿਚ ਲੱਗੇ ਹੋਏ ਹਨ। 2018 ਵਿਚ ਭਾਰੀ ਮੀਂਹ ਪੈਣ ਤੋਂ ਬਾਅਦ ਇਹ ਵਾਤਾਵਰਨ ਸਨਮਾਨਿਤ ਅੰਤਰਰਾਸ਼ਟਰੀ ਹਵਾਈ ਅੱਡਾ ਹੜ੍ਹਾਂ ਦੀ ਮਾਰ ਥੱਲੇ ਆਣ ਕਰਕੇ ਲਗਭਗ ਦੋ ਹਫ਼ਤੇ ਬੰਦ ਰਿਹਾ ਸੀ ਕਿਉਂਕਿ ਮੀਂਹ ਦਾ ਵਾਧੂ ਪਾਣੀ ਕੁਦਰਤੀ ਤੌਰ ਉੱਤੇ ਹੀ ਆਪਣੇ ਵਹਾਅ ਖੇਤਰ ਵੱਲ ਚਲਾ ਜਾਂਦਾ ਹੈ।

ਸੈਂਟਰਲ ਵਾਟਰ ਕਮਿਸ਼ਨ ਦੀ ਇਕ ਰਿਪੋਰਟ ਅਨੁਸਾਰ ਹੜ੍ਹਾਂ ਕਾਰਨ ਦੁਨੀਆ ਵਿਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 20 ਫ਼ੀਸਦ ਭਾਰਤ ਵਿਚ ਹੁੰਦੀਆਂ ਹਨ। 1953 ਤੋਂ 2017 ਦੇ 64 ਸਾਲਾਂ ਵਿਚ ਇੱਕ ਲੱਖ ਤੋਂ ਵੱਧ ਲੋਕ ਸਿਰਫ਼ ਹੜ੍ਹਾਂ ਕਾਰਨ ਮਾਰੇ ਗਏ। ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਸੀ ਕਿ ਦੇਸ਼ ਹਰ ਸਾਲ ਹੜ੍ਹਾਂ ਕਾਰਨ 205.8 ਕਰੋੜ ਦਾ ਮਾਲੀ ਨੁਕਸਾਨ ਝੱਲਦਾ ਹੈ। 10 ਦਸੰਬਰ 2020 ਨੂੰ ਕੌਂਸਿਲ ਔਨ ਅਨਰਜੀ, ਇਨਫਾਰਮੈਂਟ ਅਤੇ ਵਾਟਰ ਵੱਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਅਨੁਸਾਰ ਵੀ ਪਿਛਲੇ ਪੰਜ ਦਹਾਕਿਆਂ ਵਿਚ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ 8 ਗੁਣਾ ਵਾਧਾ ਹੋਇਆ ਹੈ। 1970 ਤੋਂ 2005 ਦੇ ਅਰਸੇ ਦੌਰਾਨ ਔਸਤਨ ਦੇਸ਼ ਦੇ 19 ਜ਼ਿਲ੍ਹਿਆਂ ਵਿਚ ਹੜ੍ਹ ਆਉਂਦੇ ਸਨ ਪਰ 2005 ਤੋਂ ਬਾਅਦ ਇਨ੍ਹਾਂ ਜ਼ਿਲ੍ਹਿਆਂ ਦੀ ਗਿਣਤੀ ਵਧਕੇ 55 ਹੋ ਗਈ। ਇਸ ਰਿਪੋਰਟ ਅਨੁਸਾਰ ਭਾਰਤ ਵਿਚ 97.51 ਮਿਲੀਅਨ ਤੋਂ ਵੱਧ ਲੋਕ ਹੜ੍ਹਾਂ ਦੀਆਂ ਘਟਨਾਵਾਂ ਦਾ ਸਾਹਮਣਾ ਕਰ ਰਹੇ ਹਨ। ਹੜ੍ਹਾਂ ਨਾਲ ਜੁੜੀਆਂ ਘਟਨਾਵਾਂ, ਜਿਵੇਂ ਜ਼ਮੀਨ ਖਿਸਕਣ, ਭਾਰੀ ਮੀਂਹ ਪੈਣ, ਬੱਦਲ ਗਰਜਣ, ਸਮੁੰਦਰ ਦੇ ਜਲ-ਪੱਧਰ ਵਿਚ ਵਾਧਾ ਆਦਿ, ਵਿਚ 20 ਗੁਣਾ ਵਾਧਾ ਹੋਇਆ ਹੈ। 2014 ਵਿਚ ਆਈ ਆਈ.ਪੀ.ਸੀ.ਸੀ. ਦੀ ਇਕ ਰਿਪੋਰਟ ਨੇ ਸਾਫ਼ ਤੌਰ ਉੱਤੇ ਖੁਲਾਸਾ ਕੀਤਾ ਸੀ ਕਿ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਚੀਨ ਅਤੇ ਭਾਰਤ ਉੱਤੇ ਬਾਕੀ ਦੇਸ਼ਾਂ ਨਾਲੋਂ ਵੱਧ ਮਾਰ ਕਰਨਗੀਆਂ। ਹੁਣ ਸਵਾਲ ਉੱਠਦਾ ਹੈ ਕਿ ਦੇਸ਼ ਵਾਸੀਆਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਸਰਕਾਰਾਂ ਨੂੰ ਕੀ ਕਰਨਾ ਚਾਹੀਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਵਿਕਾਸ ਦੀ ਰਫ਼ਤਾਰ ਵਧਾਉਣ ਲਈ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਨੂੰ ਉਦਯੋਗਾਂ, ਸੈਰਗਾਹਾਂ, ਸੜਕਾਂ ਵਰਗੇ ਮੁਨਾਫ਼ਾ ਕਮਾਉਣ ਵਾਲੇ ਪ੍ਰੋਜੈਕਟਾਂ ਲਈ ਨਾ ਵਰਤਣ ਕਿਉਂਕਿ ਇਨ੍ਹਾਂ ਖੇਤਰਾਂ ਨੂੰ ਵਰਤਕੇ ਮੁਨਾਫ਼ਾ ਤਾਂ ਕਮਾਇਆ ਜਾ ਸਕਦਾ ਹੈ ਪਰ ਉਸ ਨਾਲ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਵੱਧ ਕੁਦਰਤੀ ਖ਼ਤਰਿਆਂ ਦੀ ਮਾਰ ਝੱਲਣੀ ਪਵੇਗੀ। ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਣ ਲਈ ਸਾਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦੋਹਾਂ ਪੱਧਰਾਂ ਉੱਤੇ ਉਪਰਾਲੇ ਕਰਨ ਦੀ ਲੋੜ ਹੈ। ਅੰਤਰਰਾਸ਼ਟਰੀ ਪੱਧਰ ਉੱਤੇ ਸਾਨੂੰ ਯੂਰਪੀਅਨ ਦੇਸ਼ਾਂ ਵਾਂਗ ਗਰੀਨਹਾਊਸ ਗੈਸਾਂ ਦੇ ਪੱਧਰ ਨੂੰ ਤੇਜ਼ੀ ਨਾਲ ਘਟਾਉਣਾ ਚਾਹੀਦਾ ਹੈ ਨਾ ਕਿ ਇਹ ਕਹਿਕੇ ਪੱਲਾ ਝਾੜ ਲਿਆ ਜਾਵੇ ਕਿ ਮੌਸਮੀ ਤਬਦੀਲੀਆਂ ਲਈ ਅਮਰੀਕਾ, ਯੂਰਪ, ਅਤੇ ਚੀਨ ਜ਼ਿੰਮੇਵਾਰ ਹਨ। ਭਾਰਤ ਨੇ 22 ਅਪ੍ਰੈਲ 2021 ਨੂੰ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਕਰਵਾਈ ਗਈ ਕਲਾਈਮੇਟ ਸਮਿੱਟ ਵਿਚ ਗਰੀਨਹਾਊਸ ਗੈਸਾਂ ਵਿਚ ਕਟੌਤੀ ਲਈ ਕੋਈ ਨਵੀਂ ਰੂਪ ਰੇਖਾ ਪ੍ਰਸਤਾਵਿਤ ਨਹੀਂ ਕੀਤੀ ਅਤੇ ਨਾ ਹੀ ਜ਼ੀਰੋ ਕਾਰਬਨ ਕਟੌਤੀ ਲਈ ਕੋਈ ਸੀਮਾ ਨਿਰਧਾਰਤ ਕੀਤੀ ਹੈ। ਹੁਣ ਸਾਡੇ ਦੇਸ਼ ਨੇ ਮੌਸਮੀ ਤਬਦੀਲੀਆਂ ਨਾਲ ਸਿੱਝਣ ਲਈ 51 ਦੇਸ਼ਾਂ ਦੀ ਹੋਈ ਦੋ-ਰੋਜ਼ਾ ਮੀਟਿੰਗ (24-25 ਜੁਲਾਈ) ਵਿਚ ਭਾਗ ਹੀ ਨਹੀਂ ਲਿਆ। ਅੱਜਕੱਲ੍ਹ ਭਾਰਤ ਵਾਤਾਵਰਨ ਵਿਚ ਗਰੀਨਹਾਊਸ ਗੈਸਾਂ ਛੱਡਣ ਵਾਲਾ ਦੁਨੀਆ ਦਾ ਦਰਜੇ ਮੁਤਾਬਕ ਤੀਜਾ ਦੇਸ਼ ਹੈ ਅਤੇ ਗਲੋਬਲ ਕਲਾਈਮੇਟ ਰਿਸਕ ਇੰਡੈਕਸ 2021 ਅਨੁਸਾਰ 2019 ਵਿਚ ਕੁਦਰਤੀ ਆਫ਼ਤਾਂ ਦੀ ਮਾਰ ਝੱਲਣ ਵਾਲਾ ਸੱਤਵਾਂ ਦੇਸ਼ ਸੀ। ਇਸ ਦੇ ਬਾਵਜੂਦ ਵੀ ਭਾਰਤ 51 ਦੇਸ਼ਾਂ ਵਿੱਚੋਂ ਇੱਕਲਾ ਹੀ ਅਜਿਹਾ ਦੇਸ਼ ਹੈ ਜਿਸ ਨੇ ਇਸ ਮੀਟਿੰਗ ਵਿਚ ਭਾਗ ਨਹੀਂ ਲਿਆ। ਭਾਰਤ ਦੀ ਇਹ ਗੱਲ ਤਾਂ ਠੀਕ ਹੈ ਕਿ ਅਮਰੀਕਾ, ਚੀਨ, ਅਤੇ ਯੂਰਪੀਅਨ ਦੇਸ਼ਾਂ ਦੀ ਵੱਧ ਜ਼ਿੰਮੇਵਾਰੀ ਬਣਦੀ ਹੈ, ਪਰ ਸਾਨੂੰ ਆਪਣੀ ਬਣਦੀ ਜ਼ਿੰਮੇਵਾਰੀ ਵੀ ਪੂਰੀ ਕਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਦੁਨੀਆ ਦੇ ਉਹ ਦੇਸ਼ ਅਤੇ ਲੋਕ ਵੀ ਜੂਝੇ ਹਨ ਜਿਨ੍ਹਾਂ ਨੇ ਵਾਤਾਵਰਨ ਵਿਚ ਨਾ-ਮਾਤਰ ਹੀ ਗੈਸਾਂ ਛੱਡੀਆਂ ਹਨ। ਰਾਸ਼ਟਰੀ ਪੱਧਰ ਉੱਤੇ ਪਹਾੜੀ ਖੇਤਰਾਂ ਅਤੇ ਖ਼ਾਸ ਤੌਰ ਉੱਤੇ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚ ਕਿਸੇ ਵੀ ਤਰ੍ਹਾਂ ਦੀਆਂ ਉਸਾਰੀ ਅਤੇ ਵਿਕਾਸ ਯੋਜਨਾਵਾਂ ਭੂਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਲਏ ਬਿਨਾਂ ਉਲੀਕੀਆਂ ਹੀ ਨਹੀਂ ਜਾਣੀਆਂ ਚਾਹੀਦੀਆਂ, ਸ਼ੁਰੂ ਕਰਨਾ ਤਾਂ ਦੂਰ ਦੀ ਗੱਲ ਹੈ। ਜੇਕਰ ਸਰਕਾਰ ਨੇ ਸਥਾਨਕ ਲੋਕਾਂ ਦੀ ਰਾਇ ਮੰਨੀ ਹੁੰਦੀ ਹੈ ਤਾਂ ਅੱਜਕੱਲ੍ਹ ਉਤਰਾਖੰਡ ਰਾਜ ਵਿਚ ਇੰਨੀ ਬਰਬਾਦੀ ਨਾ ਹੋਈ ਹੁੰਦੀ। ਇਸ ਖੇਤਰ ਦੇ ਲੋਕਾਂ ਨੇ ਬ੍ਰਿਟਿਸ਼ ਰਾਜ ਵੇਲੇ ਤੋਂ ਹੀ ਸਰਕਾਰ ਦੀਆਂ ਵਾਤਾਵਰਨ ਵਿਰੋਧੀ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ।

ਪੱਛਮੀ ਘਾਟਾਂ ਵਿਚਲੇ ਰਾਜਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਇਸ ਖੇਤਰ ਦੇ ਸਾਰੇ ਰਾਜਾਂ ਅਤੇ ਕੇਂਦਰ ਸਰਕਾਰ ਨੂੰ ਵਿਕਾਸ ਯੋਜਨਾਵਾਂ ਲਾਗੂ ਕਰਨ ਤੋਂ ਪਹਿਲਾ ਮਾਧਵ ਗਾਡਗਿਲ ਕਮੇਟੀ ਦੀ ਰਿਪੋਰਟ ਅਤੇ ਉਸ ਦੀਆਂ ਸਿਫ਼ਾਰਸ਼ਾਂ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ ਤਾਂਕਿ ਇਨ੍ਹਾਂ ਰਾਜਾਂ ਦੇ ਲੋਕਾਂ ਨੂੰ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਾਇਆ ਜਾ ਸਕੇ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਅੰਤਰਰਾਸ਼ਟਰੀ ਪੱਧਰ ਉੱਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਵਿਚ ਪੂਰਾ

# ਅਗਸਤ ਮਹੀਨੇ ਦੇ ਕਾਸ਼ੀਰਾਮ/ ਬਹੁਜਨ ਮੂਵਮੈਂਟ ਦੇ ਇਤਿਹਾਸਕ ਤੱਥ

**(ਸਫ਼ਾ 16 ਦੀ ਬਾਕੀ)**

ਉਸ ਨੂੰ ਪੂਰੀ ਤਰ੍ਹਾਂ ਸਮਝ ਲੈਣਾ ਜਰੂਰੀ ਹੈ। ਅਗਰ ਉਸ ਦੀ ਪੂਰੀ ਜਾਣਕਾਰੀ ਨਾ ਹੋ ਤਾਂ ਫਿਰ

ਅੰਧਕਾਰ ਦੀ ਗਰਸਤ 'ਚ ਫਸ ਜਾਵੇਗੇ ਅਤੇ ਬ੍ਰਾਹਮਣਵਾਦ ਦੇ ਸ਼ਿਕਾਰ ਹੋ ਜਾਵਾਂਗੇ।

**ਭਾਸ਼ਣ:** ਬਹੁਜਨ ਸਮਾਜ ਹੁਣ ਬ੍ਰਾਹਮਣਵਾਦੀਆਂ ਦਾ ਪਿੱਛਲਾਗੂ ਨਹੀਂ ਰਹੇਗਾ। :- ਸਾਹਿਬ ਸ਼੍ਰੀ ਕਾਸ਼ੀਰਾਮ ਜੀ

**28 ਅਗਸਤ 1994** ਨੂੰ ਪੰਜਾਬ, ਲੁਧਿਆਣਾ ਵਿਖੇ ਇਤਿਹਾਸਕ ਦਲ ਬਦਲ ਵਿਰੋਧੀ ਰੈਲੀ ਨੂੰ ਸੰਬੋਧਨ ਕੀਤਾ।

**ਭਾਸ਼ਣ:** ਅਸੀਂ ਖੁਦ ਹੀ ਆਪਣੀਆਂ ਸਮੱਸਿਆਵਾਂ ਦੇ ਬਾਰੇ 'ਚ ਸੋਚੋ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**29 ਅਗਸਤ 1981** ਨੂੰ ਦੁਰਗਾਪੁਰ ਵਿਖੇ ਬਾਮਸੇਫ ਸੰਮੇਲਨ ਨੂੰ ਸੰਬੋਧਨ ਕੀਤਾ।

**29 ਅਗਸਤ 1982** ਨੂੰ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਖੇ ਸੰਮੇਲਨ ਨੂੰ ਸੰਬੋਧਨ ਕੀਤਾ।

**ਭਾਸ਼ਣ :** ਬਹੁਜਨ ਸਮਾਜ ਨੇ ਆਪਣੇ ਬਲਬੂਤੇ ਆਪਣੀ ਸੁਰੱਖਿਆ ਦੇ ਮਨਸੂਬੇ ਬਣਾਏ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**29 ਅਗਸਤ 1989** ਨੂੰ ਉੱਤਰ ਪ੍ਰਦੇਸ਼, ਗੋਰਖਪੁਰ, ਤਮਕੁਹੀ ਕੋਠੀ ਮੈਦਾਨ ਵਿਖੇ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ।

**ਭਾਸ਼ਣ:** ਸਾਲਾਂ ਤੋਂ ਟੁੱਟੇ ਹੋਏ ਸਮਾਜ ਨੂੰ ਜੋੜ ਕੇ ਭਾਈਚਾਰਾ ਬਣਾ ਰਹੇ ਹੈ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**29 ਅਗਸਤ 1990** ਨੂੰ ਨਵੀਂ ਦਿੱਲੀ, ਜਹਾਂਗੀਰ ਪੁਰੀ ਵਿਖੇ ਬਾਬਾ ਸਾਹਿਬ ਜੀ ਜਯੰਤੀ ਨੂੰ ਸੰਬੋਧਨ ਕੀਤਾ। ਬਿਨਾਂ ਸ਼ਕਤੀ ਬਣਾਏ ਗੱਲ ਅੱਗੇ ਨਹੀਂ ਵੱਧੇਗੀ।ਅਸੀਂ ਅਲਪਜਨ ਤੋਂ ਬਹੁਜਨ ਸਮਾਜ ਬਣਾ ਰਹੇ ਹਾਂ।

**ਭਾਸ਼ਣ:** ਸਾਨੂੰ ਦਿਲ ਅਤੇ ਦਿਮਾਗ ਦੀ ਗਰੀਬੀ ਨੂੰ ਦੂਰ ਕਰਨਾ ਚਾਹੀਦਾ। - ਸਾਹਿਬ ਸ਼੍ਰੀ ਕਾਸ਼ੀਰਾਮ ਜੀ

**31 ਅਗਸਤ 1981** ਨੂੰ ਕੱਲਕਤਾ ਵਿਖੇ ਬਾਮਸੇਫ ਉੱਤਰ ਪੂਰਬ ਜੋਨ ਖੇਤਰੀ ਸੰਮੇਲਨ ਨੂੰ ਸੰਬੋਧਨ ਕੀਤਾ।

ਦਲਿਤ ਅਤੇ ਸ਼ੋਸ਼ਣ ਵਾਲੇ ਸਮਾਜ ਦੇ ਕੁਝ ਲੋਕਾਂ ਨੇ ਅੱਜ ਸਰਕਾਰੀ ਸੇਵਾਵਾਂ ਵਿੱਚ ਇੰਨੀ ਤਰੱਕੀ ਕੀਤੀ ਹੈ ਕਿ ਸਾਨੂੰ ਆਪਣੀ ਲਹਿਰ ਚਲਾਉਣ ਲਈ ਪੈਸੇ ਦੀ ਘਾਟ ਨਹੀਂ ਹੋਣੀ ਚਾਹੀਦੀ। ਅਸੀਂ ਗਰੀਬ ਜਰੂਰ ਹਾਂ, ਪਰ ਪੈਸੇ ਤੋਂ ਨਹੀਂ, ਪਰ ਦਿਲ ਅਤੇ ਦਿਮਾਗ ਵਿੱਚ ਗਰੀਬ ਹਾਂ। ਆਪਣੀ ਲਹਿਰ ਨੂੰ ਚਲਾਉਣ ਲਈ ਸਾਨੂੰ ਆਪਣੇ ਦਿਲਾਂ ਅਤੇ ਦਿਮਾਗ ਦੀ ਗਰੀਬੀ ਨੂੰ ਦੂਰ ਕਰਨਾ ਚਾਹੀਦਾ ਹੈ।

# ਮੂਲਨਿਵਾਸੀਆਂ ਦਾ ਪਾਣੀ ਲਈ ਮਾਹਦ ਸੱਤਿਆਗ੍ਰਹਿ



ਹਰਦੀਪ ਸਿੰਘ ਚੁੰਬਰ
+91-94636-01616

ਮਾਹਦ ਵਿਖੇ ਚਾਵਦਾਰ ਤਲਾਬ ਤੋਂ ਪਾਣੀ ਲੈਣ ਦਾ 19 ਅਤੇ 20 ਮਾਰਚ, 1927 ਦਾ ਦਿਨ ਐਸਸੀ ਐਸਟੀ ਸਮਾਜ ਦਾ ਜਿੱਤ ਦਾ ਦਿਨ ਹੈ, ਜਸ਼ਨ ਦਾ ਦਿਨ ਹੈ, ਉਸ ਦਿਨ ਬਾਬਾ ਸਾਹਿਬ ਨੇ ਚਾਵਦਾਰ ਦੇ ਤਲਾਬ ਤੋਂ ਹਜਾਰਾਂ ਸਾਥੀਆਂ ਨਾਲ ਪਾਣੀ ਪੀਤਾ ਅਤੇ ਹੱਕ ਹੋਣ ਦੇ ਦਾਵੇ ਨੂੰ ਅਮਲੀ ਰੂਪ ਦਿਤਾ।

ਭਾਰਤ ਦੇ ਮੂਲਨਿਵਾਸੀ ਐਸਸੀ. ਐਸਟੀ ਸਮਾਜ ਦੇ ਲੋਕ ਆਪਣੇ ਹਿੰਦੂ ਹੋਣ ਉੱਤੇ ਮਾਣ ਕਰਨ ਵਾਲੇ ਕੀ ਇਸ ਗੱਲ ਦਾ ਕੋਈ ਜਵਾਬ ਦੇ ਸਕਦੇ ਹਨ ਕਿ ਹਿੰਦੂ ਅਤੇ ਉਹਨਾ ਦੇ ਦੇਵੀ ਦੇਵਤਿਆਂਦੇ ਡਰ, ਭਰਮ, ਭੁਲੇਖੇ ਅਤੇ ਸ਼ੋਸ਼ਣਨੇ ਉਹਨਾਂ ਨੂੰ ਹਜਾਰਾਂ ਸਾਲਾਂ ਤਕ ਨੂੰ ਜਲ ਜੰਗਲ ਅਤੇ ਜਮੀਨ ਤੋਂ ਕਿਉਂ ਬੇਦਖਲ ਕਰ ਕੇ ਰਖਿਆ। ਜਦੋਂ ਕਿ ਉਹ ਲੋਕ ਵੀ ਹਿੰਦੂ ਰੀਤੀ ਰਿਵਾਜਾਂ ਨੂੰ ਹੀ ਮੰਨਦੇ ਪੂਜਾ ਕਰਦੇ ਸਨ। ਉਸ ਸਮੇਂ ਉਹਨਾ ਦੇ ਦੇਵੀ ਦੇਵਤਿਆਂ ਨੇ ਹਜਾਰਾਂ ਸਾਲ ਉਹਨਾ ਦਾ ਸਾਥ ਕਿਉਂ ਨਹੀਂ ਦਿਤਾ, ਜਦੋਂ ਉਹਨਾਂ ਨੂੰ ਭਾਰਤ ਦੇ ਹਿੰਦੂ ਸਵਰਣ ਲੋਕਾਂ ਨੇ ਗੁਲਾਮਾਂ ਨਾਲੋਂ ਵੱਧ ਦੁਰਦਸ਼ਾ ਵਿੱਚ ਅਛੂਤ ਬਣਾਕੇ ਨਰਕ ਦਾ ਜੀਵਨ ਜੀਣ ਲਈ ਮਜਬੂਰ ਕਰ ਰਖਿਆ ਸੀ।

ਅਧੂਨਿਕ ਭਾਰਤ ਦਾ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਉਹਨਾ ਦੇ ਹਿੰਦੂ ਅਤੇ ਉਹਨਾ ਦੇ ਦੇਵੀ ਦੇਵਤੇ ਕਿਉਂ ਉਹਨਾਂ ਦੇ ਜੀਵਨ ਨੂੰ ਨਰਕ ਬਣਾਕੇ ਰਖਣ ਦਾ ਸਵਰਣ ਸਮਾਜ ਦੇ ਲੋਕਾਂ ਦਾ ਸਾਥ ਹੋਣ ਦਾ ਭਰਮ ਕਿਉਂ ਬਣਦੇ ਰਹੇ, ਭਾਰਤ ਦੇ ਐਸਸੀ, ਐਸਟੀ ਸਮਾਜ ਦੇ ਲੋਕਾਂ ਦਾ ਭਰਮ ਸਾਥ ਕਿਉਂ ਨਹੀਂ ਬਣ ਸਕਿਆ। ਅਗਰ ਉਹ ਲੋਕ ਹੁਣ ਜਾਣ ਗਏ ਹਨ ਕਿ ਇਸ ਦਾ ਕਾਰਨ ਹਿੰਦੂਵਾਦ ਰਿਹਾ ਹੈ ਤਾਂ ਉਹ ਹੁਣ ਕਿਉਂ ਹਿੰਦੂਵਾਦ ਤੋਂ ਕੀ ਉਮੀਦ ਕਰਦੇ ਹਨ, ਜੇ ਨਹੀਂ ਜਾਣਦੇ ਤਾਂ ਉਹਨਾ ਨੂੰ ਕਿਉਂ ਜਾਣ ਲੈਣਾ ਨਹੀਂ ਚਾਹੀਦਾ?



ਮਨੁੱਖ ਅਤੇ ਮਨੁੱਖੀ ਕੌਮ ਨੂੰ ਜਿੰਦਾ ਹੋਣ ਦਾ ਸਬੂਤ ਦੇਣਾ ਪੈਂਦਾ ਹੈ, ਬਹੁਤ ਸਾਰੇ ਸਬੂਤਾਂ ਵਿੱਚੋਂ ਇਕ ਸਬੂਤ ਇਹ ਵੀ ਹੈ ਕਿ ਉਹ ਆਪਣੀਆਂ ਜਿੱਤਾਂ ਦੇ ਜਸ਼ਨ ਮਨਾਉਂਦੇ ਹਨ। ਆਪਣੀਆਂ ਹਾਰਾਂ ਦਾ ਲੇਖਾ ਜੋਖਾ ਕਰਦੇ ਉਹਨਾ ਕਾਰਨਾਂ, ਪ੍ਰੰਪਰਾਵਾ ਨੂੰ ਹਮੇਸ਼ਾ ਲਈ ਦਫਨ ਕਰ ਦਿੰਦੇ ਹਨ ਜਿਹਨਾਂ ਕਰਨਾਂ ਨੇ ਉਹਨਾਂ ਨੂੰ ਅਛੂਤ ਬਣਾਕੇ ਰਖਿਆ ਸੀ। ਭਾਰਤ ਦਾ ਮੂਲਨਿਵਾਸੀ ਵਰਗ ਹਜਾਰਾਂ ਸਾਲ ਮਨੁੱਖ ਦੀ ਪਹਿਲੀ ਜਿੰਦਾ ਰਹਿਣ ਦਾ ਮੁਢਲੀ ਜਰੂਰਤ ਪਾਣੀ ਨੂੰ ਵੀ ਲੈਣ ਲਈ ਲੜਕੇ ਖੂਨ ਵਹਾਉਣਾ ਪਿਆ, ਉਹ ਕੌਣ ਲੋਕ ਸਨ ਜਿਹਨਾ ਨਾ਼ਲ ਲੜਨਾ ਪਿਆ? ਉਹਭਾਰਤ ਦੇ ਕਥਿਤ ਸਵਰਣ ਲੋਕ ਸਨ। ਬਹੁਤ ਸਾਰੇ ਸਿੱਖਾਂ ਅਤੇ ਮੁਸਮਾਨਾਂ ਨੇ ਵੀ ਹਿੰਦੂਆਂ ਵਰਗਾ ਹੀ ਸਲੂਕ ਕੀਤਾ।

ਭਾਰਤ ਦੇ ਐਸਸੀ, ਐਸਟੀ ਵਰਗ ਦੇ ਲੋਕ ਜਿਹੜੇ ਬੋਤਲਾਂ ਦੇ ਆਰ ਓ ਦਾ ਸਾਫ਼ ਠੰਡਾ ਜਾਂ ਗਰਮ ਪਾਣੀ ਪੀਂਦੇ ਹਨ, ਉਹਨਾ ਦੇ ਪੂਰਵਜਾਂ ਨੂੰ ਸਾਫ ਤਲਾਬਾਂ ਤੋਂ ਪਾਣੀ ਲੈਣ ਲਈ ਸਰਕਾਰੇ ਦਰਬਾਰੇ ਪਹੁੰਚ ਕਰਕੇ ਹੱਕ ਲੈਣ ਦੇ ਲਈ ਸੰਘਰਸ਼ ਕੀਤੇ ਹਨ। ਉਹਨਾ ਦੇ ਹੱਕ ਉੱਤੇ ਭਾਰਤ ਦੇ ਹਿੰਦੂ ਸਵਰਣ ਸਮਾਜ ਨੇ ਹਜਾਰਾਂ ਸਾਲਾਂ ਤਕ ਰੋਕ ਲਗਾ ਰੱਖੀ ਸੀ। ਜਦੋਂ ਕੋਈ ਭਾਰਤ ਦਾ ਅਛੂਤ ਮੂਲਨਿਵਾਸੀ ਬਿਮਾਰ ਹੋ ਜਾਂਦਾ ਸੀ ਚਾਂ ਡਾਕਟਰ ਉਸ ਨੂੰ ਸਾਫ਼ ਪਾਣੀ ਪੀਣ ਦੀ ਸਲਾਹ ਦਿੰਦਾ ਸੀ।

ਭਾਰਤ ਦੇ ਐਸ.ਸੀ., ਐਸ.ਟੀ. ਸ਼੍ਰੇਣੀ ਦੇ ਲੋਕਾਂ ਨੂੰ ਬੋਤਲਾਂ ਅਤੇ ਆਰ.ਓ. ਤੋਂ ਸਾਫ ਜਾਂ ਗਰਮ ਪਾਣੀ ਪੀਣ ਦਾ ਅਧਿਕਾਰ ਸਿਰਫ ਬਾਬਾ ਸਾਹਿਬ ਦੇ ਸੰਘਰਸ਼ ਨਾਲ ਮਿਲਿਆ ਹੈ, ਇਹ ਕਿਸੇ ਵੀ ਹਿੰਦੂ ਦੇਵਤੇ ਦੀ ਮਿਹਰਬਾਨੀ ਦੁਆਰਾ ਨਹੀਂ। ਭਾਰਤ ਵਿਚ ਕਿਸੇ ਵੀ ਐਸ.ਸੀ., ਐਸ.ਟੀ. ਸਮਾਜ ਦੇ ਵਿਅਕਤੀ ਦੇ ਮੂੰਹੋਂ ਅਜਿਹੀ ਭੈੜੀ ਸਥਿਤੀ ਤੋਂ ਬਾਹਰ ਕਢਣ ਵਾਲੇ ਵਿਅਕਤੀ ਬਾਬਾ ਸਾਹਿਬ ਦਾ ਨਾਮ ਲੈਂਦੇ ਸੋਚਣਾ ਪਵੇ ਅਤੇ ਉਨ੍ਹਾਂ ਦੇ ਵਿਚਾਰਾਂ ਉੱਤੇ ਨਾਂ ਚੱਲੇ ਅਜਿਹੇ ਮਨੁੱਖ ਉੱਤੇ ਲੱਖ ਲਾਹਣਤ ਕਹਿ ਸਕਦੇ ਹਾਂ।

ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਨ ਕਿਤਾਬ ਵਿੱਚ ਮਾਹਦ ਦੇ ਚਾਵਦਾਰ ਤਲਾਬ ਤੋਂ ਪਾਣੀ ਲਈ ਸੰਘਰਸ਼ ਕਰਨ ਦਾ ਕੁੱਝ ਇਸ ਤਰਾਂ ਜਿਕਰ ਕੀਤਾ ਹੈ।

ਮਹਾਦ ਸੱਤਿਆਗ੍ਰਹਿ ਪਾਣੀ ਲਈ ਨਹੀਂ, ਬਲਕਿ ਮਨੁੱਖੀ ਅਧਿਕਾਰਾਂ ਦੀ ਸਥਾਪਨਾ ਲਈ 'ਹੁਣ ਸਵੈ-ਮਾਣ ਦਾ ਸੂਰਜ ਚੜ੍ਹ ਗਿਆ ਸੀ ਅਤੇ ਜੁਲਮ ਦੇ ਬੱਦਲ ਫੁੱਟਣ ਲੱਗ ਪਏ ਸਨ। ਬੇਦਖਲ ਵਰਗਾਂ ਨੇ ਉੱਪਰ ਵੱਲ ਵੇਖਣਾ ਸ਼ੁਰੂ ਕਰ ਦਿਤਾ ਸੀ। ਇਹ ਡਾਕਟਰ ਬੀ.ਆਰ. ਅੰਬੇਦਕਰ ਦੇ ਜੀਵਨ ਦੀ ਇੱਕ ਮਹੱਤਵਪੂਰਣ ਘਟਨਾਮਾਹਦ 'ਤੇ ਮਾਰਚ ਸੀ। ਇਸ ਦੀ ਸੁਰੂਆਤ ਐਸ ਕੇ ਬੋਲੇ ਦੁਆਰਾ ਬੰਬੇ ਵਿਧਾਨ ਸਭਾ ਦੇ ਮਹੱਤਵਪੂਰਨ ਮਤੇ ਵਿੱਚ ਕੀਤੀ ਗਈ ਸੀ ਅਤੇ ਇਸਨੂੰ ਬੰਬੇ ਸਰਕਾਰ ਨੇ ਅਪਣਾਇਆ ਸੀ। ਬੋਲੇ ਨੇ ਮਤੇ ਨੂੰ ਅਗੇ ਵਧਾਇਆ ਅਤੇ 1923 ਵਿਚ ਪਾਸ ਹੋਇਆ ਅਤੇ 1926 ਵਿਚ ਥੋੜ੍ਹੀ ਜਿਹੀ ਤਬਦੀਲੀ ਨਾਲ ਪੁਸ਼ਟੀ ਕੀਤੀ ਗਈ, ਮਾਹਦ ਨਗਰ ਪਾਲਿਕਾ ਨੇ ਚਾਵਦਾਰ ਸਰੋਵਰ ਨੂੰ ਅਛੂਤਾਂ ਲਈ ਖੋਲ੍ਹ ਦਿੱਤਾ ਸੀ। ਹਾਲਾਂਕਿ, ਮਿਊਂਸਪੈਲਟੀ ਦਾ ਮਤਾ ਸਿਰਫ ਇਹ ਸੰਕੇਤ ਸੀ ਕਿ ਅਛੂਤ ਲੋਕਾਂ ਨੇ ਉੱਚ ਜਾਤੀ ਦੇ ਹਿੰਦੂਆਂ ਨਾਲ ਦੁਸ਼ਮਣੀ ਦੇ ਕਾਰਨ ਉਨ੍ਹਾਂ ਨੇ ਅਧਿਕਾਰ ਦੀ ਵਰਤੋਂ ਨਹੀਂ ਕੀਤੀ।


ਇਸ ਲਈ, ਕੋਲਾਬਾ ਜਿਲ੍ਹਾ ਬੇਦਖਲ ਵਰਗਾਂ ਨੇ 19 ਅਤੇ 20 ਮਾਰਚ, 1927 ਨੂੰ ਮਾਹਦ ਵਿਖੇ ਇੱਕ ਕਾਨਫ਼ਰੰਸ ਕਰਨ ਦਾ ਫੈਸਲਾ ਕੀਤਾ ਸੀ। ਕਾਨਫ਼ਰੰਸ ਦੇ ਨੇਤਾਵਾਂ ਨੇ ਡਾ ਅੰਬੇਦਕਰ ਨੂੰ ਪਿਛਲੇ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਕਾਨਫਰੰਸ ਦੀ ਤਰੀਕ ਬਾਰੇ ਸੂਚਿਤ ਕੀਤਾ ਸੀ। ਕਾਨਫ਼ਰੰਸ ਲਈ ਸੁਰੇਂਦਰਨਾਥ ਟਿਪਨੀਸ, ਸੂਬੇਦਾਰ ਸਾਵਾਦਕਰ ਅਤੇ ਅਨੰਤ ਰਾਓ ਚਿੱਤਰ ਦੁਆਰਾ ਪਰਬੰਧ ਕੀਤੇ ਗਏ ਸਨ। ਪਿਛਲੇ ਦੋ ਮਹੀਨਿਆਂ ਤੋਂ ਵਰਕਰਾਂ ਅਤੇ ਨੇਤਾਵਾਂ ਨੇ ਆਸ ਪਾਸ ਦੀਆਂ ਪਹਾੜੀਆਂ ਅਤੇ ਡਾਲਾਂ ਨੂੰ ਬਹੁਤ ਮੀਟਿੰਗਾ ਕਰ ਪ੍ਰਚਾਰ ਕੀਤਾ ਸੀ ਅਤੇ ਬੇਦਖਲ/ਵੰਚਿਤ ਵਰਗ ਨੂੰ ਕਾਨਫਰੰਸ ਨੂੰ ਸਫਲ ਬਨਾਉਣ ਲਈ ਉਤਸ਼ਾਹਤ ਕੀਤਾ ਸੀ। ਨਤੀਜਾ ਇਹ ਨਿਕਲਿਆ ਕਿ ਪੰਦਰਾਂ ਸਾਲ ਦੇ ਲੜਕੇ ਤੋਂ ਲੈਕੇ ਸੱਤਰ ਸਾਲ ਦੇ ਬੁੱਢੇ ਤਕਰੋਟੀ ਅਤੇ ਬੋਝੇ ਮੋਢਿਆਂ ਉੱਤੇ ਲਟਕਾ ਕੇ ਸੌ- ਸੌ ਮੀਲ ਪੈਦਲ ਚੱਲ ਨਾਲ ਮਹਾਦ ਕਾਨਫਰੰਸ ਵਿੱਚ ਪਹੁੰਚੇ। ਇਸ ਕਾਨਫ਼ਰੰਸ ਵਿੱਚ ਮਹਾਰਾਸ਼ਟਰ ਅਤੇ ਗੁਜਰਾਤ ਦੇ ਲਗਭਗ ਸਾਰੇ ਜ਼ਿਲ੍ਹਿਆਂ ਤੋਂ ਤਕਰੀਬਨ ਦਸ ਹਜ਼ਾਰ ਡੈਲੀਗੇਟਾਂ, ਕਾਰਕੁਨਾਂ ਅਤੇ ਦਲਿਤ ਵਰਗ ਦੇ ਲੋਕਾਂ ਅਤੇ ਨੇਤਾਵਾਂ ਨੇ ਹਿੱਸਾ ਲਿਆ।

ਕਾਨਫਰੰਸ ਨੂੰ ਸਫਲ ਬਣਾਉਣ ਲਈ ਹਰ ਸਾਧਨ ਅਪਣਾਏ ਗਏ ਸਨ ਅਤੇ ਕਾਨਫਰੰਸ ਲਈ ਹਰ ਤਰਾਂ ਦੀ ਦੇਖਭਾਲ ਕੀਤੀ ਗਈ ਸੀ, ਹਰ ਸਹੂਲਤ ਦਾ ਪ੍ਰਬੰਧ ਕੀਤਾ ਗਿਆ ਸੀ, ਕਾਨਫਰੰਸਦੀਆਂ ਲੋੜਾਂ ਪੂਰੀਆਂ ਕਰਨ ਲਈ ਜਾਤੀ ਹਿੰਦੂਆਂ ਤੋਂ ਚਾਲੀ ਰੁਪਏ ਮੁੱਲ ਦਾ ਪਾਣੀ ਖ੍ਰੀਦਿਆ ਗਿਆ, ਕਿਉਂਕਿ ਕਾਨਫਰੰਸ ਦੀ ਜਗ੍ਹਾ 'ਤੇ ਅਛੂਤਾਂ ਨੂੰ ਪਾਣੀ ਉਪਲਬਧ ਨਹੀਂ ਸੀ।

ਡਾ. ਅੰਬੇਦਕਰ ਅੱਧ ਨੰਗੇ, ਥੱਕੇ ਟੁੱਟੇ, ਅਤੇ ਉਤਸੁਕਤ ਪੁਰਸ਼ਾਂ ਅਤੇ ਔਰਤਾਂ ਨੂੰ ਆਪਣਾ ਪ੍ਰਧਾਨਗੀ ਭਾਸ਼ਣ ਦੇਣ ਲਈ ਉੱਠੇ ਅਤੇ ਇਸ ਦੀ ਸੂਰੂਆਤ ਉਨ੍ਹਾਂ ਨੇ ਆਪਣੇ ਸਧਾਰਣ, ਛੋਟੇ ਅਤੇ ਸ਼ਕਤੀਸ਼ਾਲੀ ਵਾਕਾਂ ਵਿੱਚ ਕੀਤੀ। ਆਪਣੀ ਅਨੋਖੀ ਵਿਰੋਧ ਆਵਾਜ਼ ਵਿਚ, ਉਸਨੇ ਦਾਪੋਲੀ ਵਿਚਲੀਆਂ ਸਥਿਤੀਆਂ ਬਾਰੇ ਦੱਸਿਆ ਜਿਥੇ ਉਸ ਨੇ ਆਪਣੀ ਸੁਰੂਆਤਾ ਸਿਖਿਆ ਪ੍ਰਾਪਤ ਕੀਤੀ ਸੀ ਅਤੇ ਕਿਹਾ ਕਿ ਹਰ ਕੋਈ ਉਸ ਜਗਾ ਪ੍ਰਤੀ ਆਕਰਸ਼ਤ ਹੁੰਦਾ ਹੈ ਜਿੱਥੇ ਉਸਨੇ ਬਚਪਨ ਬਿਤਾਇਆ ਹੋਵੇ ਅਤੇ ਆਸ ਸ ਦੇ ਸੁੰਦਰ ਦ੍ਰਿਸ਼ਾਂ ਨੇ ਇਸ ਜਗਾ ਪ੍ਰਤੀ ਲਗਾਵ ਨੂੰ ਹੇਰ ਗਹਿਰਾ ਕਰ ਦਿਤਾ ਹੈ। ਉਸ ਨੇ ਆਪਣੇ ਬਚਪਨ ਦੇ ਦਿਨ ਯਾਦ ਕਰਦੇ ਕਿਹਾ, "ਇੱਕ ਸਮਾਂ ਸੀ ਜਦੋਂ, ਜਿਹੜੇ ਅਛੂਤਤਾ ਨੂੰ ਨਕਾਰਦੇ ਹਨ, ਬਹੁਤ ਅਗਾਹਾਂ ਵਧੂ ਸਨ, ਜਿਸ ਵਰਗ ਨਾਲ ਉਹ ਸਬੰਧ ਰਖਦੇ ਹਨ ਉਹਨਾ ਨਾਲੋ ਉਹ ਸਿੱਖਿਆ ਵਿੱਚ ਅੱਗੇ ਸਨ। ਉਸ ਸਮੇਂ ਦੇਸ਼ ਦਾ ਇਹ ਹਿੱਸਾ ਸਾਡੇ ਲੋਕਾਂ ਦੇ ਕੰਮ ਅਤੇ ਅਧਿਕਾਰਾਂ ਲਈ ਭਟਕ ਰਿਹਾ ਸੀ।"

ਤਦ ਬੜੇ ਉਤਸ਼ਾਹ ਨਾਲ ਉਸਨੇ ਫਿਰ ਆਪਣੇ ਲੋਕਾਂ ਨੂੰ ਸੁਨੇਹਾ ਦਿੱਤਾ ਜਿਹਨਾ ਦੀ ਮਹਾਰਾਸ਼ਟਰ ਦੀਆਂ ਪਹਾੜੀਆਂ, ਡਾਲਾਂ ਅਤੇ ਪਿੰਡਾਂ ਵਿੱਚ ਗੂੰਜ ਸੀ। ਉਨ੍ਹਾਂ ਘੋਸ਼ਣਾ ਕੀਤੀ ਕਿ ਸੈਨਿਕ-ਹੀਣ ਹੋਣਾ ਉਨ੍ਹਾਂ ਦੇ ਪਤਨ ਦਾ ਇਕ ਕਾਰਨ ਸੀ, ਉਸਨੇ ਕਿਹਾ:"ਸੈਨਾ ਨੇ ਸਾਨੂੰ ਸਾਡੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਸਾਡੀ ਯੋਗਤਾ ਅਤੇ ਬੁੱਧੀ, ਫੌਜ ਦੇ ਅਧਿਕਾਰੀ ਹੋਣ ਦੇ ਨਾਤੇ ਹਿੰਮਤ ਅਤੇ ਹੁਸਿਆਰ ਸਾਬਤ ਕਰਨ ਦੇ ਅਨੌਖੇ ਅਵਸਰ ਦਿਤੇ ਹਨ। ਉਨ੍ਹਾਂ ਦਿਨਾਂ ਵਿੱਚ ਅਛੂਤ ਲੋਕ ਫੌਜੀ ਸਕੂਲਾਂ ਦੇ ਮੁੱਖ ਅਧਿਆਪਕ ਵੀ ਹੋ ਸਕਦੇ ਸਨ ਅਤੇ ਮਿਲਟਰੀ ਕੈਂਪਾਂ ਵਿੱਚ ਲਾਜ਼ਮੀ ਮੁੱਢਲੀ ਸਿੱਖਿਆ ਬਹੁਤ ਪ੍ਰਭਾਵਸ਼ਾਲੀ ਅਤੇ ਕਾਰਗਰ ਸੀ।" "ਇਹ ਕਿਸੇ ਧੋਖੇਬਾਜ਼ੀ ਅਤੇ ਬੇਇਮਾਨੀ ਤੋਂ ਘੱਟ ਨਹੀਂ ਹੈ," ਉਹ ਬ੍ਰਿਟਿਸ਼ ਵੱਲੋਂ ਅਛੂਤਾਂ ਲਈ ਸੈਨਾ ਦੇ ਦਰਵਾਜ਼ੇ ਬੰਦ ਕਰਨ ਲਈ ਕਿਹਾ ਗਿਆ ਸੀ, ਜਿਨ੍ਹਾਂ ਨੇ ਉਨ੍ਹਾਂ ਦੀ ਭਾਰਦ ਵਿੱਚ ਸਾਮਰਾਜ ਸਥਾਪਤ ਕਰਨ ਵਿਚ ਸਹਾਇਤਾ ਕੀਤੀ ਸੀ ਜਦੋਂ ਕਿ ਉਨ੍ਹਾਂ ਦੀ ਘਰੇਲੂ ਸਰਕਾਰ ਵਿੱਚ ਪਕੜ ਸੀ। ਫ੍ਰੈਂਚ ਦੇ ਨਾਲ, ਨੈਪੋਲੀਉਨਿਕ ਯੁੱਧ ਦੌਰਾਨ। "ਇਹ ਸੰਮੇਲਨ ਸਮਾਨਤਾ ਦਾ ਝੰਡਾ ਲਹਿਰਾਉਣ ਲਈ ਆਯੋਜਤ ਕੀਤਾ ਗਿਆ ਹੈਅਤੇ ਇਸ ਤਰ੍ਹਾਂ ਫਰਾਂਸ ਦੀ ਨੈਸ਼ਨਲ ਅਸੈਂਬਲੀ ਨਾਲ ਤੁਲਨਾ ਕੀਤੀ ਜਾ ਸਕਦੀ ਹੈਜਿਹੜੀ 1789 ਵਿਚ ਹੋਈ ਸੀ।

ਤਦ ਇੱਕ ਪ੍ਰਭਾਵਸ਼ਾਲੀ ਪ੍ਰੇਰਣਾਦਾਇਕ ਸੁਰ ਵਿੱਚ ਉਸਨੇ ਕਿਹਾ: ਕੋਈ ਸਥਾਈ ਤਰੱਕੀ ਉਦੋਂ ਤੱਕ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਅਸੀਂ ਆਪਣੇ ਆਪ ਨੂੰ ਸ਼ੁੱਧਤਾ ਦੇ ਤਿੰਨ-ਤਰਾਂ ਦੀਆਂ ਪ੍ਰਕ੍ਰਿਆ ਵਿੱਚ ਸ਼ਾਮਲ ਨਹੀਂ ਕਰਦੇ। ਸਾਨੂੰ ਆਪਣੇ ਵਿਵਹਾਰ, ਬੋਲਚਾਲ ਦਾ ਸੁਰ ਅਤੇ ਆਪਣੇ ਵਿਚਾਰਾਂ ਨੂੰ ਸੁਧਾਰਨਾ ਚਾਹੀਦਾ ਹੈ। ਉਨ੍ਹਾਂ ਦੇ ਵਿਚਾਰਾਂ ਨੂੰ ਮੁੜ ਤੋਂ ਸੁਰਜੀਤ ਕਰਦੇ ਹੋਏ ਆਪਣੀ ਬੋਲਬਾਣੀ ਦੀ ਭਾਸ਼ਾ ਵਿੱਚ ਬਦਲਨਾ ਚਾਹੀਦਾ ਹੈ।



ਇਸ ਲਈ, ਹੁਣ ਮੈਂ ਤੁਹਾਨੂੰ ਇਸ ਪਲ ਤੋਂ ਹੱਲ ਕਰਨ ਲਈ ਕਹਿੰਦਾ ਹਾਂ ਕਿ ਮੁਰਦਾ ਜਾਨਵਰਾਂ ਦੇ ਮਾਸ ਖਾਣਾ ਛੱਡੋ। ਹੁਣ ਸਮਾਂ ਆ ਗਿਆ ਹੈ ਕਿ ਸਾਡੇ ਦਿਮਾਗ ਤੋਂ ਉੱਚੇ ਅਤੇ ਨੀਵੇਂ ਵਿਚਾਰਾਂ ਨੂੰ ਦੂਰ ਕਰੋ। ਪੱਕਾ ਇਰਾਦਾ ਕਰੋ ਕਿ ਸੁੱਟੇ ਹੋਏ ਟੁਕੜਿਆਂ ਨੂੰ ਨਹੀਂ ਖਾਣਾ। ਤਾਂ ਅਸੀਂ ਸਵੈ-ਉਚਾਈ ਪ੍ਰਾਪਤ ਕਰ ਸਕਾਂਗੇ, ਅਸੀਂ ਸਵੈ-ਸਹਾਇਤਾ ਸਿੱਖੀਏ, ਆਪਣਾ ਸਵੈ-ਮਾਣ ਦੁਬਾਰਾ ਤੋਂ ਹਾਸਲ ਕਰਾਂਗੇ ਅਤੇ ਗਿਆਨ ਪ੍ਰਾਪਤ ਕਰਾਂਗੇ।" ਉਸਨੇ ਅੱਗੇ ਆਪਣੇ ਲੋਕਾਂ ਨੂੰ ਫੌਜ, ਜਲ ਸੈਨਾ ਅਤੇ ਪੁਲਿਸ ਵਿੱਚ ਭਰਤੀ ਹੋਣ 'ਤੇ ਸਰਕਾਰੀ ਪਾਬੰਦੀਆਂ ਵਿਰੁੱਧ ਸੰਘਰਸ਼ ਕਰਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਅਤੇ ਸਿੱਖਿਆ ਵਿੱਚ ਦਾਖਲ ਹੋਣ ਦੀ ਮਹੱਤਤਾ ਤੇ ਜ਼ੋਰ ਦਿੱਤਾ। ਮਹਾਰਾਂ ਦੇ ਪ੍ਰਸ਼ਨ ਵੱਲ ਮੁੜਦੇ ਹੋਏ, ਉਸਨੇ ਇਹ ਕਹਿ ਕੇ ਉਨ੍ਹਾਂ ਸਵੈ-ਮਾਣ ਭੰਗ ਕੀਤਾ ਹੈ ਕਿ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਕੁਝ ਟੁਕੜਿਆਂ ਦੀ ਰੋਟੀ ਲਈ ਵੇਚਣਾ ਬਹੁਤ ਸ਼ਰਮਨਾਕ ਹੈ, ਅਤੇ ਉਨ੍ਹਾਂ ਨੂੰ ਉਤਸ਼ਾਹ ਨਾਲ ਅਪੀਲ ਕੀਤੀ ਕਿ ਉਹ ਨਿਘਰ ਰਹੀਆਂ, ਕਮਜ਼ੋਰ ਪਰੰਪਰਾਵਾਂ ਨੂੰ ਤਿਆਗਣ। ਉਹ ਆਪਣੇ ਵਤਨ ਅਤੇ ਖੇਤੀਬਾੜੀ ਦੇ ਕੰਮਾਂ ਲਈ ਜੰਗਲ ਦੀ ਜ਼ਮੀਨ ਦੀ ਭਾਲ ਕਰਕੇ ਕੰਮ ਕਰਨ। ਅੰਤ ਵਿੱਚ, ਇੱਕ ਨਿਰਣਾਇਕ ਸੁਰ ਵਿੱਚ ਉਸਨੇ ਕਿਹਾ: ਜੇ ਉਹ ਆਪਣੇ ਬੱਚਿਆਂ ਨੂੰ ਆਪਣੇ ਨਾਲੋਂ ਬਿਹਤਰ ਸਥਿਤੀ ਵਿੱਚ ਵੇਖਣਾ ਨਹੀਂ ਚਾਹੁੰਦੇ ਤਾਂ ਮਾਪਿਆਂ ਅਤੇ ਜਾਨਵਰਾਂ ਵਿੱਚ ਕੋਈ ਅੰਤਰ ਨਹੀਂ ਹੋਵੇਗਾ। ਕਾਨਫਰੰਸ ਨੇ ਮਹੱਤਵਪੂਰਨ ਵਿਸ਼ਿਆਂ 'ਤੇ ਮਤੇ ਪਾਸ ਕੀਤੇ। ਇੱਕ ਮਤੇ ਰਾਹੀਂ ਸੰਮੇਲਨ ਨੇ ਉੱਚ ਜਾਤੀ ਦੇ ਹਿੰਦੂਆਂ ਨੂੰ ਅਪੀਲ ਕੀਤੀ ਕਿ ਅਛੂਤਾਂ ਨੂੰ ਉਨ੍ਹਾਂ ਦੇ ਨਾਗਰਿਕ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਸਹਾਇਤਾ ਕਰਨ, ਉਨ੍ਹਾਂ ਨੂੰ ਸੇਵਾਵਾਂ ਵਿੱਚ ਰੁਜ਼ਗਾਰ ਦੇਣ, ਅਛੂਤ ਵਿਦਿਆਰਥੀਆਂ ਨੂੰ ਖੁਣਾ ਦੇਣ ਅਤੇ ਆਪਣੇ ਮਰੇ ਹੋਏ ਪਸ਼ੂਆਂ ਨੂੰ ਉਹਨਾ ਨੂੰ ਖੁਦ ਦਬਾਉਣ ਦੀ ਅਪੀਲ ਕੀਤੀ ਜਾਵੇ। ਅੰਤ ਵਿੱਚ, ਇਸ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਅਛੂਤਾਂ ਨੂੰ ਵਿਸ਼ੇਸ਼ ਕਾਨੂੰਨਾਂ ਦੁਆਰਾ ਮੀਟ ਖਾਣ ਤੋਂ ਵਰਜਿਆ ਜਾਵੇ, ਮਨਾਹੀਆਂ ਲਾਗੂ ਕੀਤੀਆਂ ਜਾਣ, ਉਨ੍ਹਾਂ ਨੂੰ ਮੁਫਤ ਅਤੇ ਲਾਜ਼ਮੀ ਮੁੱਢਲੀ ਸਿਖਿਆ ਪ੍ਰਦਾਨ ਕੀਤੀ ਜਾਵੇ। ਡਿਪਰੈਸਡ ਕਲਾਸਾਂ ਦੇ ਹੋਸਟਲਾਂ ਦਾ ਸਮਰਥਨ ਕਰਨ ਅਤੇ ਸਥਾਨਕ ਸੰਸਥਾਵਾਂ ਨੂੰ ਹਦਾਇਤਾਂ ਦੇ ਕੇ 'ਬੋਲੇ ਸੰਕਲਪ' ਨੂੰ ਇਕ ਜੀਵਿਤ ਹਕੀਕਤ ਬਣਾਉਣ ਲਈ ਅੱਗੇ ਆਉਣ ਜੇ ਜਰੂਰੀ ਹੋਏ ਤਾਂ ਇਸ ਨੂੰ ਲਾਗੂ ਕਰਨ ਲਈ ਉਨ੍ਹਾਂ ਦੇ ਸਥਾਨਾਂ 'ਤੇ ਭਾਰਤੀ ਦੰਡ ਪ੍ਰਕਿਰਿਆ ਕੋਡ ਦੀ ਧਾਰਾ 144 ਜਾਰੀ ਕਰਨ।

ਪਹਿਲੇ ਦਿਨ, ਕੁਝ ਹਿੰਦੂ ਬੁਲਾਰਿਆਂ, ਸਥਾਨਕ ਅਤੇ ਬਾਹਰਲੇ ਲੋਕਾਂ ਨੇ ਡਿਪਰੈਸ਼ਡ ਵਰਗ ਦੇ ਅਧਿਕਾਰਾਂ ਨੂੰ ਜਾਇਜ਼ ਠਹਿਰਾਉਂਦਿਆਂ ਭਾਸ਼ਣ ਦਿੱਤੇ ਅਤੇ ਉਨ੍ਹਾਂ ਦੀ ਮਦਦ ਦਾ ਵਾਅਦਾ ਕੀਤਾ। ਉਸ ਰਾਤ ਹੋਈ ਵਿਸ਼ੇ ਕਮੇਟੀ ਨੇ, ਕਾਨਫ਼ਰੰਸ ਵਿਚ ਸ਼ਾਮਲ ਹੋਣ ਵਾਲੇ ਉੱਚ ਵਰਗ ਦੇ ਨੇਤਾ ਵੀ ਕਾਨਫ਼ਰੰਸ ਹਾਜਰ ਰਹੇ ਸਨ ਉਹਨਾ ਦੇ ਨਾਲ ਮਿਲਕੇ ਫੈਸ਼ਲਾ ਲਿਆ ਕਿ ਕਾਨਫਰੰਸ ਨੂੰ ਇੱਕ ਸਮਗਠਨ ਦੇ ਤੌਰ ਤੇ ਚਾਵਦਾਰ ਤਲਾਬ ਜਾਣਾ ਚਾਹੀਦਾ ਹੈ ਅਤੇ ਡਿਪਰੈਸ਼ਡਵਰਗ ਨੂੰ ਤਲਾਬ ਦੇ ਪਾਣੀਉੱਤੇ ਅਧਿਕਾਰ ਹੋਣ ਦੇ ਹੱਕ ਨੂੰ ਕਾਇਮ ਕਰਨਾ ਚਾਹੀਦਾ ਹੈ। ਅਗਲੀ ਸਵੇਰ ਕਾਨਫ਼ਰੰਸ ਨੇ ਉੱਚ ਜਾਤੀ ਦੇ ਹਿੰਦੂਆਂ ਦੇ ਫਰਜ਼ਾਂ ਅਤੇ ਜੁੰਮਿਵਾਰੀਆਂ ਸੰਬੰਧੀ ਮਤੇ ਦਾ ਸਮਰਥਨ ਕਰਨ ਲਈ ਦੋ ਉੱਚ ਜਾਤੀ ਦੇ ਹਿੰਦੂ ਬੁਲਾਰਿਆਂ ਨੂੰ ਬੁਲਾਇਆ। ਅੰਤਰ-ਜਾਤੀ ਵਿਆਹ ਦੀ ਧਾਰਾ ਨੂੰ ਛੱਡ ਕੇ ਦੋਵਾਂ ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ।

ਮਾਹਦ ਮਿਊਂਸਪੈਲਟੀ ਦੇ ਮਤੇ ਦੇ ਚੱਲਦਿਆਂ, ਜਿਸ ਨੇ 1924 ਵਿੱਚ ਡਿਪਰੈਸ਼ਡਵਰਗਾਂ ਲਈ ਆਪਣਾ ਤਲਾਅ ਖੋਲ੍ਹਣ ਦਾ ਐਲਾਨ ਕੀਤਾ ਸੀ, ਹੁਣ ਤਲਾਅ ਤੋਂ ਪਾਣੀ ਲੈਣ ਅਤੇ ਅਛੂਤਾਂ ਨੇ ਆਪਣੇ ਅਧਿਕਾਰ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ। ਇਸ ਅਨੁਸਾਰ ਡੈਲੀਗੇਟਾਂ ਨੇ ਚਾਵਦਾਰ ਤਲਾਬ ਤਕ ਤੋਂ ਪਾਣੀ ਲੈਣ ਦੇ ਉਨ੍ਹਾਂ ਦੇ ਅਧਿਕਾਰ ਦਾ ਦਾਅਵਾ ਕਰਨ ਲਈ ਸ਼ਾਂਤਮਈ ਢੰਗ ਨਾਲ ਮਾਰਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਹੁਣ ਉਹ ਮਹੱਤਵਪੂਰਣ ਘਟਨਾ ਵਾਪਰ ਰਹੀ ਸੀ, ਵਿਸ਼ਾਲਤਾ ਵਿੱਚ ਅਤੇ ਇਸਦੇ ਨਤੀਜੇ ਮਹਤਵਪੂਰਨ ਅਤੇ ਦੂਰਗਾਮੀਂ ਸਨ। ਗੁਲਾਮੀ-ਵਿਰੋਧੀ, ਜਾਤੀ-ਵਿਰੋਧੀ, ਪੁਜਾਰੀ-ਵਿਰੋਧੀ ਡਾ. ਅੰਬੇਦਕਰ, ਅਛੂਤ ਹਿੰਦੂਆਂ ਦੀਰੂਹ ਨੂੰ ਜਾਗਉਣ ਦੀ ਪ੍ਰਤੀਨਿਧਤਾ ਕਰਦੇ ਹੋਏ, ਤਲਾਅ ਵੱਲ ਵਧ ਰਹੇ ਸਨ ਜਿੱਥੋਂ ਮੁਸਲਮਾਨ ਅਤੇ ਈਸਾਈ ਅਖੌਤੀ ਅਛੂਤ ਹਿੰਦੂਆਂ ਦੇ ਨਾਲ ਪਾਣੀ ਲੈਂਣਾ ਸੀ।

ਪਰ ਅਛੂਤ ਹਿੰਦੂ, ਜਿਨ੍ਹਾਂ ਨੇ ਹਿੰਦੂ ਦੇਵਤਿਆਂ ਦੀ ਪੂਜਾ ਕੀਤੀ, ਸਦੀਆਂ ਤੋਂ ਉਸੇ ਹਿੰਦੂ ਧਰਮ ਨਾਲ ਜੁੜੇ ਰਹੇ, ਹਾਲਾਂਕਿ ਉਨ੍ਹਾਂ ਦੇ ਗਲ਼ ਪਿਆਸ ਨਾਲ ਸੁੱਕੇ ਹੋਏ ਸਨ, ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਲੈਣ ਦਿੱਤੀ ਗਈ ਸੀ।

(ਚਲਦਾ)

# ਨਸਰਾਲਾ ਸਮਾਰਟ ਸਕੂਲ ਚ 12 ਵੀ ਦੇ ਟਾਪਰ ਬੱਚੇ ਸਨਮਾਨਿਤ ਨਤੀਜਾ ਰਿਹਾ 100 ਪ੍ਰਤੀਸ਼ਤ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਹੁਣੇ ਐਲਾਨੇ ਗਏ 12 ਵੀ ਜਮਾਤ ਦੇ ਬੋਰਡ ਦੇ ਨਤੀਜੇ ਵਿੱਚੋ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਦੇ ਵਿਦਿਆਰਥੀਆਂ ਨੇ ਸਨਮਾਨਯੋਗ ਪ੍ਰਾਪਤੀਆਂ ਕੀਤੀਆਂ ਹਨ!ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖੀ ਪ੍ਰਿੰ.ਸ਼੍ਰੀ ਕਰੁਣ ਸ਼ਰਮਾ ਨੇ ਦੱਸਿਆ ਕਿ ਵੋਕੇਸ਼ਨਲ ਵਿਸ਼ੇ ਚ ਜਮਨਾ 96.6% ਅੰਕ ਲੈ ਕੇ ਪਹਿਲੇ ਸਥਾਨ ਤੇ ,ਪੂਨਮ ਕੁਮਾਰੀ ਨੇ 96.4% ਦੂਜਾ ਸਥਾਨ,ਜੋਤੀ 90% ਅੰਕ ਲੈ ਕੇ ਤੀਜੇ ਸਥਾਨ ਤੇ ਰਹੀ



!ਆਰਟਸ ਵਿਸ਼ੇ ਚ ਅੰਜੂ ਰਾਣੀ 94%,ਕਿਰਨ 93.4%,ਹਰਪ੍ਰੀਤ ਕੌਰ 92.4% ਅੰਕ ਪ੍ਰਾਪਤ ਕੀਤੇ ਹਨ!ਬਾਕੀ ਰਹਿੰਦੇ ਵਿਦਿਆਰਥੀਆਂ ਨੇ ਵੀ 70% ਤੋ ਵੱਧ ਅੰਕ ਪ੍ਰਾਪਤ ਕੀਤੇ ਹਨ!ਇਸ ਮੌਕੇ ਦੋਵਾ ਵਿੰਗਾਂ ਵਿੱਚ 'ਚ ਪਹਿਲਾ,ਦੂਜਾ,ਤੀਜਾ ਸਥਾਨ ਪ੍ਰਾਪਤ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ,ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਤੋ ਪ੍ਰੇਰਨਾ ਲੈ ਕੇ ਮਿਹਨਤ ਕਰਨ ਲਈ ਪ੍ਰੇਰਿਆ ਗਿਆ! ਇਸ ਮੌਕੇ ਲੈਕਚਰਾਰ ਕੁਲਵਿੰਦਰ ਸਿੰਘ, ਬਲਵੀਰ ਚੰਦ, ਸੁਖਦੇਵ ਸਿੰਘ, ਡਾ. ਜਸਵੰਤ ਰਾਏ, ਸੰਜੀਤ, ਨਵਜੋਤ ਕੌਰ, ਨੀਲਮ ਕੁਮਾਰੀ, ਰਾਜਵਿੰਦਰ ਕੌਰ, ਵੀਨਾ ਕੁਮਾਰੀ, ਸੁਰਜੀਤ ਕੌਰ ਹਾਜਰ ਸਨ!

# ਭਾਰਤੀ ਸੁਤੰਤਰਤਾ ਦੇ ਮੋਹਰੀ ਕਬੀਲੇ, ਬਿਰਸਾ ਮੁੰਡਾ ਅਤੇ ਵੰਸ਼ ਅਜਾਦੀ ਦੀ ਸੁਰੂਆਤ ਅਤੇ ਆਦਿਵਾਸੀ ਕਬੀਲੇ



**ਹਰਦੀਪ ਸਿੰਘ ਚੁੰਬਰ**
**+91-94636-01616**

ਕਿਸੇ ਰੁਜ਼ਗਾਰ ਦਾ ਪ੍ਰਬੰਧ ਕੀਤੇ ਬਿਨਾ, ਮੌਜੂਦਾ ਜੀਵਨ ਸਹਾਰੇ ਤੋਂ ਬਾਦਖਲ ਕਰਨਾ ਅਣਮਨੁੱਖੀ ਕੰਮ ਹੈ। ਵੱਡੇ ਉਦਯੋਗਾਂ ਦੀ ਸਥਾਪਨਾ, ਡੈਮਾਂ ਦੀ ਉਸਾਰੀ ਅਤੇ ਆਦਿਵਾਸੀ ਖੇਤਰਾਂ ਵਿੱਚ ਵਿਕਾਸ ਯੋਜਨਾਵਾਂ ਦੀ ਸ਼ੁਰੂਆਤ ਸਥਾਨਕ ਆਬਾਦੀ ਦੇ ਉਜਾੜੇ ਦਾ ਕਾਰਨ ਬਣਦੀ ਰਹੀ ਹੈ। ਹਜ਼ਾਰਾਂ ਕਬੀਲੇ ਦੇ ਪਰਿਵਾਰ ਆਪਣੇ ਰਵਾਇਤੀ ਨਿਵਾਸ ਸਥਾਨਾਂ ਤੋਂ ਉਜੜੇ ਜਾਂਦੇ ਰਹੇ ਹਨ ਬਾਹਰੀ ਲੋਕਾਂ ਦੇ ਦਾਖਲ ਹੋਣ ਨਾਲ ਆਦਿਵਾਸੀ ਦੀ ਰਵਾਇਤੀ ਨੁਕਸਾਨਦੇਹੀਹੁੰਦੀ ਰਹੀ ਹੈ। ਇਸੇ ਕਾਰਨ ਅੰਦੋਲਨ ਹੁੰਦੇ ਹਨ, ਕੋਈ ਅੰਦੋਲਨਜੀਵੀ ਨਹੀਂ ਹੁੰਦਾ। ਜਿਹੜੇ ਕੁੱਝ ਲੋਕ ਨਵੀਂ ਆਰਥਿਕ ਅਤੇ ਵਿਦਿਅਕ ਸਰਹੱਦਾਂ ਦਾ ਲਾਭ ਲੈ ਸਕਦੇ ਸਨ, ਉਹ ਆਪਣੇ ਹਾਲਾਤ ਨੂੰ ਬਿਹਤਰ ਬਣਾਉਣ ਦੇ ਯੋਗ ਹੋ ਗਏ ਸਨ, ਜਦੋਂਕਿ ਕਬਾਇਲੀਆਂ ਦਾ ਇੱਕ ਵੱਡਾ ਹਿੱਸਾ, ਨਵੀਆਂ ਚੁਣੌਤੀਆਂ ਨਾਲ ਸਿੱਝਣ ਲਈ ਤਿਆਰ ਨਹੀਂ ਰਿਹਾ, ਹੌਲੀ ਹੌਲੀ ਸਮਾਜ ਅਤਿ ਦੇਗਰੀਬ ਵਰਗਾਂ ਵਿੱਚ ਸ਼ਾਮਿਲ ਹੋ ਗਿਆ ਹੈ। ਉਹਨਾ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਦੇ ਵਿਰੁੱਧ, ਉਨ੍ਹਾਂ ਨੇ ਸਮੂਹਿਕ ਆਵਾਜ਼ ਬੁਲੰਦ ਕੀਤੀ।

ਜਿਵੇਂ ਹੀ ਬ੍ਰਿਟਿਸ਼ ਨੇ 1757 ਵਿੱਚ ਪੂਰਬੀ ਭਾਰਤ ਦੇ ਉੱਤੇ ਕਬਜ਼ਾ ਕਰ ਲਿਆ, ਕਬੀਲੇ ਦੇ ਲੋਕਾਂ ਕੋਲੋਂ ਜਮੀਂਨਾ ਖੋਹ ਕੇਭਾਰਤੀ ਸ਼ਾਹੂਕਾਰਾਂ, ਜ਼ਿੰਮੀਦਾਰਾਂ ਨੂੰ ਦੇ ਦਿਤੀ ਅਤੇ ਉਹਨਾ ਕਬਾਈਲੀ ਕਿਸਾਨਾਂ ਤੋਂ ਭਾਰੀ ਲਗਾਨ ਲੈਣਾ ਸੁਰੂ ਕਰ ਦਿਤਾ। ਕਰਜਿਆਂ ਦੇ ਬੋਝ ਥੱਲੇ ਦੱਬੇ ਝਾਰਖੰਡ, ਬਿਹਾਰ,ਛੱਤੀਸਗੜ, ਉੜੀਸਾ ਅਤੇ ਬੰਗਾਲ ਦੇ ਆਦਿਵਾਸੀ ਕਬੀਲਿਆਂ ਦੇ ਲੋਕ ਬਸਤੀਵਾਦੀ ਸ਼ਾਸਨ, ਪ੍ਰਸ਼ਾਸ਼ਨਦੀ ਬਗਾਵਤ ਕੀਤੀ। ਇਹੋ ਹੀ ਭਾਰਤ ਦੇ ਆਮ ਲੋਕਾਂ ਦੀ ਅਜਾਦੀ ਦੇ ਪਹਿਲੇ ਅੰਦੋਲਨ ਸਨ। 1768 ਵਿੱਚ ਹੀ ਘੁੰਮਸਰ ਦੇ ਜਗੀਰੂ ਰਾਜਾ







ਕ੍ਰਿਸ਼ਣਾ ਭੰਜਾ ਦੇ ਅਧੀਨ, ਕੌਂਧਾ ਨੇ ਬ੍ਰਿਟਿਸ਼ ਵਿਰੁੱਧ ਇੱਕ ਲੜਾਈ ਲੜੀ ਅਤੇ ਬਹੁਤ ਸਾਰੇ ਆਪਣੀ ਜਾਨ ਤੋਂ ਹੱਥ ਧੋ ਬੈਠੇ।1772 ਵਿਚ ਪਹਾਰੀਆ ਬਗ਼ਾਵਤ ਸੁਰੂ ਹੋਈ ਜਿਸ ਤੋਂ ਬਾਅਦ ਤਿਲਕਾ ਮਾਂਝੀ ਦੀ ਅਗਵਾਈ ਵਿਚ ਪੰਜ ਸਾਲਾਂ ਤੱਕ ਵੱਡੀ ਬਗ਼ਾਵਤ ਹੋਈ, ਉਸ ਨੂੰ ਭਾਗਲਪੁਰ ਵਿਚ 1785 ਵਿਚ ਫਾਂਸੀ ਦੇ ਦਿੱਤੀ ਗਈ ਸੀ।

ਸੰਥਾਲ ਇੱਕ ਖੇਤੀਬਾੜੀ ਕਬੀਲਾ ਸਮੂਹ ਹੈ ਜੋ ਮੁੱਖ ਤੌਰ ਤੇ ਪੁਰਾਤਨ ਬਿਹਾਰ ਵਿੱਚ ਕੇਂਦਰਿਤ ਰਹੇ ਹਨ।ਵੱਡੀ ਕਿਸਾਨੀ ਬਗਾਵਤ 1855-1856 ਵਿਚ ਹੋਈ, ਜੋ ਕਿ 1793 ਦੀ ਸਥਾਈ ਲੈਂਡ ਸੈਟਲਮੈਂਟ ਦੀ ਸਥਾਪਨਾ ਕਾਰਨ ਹੋਈ ਸੀ। ਇਸ ਸਮਝੌਤੇ ਤੋਂ ਬਾਅਦ ਅੰਗਰੇਜ਼ਾਂ ਨੇ ਸਾਰੀ ਸਾਰੀ ਸੰਥਾਲੀਆਂ ਤੋਂ ਖੋਹ ਲਈ। ਜ਼ਮੀਂਦਾਰਾਂ ਨੇ ਇਨ੍ਹਾਂ ਜ਼ਮੀਨਾਂ ਨੂੰ ਅੰਗਰੇਜ਼ਾਂ ਦੀ ਨਿਲਾਮੀ 'ਤੇ ਲੈ ਲਈ ਅਤੇ ਉਨ੍ਹਾਂ ਨੂੰ ਬਹੁਤ ਮਹਿੰਗੇ ਟੈਕਸ ਅਦਾਇਗੀ ਉੱਕੇ ਕਾਸ਼ਤ ਲਈ ਕਬੀਲੇ ਦੇ ਕਿਸਾਨਾਂ ਨੂੰ ਦੇ ਦਿੱਤੀ।ਜੁਲਮ ਅਤੇ ਅੰਦੋਲਨ ਦਾ ਅਟੁੱਟ ਸਿਲਸਲਾ ਕਦੇ ਖਤਮ ਨਹੀਂ ਹੋਇਆ। 1832-34, 1837, 1853, 1855 ਦੇ ਅੰਦੋਲਨਾਂ ਨੂੰ ਪ੍ਰਮੁੱਖ ਹਨ। ਸੰਥਾਲੀਆਂ ਵਿੱਚ ਬਗਾਵਤ ਦਾ ਬਿਗਲ ਸਿਧੋ ਅਤੇ ਕਾਨੋ ਭਰਾਵਾਂ ਨੇ ਬਜਾਇਆ। 30 ਜੂਨ, 1855 ਨੂੰ ਸੰਥਾਲ ਦੀ ਵਿਸ਼ਾਲ ਰੈਲੀ, ਦਸ ਹਜ਼ਾਰ ਤੋਂ ਵੱਧ, ਨੇ ਉਨ੍ਹਾਂ ਦੇ ਸ਼ੋਸ਼ਣ ਅਤੇ ਜ਼ੁਲਮ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਸਿੱਧੋ ਅਤੇ ਕਾਨੋ ਦੀ ਅਗਵਾਈ ਵਾਲੀ 'ਰੈਲੀ' ਵਿੱਚ ਦਮਨਕਾਰੀ ਸ਼ਾਸਨ ਨੂੰ ਖਤਮ ਕਰਨ ਦੀ ਸਹੁੰ ਚੁੱਕੀ ਅਤੇ ਇਸ ਨੇ ਇਕ ਸੁਤੰਤਰ ਸੰਥਾਲੀ ਰਾਜ ਸਥਾਪਤ ਕਰਨ ਦੀ ਕੋਸ਼ਿਸ ਕੀਤੀ। ਹਜਾਰਾਂ ਲੋਕ ਸ਼ਹੀਦ ਹੋਏ ਸਨ। ਆਖਰ ਸਿੱਧੋ ਅਤੇ ਕਾਨੋ ਨੂੰ ਚੌਰਾਹੇ ਵਿੱਚ ਬੋਹੜ ਦੇ ਦਰਖਤ ਨਾਲ ਫਾਂਸੀ ਦੇ ਦਿਤੀ ਸੀ। ਉਹਨਾ ਦੇ ਦੋ ਹੋਰ ਭਰਾ ਅਤੇ ਦੋ ਭੈਣਾ ਨੇ ਵੀ ਸੰਥਾਲ ਹੁੱਲ ਵਿੱਚ ਕੁਰਬਾਨੀ ਦਿਤੀ।

ਸਿਲਸਲਾ ਇੱਥੇ ਹੀ ਖਤਮ ਨਹੀਂ ਹੋਇਆ, ਭਾਰਤੀ ਕਬੀਲਿਆਂ ਦੇ ਲੋਕ ਸੁਤੰਤਰਤਾ ਸੰਗਰਾਮੀ, ਧਾਰਮਿਕ ਆਗੂ ਅਤੇ ਲੋਕ ਨਾਇਕ ਸੀ ਜੋ ਮੁੰਡਾ ਕਬੀਲੇ ਨਾਲ ਸਬੰਧਤ ਸੀ। ਉਸਨੇ ਬ੍ਰਿਟਿਸ਼ ਰਾਜ ਦੇ ਸਮੇਂ, 19 ਵੀਂ ਸਦੀ ਦੇ ਅਖੀਰ ਵਿੱਚ ਬੰਗਾਲ ਪ੍ਰੈਸੀਡੈਂਸੀ (ਹੁਣ ਝਾਰਖੰਡ) ਵਿੱਚ ਕਬੀਲੇ ਦੇ ਦੀ ਅੰਦੋਲਨ ਦੀ ਅਗਵਾਈ ਕੀਤੀ, ਜਿਸ ਨਾਲ ਉਸਨੂੰ ਭਾਰਤੀ ਸੁਤੰਤਰਤਾ ਲਹਿਰ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਣ ਸ਼ਖਸੀਅਤ ਬਣਾਇਆ ਗਿਆ। ਬਗ਼ਾਵਤ ਮੁੱਖ ਤੌਰ 'ਤੇ ਖੂੰਟੀ, ਤਾਮਰ, ਸਰਵਾੜਾ ਅਤੇ ਬਾਂਡਗਾਂਵ ਦੇ ਮੁੰਡਾ ਪੱਟੀ ਵਿਚ ਕੇਂਦਰਿਤ ਸੀ। ਬਿਰਸਾ ਮੁੰਡਾ ਅੰਦੋਲਨ ਦਾ ਮਹਾਂ ਨਾਇਕ ਸੀ।

### ਅਰੰਭ ਦਾ ਜੀਵਨ

ਬਿਰਸਾ ਮੁੰਡਾ ਦਾ ਜਨਮ 15 ਨਵੰਬਰ 1875 ਉਲਿਹਾਤੂ ਵਿੱਚ ਪਿਤਾ ਸੁਗਾਨਾ ਮੁੰਡਾ ਅਤੇ ਮਾਤਾ ਕਰਮੀ ਮੁੰਡਾਦੇ ਘਰ ਹੋਇਆ। ਉਲੀਹਾਤੂ ਦਾ ਦਾਅਵਾ ਪਿੰਡ ਵਿਚ ਰਹਿੰਦੇ ਬਿਰਸਾ ਦੇ ਵੱਡੇ ਭਰਾ ਕੋਮਟਾ ਮੁੰਡਾ 'ਤੇ ਰਿਹਾ ਕਰਦਾ ਸੀ ਉਸ ਦਾ ਘਰ ਹਾਲੇ ਵੀ ਇਕ ਖਸਤਾ ਹਾਲਤ ਵਿਚ ਮੌਜੂਦ ਹੈ।ਬਿਰਸਾ ਦਾ ਪਿਤਾਸੁਗਾਨਾ ਮੁੰਡਾ, ਮਾਤਾ ਕਰਮੀ ਮੁੰਡਾ, ਅਤੇ ਛੋਟਾ ਭਰਾ, ਪਾਸਨਾ ਮੁੰਡਾ, ਉਲੀਹਾਤੂ ਛੱਡ ਕੇ ਬਾਰਾਬਾਂਕੀ ਦੇ ਨੇੜੇ ਕੁਰੁੰਬਦਾ ਖੇਤੀ ਮਜ਼ਦੂਰੀ (ਸਾਂਝੇਦਰੀ) ਜਾਂ ਫਸਲਾਂ ਦੇ ਹਿੱਸੇਦਾਰੀ (ਰਿਆਤ) ਵਜੋਂ ਰੁਜ਼ਗਾਰ ਦੀ ਭਾਲ ਵਿੱਚਚਲੇ ਗਏ। ਕੁਰੁੰਬਦਾ ਵਿਖੇ, ਬਿਰਸਾ ਦਾ ਵੱਡਾ ਭਰਾ, ਕੋਮਟਾ ਅਤੇ ਉਸਦੀ ਭੈਣ, ਦਾਸਕੀਰ ਦਾ ਜਨਮ ਹੋਇਆ ਸੀ। ਉਥੋਂ ਪਰਿਵਾਰ ਬਾਂਬਾ ਚਲਾ ਗਿਆ ਜਿੱਥੇ ਬਿਰਸਾ ਦੀ ਵੱਡੀ ਭੈਣ ਚੰਪਾ ਦਾ ਜਨਮ ਹੋਇਆ ਸੀ।

ਬਿਰਸਾ ਦੇ ਮੁਢਲੇ ਸਾਲ ਉਸ ਦੇ ਮਾਪਿਆਂ ਨਾਲ ਚਲਕਾੜ ਵਿਖੇ ਬਿਤਾਏ। ਉਸ ਦਾ ਮੁਢਲਾ ਜੀਵਨ ਇਕ ਔਸਤ ਮੁੰਡਾ ਬੱਚੇ ਨਾਲੋਂ ਬਹੁਤ ਵੱਖਰਾ ਨਹੀਂ ਸੀ। ਲੋਕ-ਕਥਾ ਦਸਦੀਆਂ ਹਨ ਕਿ ਉਸਦੇ ਦੋਸਤਾਂ ਨਾਲ ਰੇਤ ਮਿੱਟੀ ਵਿਚ ਖੇਡਣਾ, ਬੋਹੌਂਦਾ ਦੇ ਜੰਗਲ ਵਿੱਚ ਭੇਡਾਂ ਵੀ ਚਰਾਈਆਂ। ਜਦੋਂ ਉਹ ਵੱਡਾ ਹੋਇਆ, ਉਸਨੇ ਬੰਸਰੀ ਵਜਾਉਣ ਵਿੱਚ ਰੁਚੀ ਬਣ ਗਈ ਸੀ, ਜਿਸ ਵਿੱਚ ਉਹ ਮਾਹਰ ਹੋ ਗਿਆ ਸੀ। ਉਹ ਹੱਥ ਵਿਚ ਤੌਇਲਾ, ਕੱਦੂ ਤੋਂ ਬਣਿਆ ਇਕ ਤਾਰਾ ਵਾਲਾ ਸਾਜ ਅਤੇ ਉਸਦੀ ਕਮਰ ਨਾਲ ਬੰਨੀ ਹੋਈ ਬੰਸਰੀ ਹਮੇਸ਼ਾ ਨਾਲ ਰਹਿੰਦੀ ਸੀ। ਉਸਨੇ ਬਚਪਨ ਦੇ ਦਿਨ ਰੋਮਾਂਚਕ ਪਲ ਕੁਸ਼ਤੀ ਦੇ ਮੈਦਾਨ ਵਿੱਚ ਬਿਤਾਏ ਸਨ। ਗਰੀਬੀ ਦੇ ਕਾਰਨ ਬਿਰਸਾ ਉਸਦੇ ਮਾਮੇ ਦੇ ਪਿੰਡ ਅਯੁਭਾਟੂ ਚਲਿਆ ਗਿਆ।ਕੋਮਟ ਮੁੰਡਾ, ਉਸਦਾ ਸਭ ਤੋਂ ਵੱਡਾ ਭਰਾ, ਜੋ ਕਿ ਦਸ ਸਾਲਾਂ ਦੀ ਸੀ, ਕੁੰਡੀ ਬਰਤੋਲੀ ਚਲਾ ਗਿਆ, ਇੱਕ ਮੁੰਡਾਲੜਕੀ ਵਿਆਹ ਕਰਵਾ ਲਿਆ ਅਤੇ ਅੱਠ ਸਾਲ ਇਥੇ ਰਿਹਾ, ਅਤੇ ਫਿਰ ਆਪਣੇ ਪਿਤਾ ਅਤੇ ਛੋਟੇ ਭਰਾ ਨਾਲ ਚਲਕਾੜ ਵਿਖੇ ਨਾਲ ਰਿਹਾ।

ਅਯੁਭਟੂ ਵਿਖੇ ਬਿਰਸਾ ਦੋ ਸਾਲ ਰਿਹਾ। ਉਹ ਇਕ ਜੈਪਾਲ ਨਾਗ ਦੁਆਰਾ ਚਲਾਇਆ ਜਾਂਦਾ ਸਾਲਗਾ ਵਿਖੇ ਸਕੂਲ ਗਿਆ, ਆਪਣੀ ਮਾਂ ਦੀ ਛੋਟੀ ਭੈਣ ਜੋਨੀ ਦੇ ਨਾਲ, ਜੋ ਉਸਦਾ ਬਹੁਤ ਖਿਆਲ ਰਖਦੀ ਸੀ, ਜਦੋਂ ਉਸਦਾ ਵਿਆਹ ਹੋਇਆ ਸੀ, ਤਾਂ ਉਸਦੇ ਨਵੇਂ ਘਰ ਖਟੰਗਾ ਗਿਆ, ਜਿੱਥੇ ਉਹ ਇਕ ਈਸਾਈ ਮਿਸ਼ਨਰੀ ਦੇ ਸੰਪਰਕ ਵਿਚ ਆਇਆ ਜਿਸਨੇ ਪਿੰਡ ਦੇ ਕੁਝ ਪਰਿਵਾਰਾਂ ਦਾ ਦੌਰਾ ਕੀਤਾ ਜੋ ਈਸਾਈ ਬਣ ਗਏ ਸਨ।ਜਿਵੇਂ ਕਿ ਉਹ ਪੜ੍ਹਾਈ ਵਿਚ ਤੇਜ ਸੀ, ਜੈਪਾਲ ਨਾਗ ਨੇ ਉਸ ਨੂੰ ਜਰਮਨ ਮਿਸ਼ਨ ਸਕੂਲ ਵਿਚ ਦਾਖਲ ਹੋਣ ਦੀ ਸਿਫਾਰਸ਼ ਕੀਤੀ ਅਤੇ ਬਿਰਸਾ ਨੇ ਈਸਾਈ ਧਰਮ ਅਪਣਾ ਲਿਆ ਅਤੇ ਇਸ ਦਾ ਨਾਂ ਬਦਲ ਕੇ ਬਿਰਸਾ ਡੇਵਿਡ ਰੱਖਿਆ ਗਿਆ, ਜੋ ਬਾਅਦ ਵਿਚ ਬਿਰਸਾ ਦਾਊਦ ਬਣ ਗਿਆ।ਕੁਝ ਸਾਲ ਪੜ੍ਹਨ ਤੋਂ ਬਾਅਦ, ਉਸਨੇ ਜਰਮਨ ਮਿਸ਼ਨ ਸਕੂਲ ਛੱਡ ਦਿੱਤਾ।

### ਰਚਨਾਤਮਕ ਅਵਧੀ (18861894)

1886 ਤੋਂ 1890 ਤੱਕ ਚਾਈਬਾਸਾ ਵਿਖੇ ਬਿਰਸਾ ਦੇ ਲੰਮੇ ਸਮੇਂ ਲਈ ਰਹਿਣਾ ਉਨ੍ਹਾਂ ਦੇ ਜੀਵਨ ਦਾ ਇੱਕ ਮਹੱਤਵਪੂਰਣ ਸਮਾਂ ਸੀ। ਇਸ ਅਵਧੀ ਜਰਮਨ ਅਤੇ ਰੋਮਨ ਕੈਥੋਲਿਕ ਈਸਾਈ ਅੰਦੋਲਨਾਂਦੀ ਸੀ। ਸੁਤੰਤਰਤਾ ਸੰਘਰਸ਼ ਦੇ ਮੱਦੇਨਜ਼ਰ ਸੁਗਾਨਾ ਮੁੰਡਾ ਆਪਣੇ ਬੇਟੇ ਨੂੰ ਸਕੂਲ ਤੋਂ ਹਟਾ ਲਿਆ ਸੀ। 1890 ਵਿਚ ਚਾਈਬਾਸਾ ਛੱਡਣ ਤੋਂ ਜਲਦੀ ਬਾਅਦ ਬਿਰਸਾ ਅਤੇ ਉਸਦੇ ਪਰਿਵਾਰ ਨੇ ਜਰਮਨ ਮਿਸ਼ਨ ਦੀ ਮੈਂਬਰਸ਼ਿਪ ਛੱਡ ਦਿੱਤੀ ਅਤੇ ਈਸਾਈ ਧਰਮ ਛੱਡ ਦਿਤਾ ਅਤੇ ਆਪਣੀ ਮੂਲ ਰਵਾਇਤੀ ਕਬਾਇਲੀ ਧਾਰਮਿਕ ਪ੍ਰਣਾਲੀ ਵੱਲ ਮੁੜ ਗਿਆ।

ਸਰਦਾਰ ਅੰਦੋਲਨ ਚਲਦੇ ਦੇ ਮੱਦੇਨਜ਼ਰ ਉਸਨੇ ਗੋਰਬੇਰਾ ਛੱਡ ਦਿੱਤਾ। ਉਸਨੇ ਪੋਰਹਟ ਖੇਤਰ ਵਿੱਚ ਗਿਡਿਉਨ ਦੇ ਪੀਰਿੰਗ ਦੀ ਅਗਵਾਈ ਵਿੱਚ, ਸੁਰੱਖਿਅਤ ਜੰਗਲ ਵਿੱਚ ਮੁੰਡੇ ਸਮਾਜ ਦੇ ਰਵਾਇਤੀ ਅਧਿਕਾਰਾਂ ਉੱਤੇ ਪਾਬੰਦੀਆਂ ਲਗਾਈਆਂ, ਇਸੇ ਅਸ਼ਾਂਤੀ ਤੋਂ ਪੈਦਾ ਹੋਏ ਅੰਦੋਲਨ ਵਿੱਚ ਹਿੱਸਾ ਲਿਆ। 1893-94 ਦੌਰਾਨ ਪਿੰਡਾਂ ਦੀਆਂ ਸਾਰੀਆਂ ਬੰਜਰ ਜ਼ਮੀਨਾਂ, ਜਿਨ੍ਹਾਂ ਦੀ ਮਾਲਕੀ ਸਰਕਾਰ ਦੇ ਖਾਤੇ ਵਿੱਚ ਸੀ, ਨੂੰ 1882 ਦੇ ਭਾਰਤੀ ਜੰਗਲਾਤ ਐਕਟ ਅਧੀਨ ਸੁਰੱਖਿਅਤ ਜੰਗਲਾਂ ਵਿਚ ਸ਼ਾਮਿਲ ਕਰ ਦਿੱਤਾ ਗਿਆ ਸੀ। ਪੱਛਮੀ ਸਿੰਘਭੂਮੀ ਵਿਚ ਜਿਵੇਂ ਕਿ ਲੋਹਾਰਡਾਗਾ ਵਿਚ, ਜੰਗਲ ਬੰਦੋਬਸਤ ਕਰਨ ਦੀ ਕਾਰਵਾਈ ਸੁਰੂ ਕੀਤੀ ਗਈ ਸੀ। ਜੰਗਲਾਂ ਵਿਚਲੇ ਪਿੰਡਾਂ ਨੂੰ ਸਹੂਲਤਾਂ ਵਾਲੇ ਅਕਾਰ ਦੇ ਬਲਾਕਾਂ ਵਿਚ ਨਿਸ਼ਾਨਬੱਧ ਕੀਤਾ ਗਿਆ ਜਿਸ ਵਿਚ ਪਿੰਡਾਂ ਦੀਆਂ ਸਾਈਟਾਂ ਅਤੇ ਕਾਸ਼ਤ ਯੋਗ ਅਤੇ ਬੰਜਰ ਜਮੀਨਾਂ ਸ਼ਾਮਲ ਸਨ ਜੋ ਪਿੰਡਾਂ ਦੀਆਂ ਜ਼ਰੂਰਤਾਂ ਲਈ ਕਾਫ਼ੀ ਸਨ। 1894 ਵਿਚ, ਬਿਰਸਾ ਇਕ ਤਾਕਤਵਰ ਨੌਜਵਾਨ, ਸਮਝਦਾਰ ਅਤੇ ਸੂਝਵਾਨ ਬਣ ਗਿਆ ਸੀ, ਅਤੇ ਬਾਰਸ਼ ਨਾਲ ਨੁਕਸਾਨੇ ਗਏ ਗਰਬੇਰਾ ਵਿਖੇ ਡੋਂਬਰੀ ਟੈਂਕ ਦੀ ਮੁਰੰਮਤ ਕਰਵਾਇਆ ਸੀ।

ਪੱਛਮੀ ਸਿੰਘਭੂਮ ਜ਼ਲਿੇ ਦੇ ਪਿੰਡ ਸਕਾਰਾ ਦੇ ਗੁਆਂਢਵਿੱਚ ਇੱਕ ਪ੍ਰਦੇਸ ਵਿੱਚ, ਉਸਨੇ ਇੱਕ ਲੜਕੀ ਨੂੰ ਢੁਕਵਾਂ ਜੀਵਨ ਸਾਥੀ ਮੰਨਕੇ, ਵਿਆਹ ਦੀ ਇੱਛਾ ਨਾਲ ਉਸਦੇ ਮਾਪਿਆਂ ਨੂੰ ਗਹਿਣੇ ਦਿਤੇ। ਉਸ ਤੋ ਬਾਅਦ ਅੰਦੋਲਨ ਕਾਰਨ ਜੇਲ੍ਹ ਚਲਾ ਗਿਆ, ਜੇਲ੍ਹ ਤੋਂ ਵਾਪਸ ਆਉਣ ਤਕ, ਉਹ ਵਫ਼ਾਦਾਰ ਨਹੀਂ ਰਹੀ ਸੀ, ਉਸਨੂੰ ਛੱਡ ਦਿੱਤਾ। ਇਕ ਹੋਰ ਔਰਤ ਜਿਸ ਨੇ ਚੱਲਕਾੜ ਵਿਖੇ ਉਸ ਦੀ ਸੇਵਾ ਕੀਤੀ, ਉਹ ਮਥਿਆਸ ਮੁੰਡਾ ਦੀ ਭੈਣ ਸੀ। ਜੇਲ੍ਹ ਤੋਂ ਰਿਹਾ ਹੋਣ ਤੇ, ਕੋਨੇਸਰ ਦੇ ਮਥੁਰਾ ਮੁੰਡਾ ਦੀ ਧੀ ਕਾਲੀ ਮੁੰਡਾ ਦੇ ਘਰ ਸੀ, ਉਸ ਨੂੰ ਬਿਰਸਾ ਦੀਆਂ ਪਤਨੀ ਬਣਨ ਲਈ ਜੋਰ ਦਿਤਾ। ਉਸਨੇ ਉਨ੍ਹਾਂ ਨੂੰ ਝਿੜਕਿਆ ਅਤੇ ਉਸਦੇ ਪਤੀ ਕੋਲ ਭੇਜ ਦਿੱਤਾ। ਇਕ ਹੋਰ ਚੰਗੀ-ਜਾਣੀ-ਪਛਾਣੀ ਲੜਕੀ ਜੋ ਬਿਰਸਾ ਨਾਲ ਰਹੀ, ਉਹ ਬੁਰਦੀਹ ਦੀ ਸਾਲੀ ਸੀ।

ਬਿਰਸਾ ਨੇ ਆਪਣੀ ਜਿੰਦਗੀ ਦੇ ਬਾਅਦ ਦੇ ਪੜਾਅ 'ਬਰਾਬਰੀ, ਭਾਈਚਾਰੇ' ਤੇ ਜ਼ੋਰ ਦਿੱਤਾ। ਬਿਰਸਾ ਕਿਸਾਨੀ ਦੇ ਸਭ ਤੋਂ ਹੇਠਲੇ ਹਿੱਸਿਆਂ ਵਿਚੋਂ ਉੱਠਿਆ ਸੀ।ਬਿਰਸਾ ਦੇ ਆਪਣੇ ਤਜ਼ਰਬੇ ਨੇ, ਰੁਜ਼ਗਾਰ ਦੀ ਭਾਲ ਵਿੱਚ ਜਗ੍ਹਾ-ਜਗ੍ਹਾ ਜਾ ਕੇ, ਉਸਨੂੰ ਖੇਤੀ ਦੀਆਂ ਪ੍ਰੇਸ਼ਾਨੀਆਂ ਅਤੇ ਜੰਗਲਾਤ ਦੇ ਮਾਮਲਿਆਂ ਬਾਰੇ ਗਹਿਰੀ ਸਮਝ ਸੀ; ਉਹ ਦਿਨ ਰਾਤ ਮਿਹਨਤ ਕਰਕੇ ਸੰਗਠਨ ਖਰਾ ਕਰਨ ਵਿੱਚ ਲਗਾ ਹੋਇਆ ਸੀ। ਉਹ ਰਾਤ ਰਾਤ ਭਰ ਮੀਚਿੰਗਾਂ ਕਰਦਾ ਲੋਕਾਂ ਨੂੰ ਸਮਝਾਉਂਦਾ। ਉਸ ਦੀਕਬੀਲੇ ਦੇ ਅੰਦੋਲਨ ਵਿਚ ਸਰਗਰਮ ਭਾਗੀਦਾਰੀ ਸੀ।

### ਨਵਾਂ ਧਰਮ

ਜੇਲ੍ਹ ਤੋਂ ਆਉਣ ਦੇ ਬਾਅਦ ਉਹ ਕੁੱਝ ਸਰੀਰਕ ਸਮਸਿਆਵਾਂ ਦਾ ਇਲਾਜ ਵੀ ਕਰਨ ਲਗ ਪਿਆ ਸੀ। ਇਸ ਨਾਲ ਉਸ ਦਾ ਸਮਾਜ ਨਾਲ ਸੰਪਰਕ ਵਧ ਗਿਆ ਸੀ। ਬਿਰਸਾ ਨੂੰ ਰਵਾਇਤੀ ਕਬਾਇਲੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ ਜਿਹੜਾ ਕਿ ਜ਼ਿਆਦਾਤਰ ਇਸਾਈ ਮਿਸ਼ਨਰੀ ਕਾਰਜਾਂ ਦੁਆਰਾ ਪ੍ਰਭਾਵਿਤ ਹੋਇਆ ਸੀ। ਬਹੁਤ ਸਾਰੇ ਆਦੀਵਾਸੀ ਪਹਿਲਾਂ ਹੀ ਈਸਾਈ ਧਰਮ ਵਿੱਚ ਬਦਲ ਗਏ ਸਨ। ਉਸਨੇ ਚਰਚ ਅਤੇ ਇਸ ਦੇ ਤਰੀਕਿਆਂ ਜਿਵੇਂ ਕਿ ਟੈਕਸ ਵਸੂਲਣਾ ਅਤੇ ਧਰਮ ਪਰਿਵਰਤਨ ਦੀ ਅਲੋਚਨਾ ਕੀਤੀ। ਉਹ ਖ਼ੁਦ ਪ੍ਰਚਾਰਕ ਅਤੇ ਉਨ੍ਹਾਂ ਦੇ ਰਵਾਇਤੀ ਕਬਾਇਲੀ ਧਰਮ ਦਾ ਆਗੂ ਬਣ ਗਿਆ, ਅਤੇ ਜਲਦੀ ਹੀ, ਉਸਨੇ ਇੱਕ ਚੰਗਾਚਮਤਕਾਰੀ ਪ੍ਰਚਾਰਕਾਂ ਦੀ ਸਾਖਾ ਬਣਾਈ। ਮੁੰਡੇ, ਓਰੌਨਾਂ ਅਤੇ ਖਾਰੀਆ ਉਸਨੂੰ ਵੇਖਣ ਅਤੇ ਉਨ੍ਹਾਂ ਦੀਆਂ ਬਿਮਾਰੀਆਂ ਤੋਂ ਇਲਾਜ਼ ਲਈ ਚੱਕੜ ਪਹੁੰਚਦੇ। ਬਰਵਾੜੀ ਅਤੇ ਚੈਚਰ ਤਕ ਦੀ ਓਰੌਨ ਅਤੇ ਮੁੰਡਾ ਦੋਵਾਂ ਦੀ ਆਬਾਦੀ ਯਕੀਨਨ "ਬਿਰਸਟੀ" ਬਣ ਗਈ।ਬਿਰਸਾ ਮੁੰਡਾ ਨੇ ਆਦਿਵਾਸੀ ਲੋਕਾਂ ਨੂੰ ਆਪਣੀ ਅਸਲ ਰਵਾਇਤੀ ਕਬਾਇਲੀ ਧਾਰਮਿਕ ਪ੍ਰਣਾਲੀ ਨੂੰ ਅਪਨਾਉਣ ਦੀ ਸਲਾਹ ਦੇਣਾ ਸੁਰੂ ਕੀਤਾ। ਉਸ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਤ ਹੋ ਕੇ, ਉਹ ਆਦਿਵਾਸੀ ਲੋਕਾਂ ਲਈ ਇਕ ਸੰਤ ਸ਼ਖਸੀਅਤ ਬਣ ਗਿਆ ਅਤੇ ਉਨ੍ਹਾਂ ਨੇ ਉਸ ਤੋਂ ਅਸ਼ੀਰਵਾਦ ਦੀ ਮੰਗ ਕੀਤੀ।

ਖੇਤੀਬਾੜੀ ਟੁੱਟਣ ਅਤੇ ਸਭਿਆਚਾਰ ਤਬਦੀਲੀ ਦੀਆਂ ਦੋਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਬਿਰਸਾ ਨੇ ਮੁੰਡਾ ਦੇ ਨਾਲ ਮਿਲ ਕੇ ਉਸਦੀ ਅਗਵਾਈ ਹੇਠ ਕਈ ਵਿਦਰੋਹ ਅਤੇ ਵਿਦਰੋਹਾਂ ਦੀ ਲੜੀ ਦਾ ਹੁੰਗਾਰਾ ਭਰਿਆ। 1895 ਵਿਚ, ਤਾਮਾਰ ਦੇ ਚੱਕੜ ਪਿੰਡ ਵਿਚ, ਬਿਰਸਾ ਮੁੰਡਾ ਨੇ ਈਸਾਈ ਧਰਮ ਤਿਆਗਦਿਆਂ, ਆਪਣੇ ਸਾਥੀ ਕਬੀਲਿਆਂ ਨੂੰ ਇਕੋ ਰੱਬ ਦੀ ਪੂਜਾ ਕਰਨ ਅਤੇ ਬੋਂਗਾਸ ਦੀ ਪੂਜਾ ਛੱਡਣ ਲਈ ਕਿਹਾ।ਉਸਨੇ ਆਪਣੇ ਆਪ ਨੂੰ ਇੱਕ ਨਬੀ ਘੋਸ਼ਿਤ ਕੀਤਾ ਜੋ ਆਪਣੇ ਲੋਕਾਂ ਦੇ ਗੁਆਚੇ ਹੋਏ ਰਾਜ ਨੂੰ ਮੁੜ ਪ੍ਰਾਪਤ ਕਰਨ ਆਇਆ ਸੀ। ਉਨ੍ਹਾਂ ਕਿਹਾ ਕਿ ਮਹਾਰਾਣੀ ਵਿਕਟੋਰੀਆ ਦਾ ਰਾਜ ਖ਼ਤਮ ਹੋ ਗਿਆ ਅਤੇ ਮੁੰਡਾ ਰਾਜ ਸੁਰੂ ਹੋ ਗਿਆ। ਉਸਨੇ ਰਾਇਤਾਂ (ਕਿਰਾਏਦਾਰ ਕਿਸਾਨਾਂ) ਨੂੰ ਬਿਨਾਂ ਕਿਰਾਏ ਦਾ ਭੁਗਤਾਨ ਕਰਨ ਦੇ ਆਦੇਸ਼ ਦਿੱਤੇ। ਮੁੰਡਿਆਂ ਨੇ ਉਸ ਨੂੰ ਧਰਤੀ ਦਾ ਪਿਤਾ ਕਿਹਾ।

### ਬਿਰਸਾ ਮੁੰਡਾ ਦੀ ਕਬਾਇਲੀ ਲਹਿਰ

ਬਿਰਸਾ ਮੁੰਡਾ ਦਾ ਨਾਅਰਾ ਬ੍ਰਿਟਿਸ਼ ਰਾਜ ਨੂੰ ਧਮਕਾ ਰਿਹਾ ਸੀ, ਅਬੂ ਰਾਜ ਜਾਨਾ, ਮਹਾਰਾਣੀ ਰਾਜ ਟੁੰਡੂ ਜਨ ("ਰਾਣੀ ਦਾ ਰਾਜ ਖਤਮ ਹੋ ਜਾਵੇ ਅਤੇ ਸਾਡੀ ਰਾਜ ਸਥਾਪਤ ਹੋਵੇ") - ਝਾਰਖੰਡ, ਉੜੀਸਾ, ਬਿਹਾਰ, ਪੱਛਮੀ ਬੰਗਾਲ ਅਤੇ ਮੱਧ ਪ੍ਰਦੇਸ਼ਦੇ ਇਲਾਕਿਆਂ ਵਿੱਚ ਅੱਜ ਵੀ ਯਾਦ ਕਰਦੇ ਹਨ। ਬ੍ਰਿਟਿਸ਼ ਬਸਤੀਵਾਦੀ ਪ੍ਰਣਾਲੀ ਨੇ ਕਬੀਲਿਆਂ ਦੀ ਖੇਤੀ ਪ੍ਰਣਾਲੀ ਦੇ ਜਗੀਰਦਾਰੀ ਰਾਜ ਵਿੱਚ ਤਬਦੀਲੀ ਨੂੰ ਤੇਜ਼ ਕਰ ਦਿੱਤਾ। ਉਹਨਾ ਛੋਟਾ ਨਾਗਪੁਰ ਦੇ ਮੁਖੀਆਂ ਦੁਆਰਾ ਗੈਰ-ਕਬਾਇਲੀ ਕਿਸਾਨੀ ਨੂੰ ਜ਼ਮੀਨਾਂ ਵਿੱਚ ਵੱਸਣ ਅਤੇ ਕਾਸ਼ਤ ਕਰਨ ਲਈ ਬੁਲਾਇਆ ਗਿਆ। ਇਸ ਨਾਲ ਆਦਿਵਾਸੀਆਂ ਦੇ ਕਬਜ਼ੇ ਹੇਠਲੀਆਂ ਜ਼ਮੀਨਾਂ ਦਾ ਬਟਵਾਰਾ ਹੋ ਗਿਆ। ਠੇਕੇਦਾਰਾਂ ਦੀ ਨਵੀਂ ਜਮਾਤ ਵਧੇਰੇ ਲਾਲਚੀ ਕਿਸਮ ਦੀ ਸੀ ਅਤੇ ਉਨ੍ਹਾਂ ਦੇ ਜ਼ਿਆਦਾ ਤੋਂ ਜ਼ਿਆਦਾ ਮੁਨਾਫਾ ਬਣਾਉਣ ਵੱਚ ਲਗੀ ਹੋਈ ਸੀ।1856 ਵਿਚ ਲਗਭਗ 600 ਨਵੀਆਂ ਜਾਗੀਰਾ ਖੜ੍ਹੀਆਂ ਹੋਈਆਂ, ਇਹਨਾ ਦੇ ਅਧਿਕਾ ਖੇਤਰ ਇਕ ਪਿੰਡ ਤੋਂ 150 ਪਿੰਡਾਂ ਤਕ ਦੇ ਸਨ।ਨਵੇਂ ਕਾਨੂੰਨ ਨਾਲ ਕਿਸਾਨਾਂ ਦੇ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਕੁਝ ਪਿੰਡਾਂ ਵਿਚ,ਉਹ ਆਪਣੇ ਮਾਲਕੀ ਅਧਿਕਾਰ ਪੂਰੀ ਤਰ੍ਹਾਂ ਗੁਆ ਚੁੱਕੇ ਸਨ ਅਤੇ ਖੇਤ ਮਜ਼ਦੂਰਾਂ ਦੀ ਸਥਿਤੀ ਵਿਚ ਆ ਗਏ ਸਨ।

ਇਸ ਅਫਵਾਹ ਕਾਰਨ ਕਿ ਜਿਹੜਾ ਬਿਰਸਾ ਦੀ ਹੁਕਮਾਂ ਦੀ ਪਾਲਣ ਨਹੀਂ ਕਰੇਗਾ ਉਸ ਦਾ ਕਤਲੇਆਮ ਕੀਤਾ ਜਾਵੇਗਾ, ਬਿਰਸਾ ਨੂੰ 24 ਅਗਸਤ 1895 ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। 28 ਜਨਵਰੀ 1898 ਨੂੰ, ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ, ਉਹ ਆਪਣੇ ਪੈਰੋਕਾਰਾਂ ਦੇ ਨਾਲ ਰਿਕਾਰਡ ਇਕੱਠਾ ਕਰਨ ਅਤੇ ਮੰਦਰ ਨਾਲ ਨਸਲੀ ਸੰਬੰਧ ਸਥਾਪਤ ਕਰਨ ਲਈ ਚੁਟੀਆ ਚਲਾ ਗਿਆ। ਉਨ੍ਹਾਂ ਕਿਹਾ ਕਿ ਮੰਦਰ ਕੋਲਾਂ ਦਾ ਹੈ। ਈਸਾਈ ਮਿਸ਼ਨਰੀਆਂ ਨੇ ਬਿਰਸਾ ਅਤੇ ਉਸਦੇ ਪੈਰੋਕਾਰਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ, ਜੋ ਧਰਮ ਪਰਿਵਰਤਨ ਕਰਾਉਣ ਲਈ ਉਨ੍ਹਾਂ ਨੂੰ ਧਮਕਾ ਰਹੇ ਸਨ। ਬਿਰਸਾ ਦੋ ਸਾਲ ਭੂਮੀਗਤ ਰਿਹਾ ਪਰ ਗੁਪਤ ਮੀਟਿੰਗਾਂ ਕਰਦਾ ਰਿਹਾ। ਇਸ ਸਮੇਂ ਦੌਰਾਨ ਉਹ ਜਾਗਨਨਾਥ ਮੰਦਰ ਗਿਆ।

ਉਲਗੁਲਾਨ (ਕ੍ਰਾਂਤੀ) ਦਾ ਐਲਾਨ ਕਰਨ ਲਈ1899 ਦੇ ਕ੍ਰਿਸਮਸ ਦੇ ਦਿਨ ਆਲੇ ਦੁਆਲੇ ਦੇ ਲਗਭਗ 7000 ਆਦਮੀ ਅਤੇ ਔਰਤਾਂ ਇਕੱਠੇ ਹੋਏ, ਜੋ ਛੇਤੀ ਹੀ ਖੁੰਟੀ, ਤਾਮਰ, ਬਸੀਆਅਤੇਰਾਂਚੀਵਿੱਚ ਫੈਲ ਗਿਆ। ਮੁਰੂਹੂ ਵਿਖੇ ਐਂਗਲੀਕਨ ਮਿਸ਼ਨ ਅਤੇ ਸਰਵਾਦਾ ਵਿਖੇ ਰੋਮਨ ਕੈਥੋਲਿਕ ਮਿਸ਼ਨ ਮੁੱਖ ਨਿਸ਼ਾਨਾ ਸਨ। "ਬਿਰਸਟ" ਨੇ ਖੁੱਲ੍ਹ ਕੇ ਐਲਾਨ ਕੀਤਾ ਕਿ ਅਸਲ ਦੁਸ਼ਮਣ ਬ੍ਰਿਟਿਸ਼ ਸਨ ਨਾ ਕਿ ਈਸਾਈ, ਮੁੰਡਿਆਂ ਨੇ ਅਤੇ ਬ੍ਰਿਟਿਸ਼ ਵਿਰੁੱਧ ਫੈਸਲਾਕੁੰਨ ਯੁੱਧ ਕਰਨ ਦਾ ਸੱਦਾ ਦਿੱਤਾ। ਬ੍ਰਿਟਿਸ਼ ਅਤੇ ਉਹਨਾ ਦੇ ਵਫ਼ਾਦਾਰ ਲੋਕ ਉਹਨਾ ਦੇ ਨਿਸ਼ਨੇ ਉਤੇ ਸਨ।

5 ਜਨਵਰੀ 1900 ਨੂੰ, ਬਿਰਸਾ ਦੇ ਪੈਰੋਕਾਰਾਂ ਨੇ ਏਟਕਦੇਹ ਵਿਖੇ ਦੋ ਪੁੱਲੀਸ ਕਾਂਸਟੇਬਲ ਨੂੰ ਮਾਰ ਦਿੱਤਾ। 7 ਜਨਵਰੀ ਨੂੰ, ਉਨ੍ਹਾਂ ਨੇ ਖੁੰਟੀ ਥਾਣੇ 'ਤੇ ਹਮਲਾ ਕੀਤਾ, ਇਕ ਕਾਂਸਟੇਬਲ ਨੂੰ ਮਾਰ ਦਿੱਤਾ ਅਤੇ ਸਥਾਨਕ ਸ਼ਾਹੂਕਾਰ ਅਤੇ ਅੰਗਰੇਜ਼ ਪਿੱਠੂਆਂ ਦੇ ਘਰਢਾਹ ਦਿੱਤੇ। ਕਮਿਸ਼ਨਰ, ਏ. ਫੋਬਜ਼ ਅਤੇ ਡਿਪਟੀ ਕਮਿਸ਼ਨਰ, ਐਚ.ਸੀ. ਸਟਰੈਟਫੀਲਡ, ਬਗ਼ਾਵਤ ਨੂੰ ਕੁਚਲਣ ਲਈ 150 ਬੰਦਿਆ ਦੀ ਫੌਜ ਲੈ ਕੇ ਖੁੰਟੀ ਭੱਜ ਦਿਤੀ। ਬ੍ਰਿਟਿਸ਼ ਪ੍ਰਸ਼ਾਸਨ ਨੇ ਬਿਰਸਾ ਉਤੇ 500 ਰੁਪਏ ਦਾ ਇਨਾਮ ਰਖ ਦਿਤਾ। ਬ੍ਰਿਟਿਸ਼ ਫੌਜਾਂ ਨੇ ਡੂੰਬਰੀ ਹਿੱਲ ਵਿਖੇ ਮੁੰਡਾ ਗੁਰੀਲਿਆਂ 'ਤੇ ਹਮਲਾ ਕੀਤਾ ਅਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਅਤੇ ਸੈਂਕੜੇ ਲੋਕਾਂ ਦੀ ਮੌਤ ਹੋ ਗਈ। ਬਿਰਸਾ ਸਿੰਘਭੂਮ ਦੀਆਂ ਪਹਾੜੀਆਂ ਵੱਲ ਭੱਜ ਗਿਆ।

ਉਸਨੂੰ 3 ਫਰਵਰੀ 1900 ਨੂੰ ਚਕਰਧਰਪੁਰ ਦੇ ਜਾਮਕੋਪਾਈ ਜੰਗਲ ਵਿੱਚ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਰਾਂਚੀ ਦੇ ਅਨੁਸਾਰ, ਪੱਤਰ ਦੇ ਅਨੁਸਾਰ, 460 ਕਬਾਇਲੀਆਂ ਨੂੰ 15 ਵੱਖ-ਵੱਖ ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚੋਂ 63 ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਕ ਨੂੰ ਮੌਤ ਦੀ ਸਜ਼ਾ, 39 ਨੂੰ ਉਮਰ ਕੈਦ ਦੀ ਆਵਾਜਾਈ ਅਤੇ 23 ਨੂੰ ਚੌਦਾਂ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮੁਕੱਦਮੇ ਦੌਰਾਨ ਜੇਲ੍ਹ ਵਿੱਚ

**(ਬਾਕੀ ਅਗਲੇ ਸਫੇ 'ਤੇ)**

## ਜਰਖੜ ਹਾਕੀ ਲੀਗ

# ਕਿਲਾ ਰਾਏਪੁਰ ਅਤੇ ਜੂਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਕੋਚਿੰਗ ਸੈਂਟਰ ਰਾਮਪੁਰ ਸੈਮੀਫਾਈਨਲ ਵਿੱਚ ਪੁੱਜੇ











**ਲੁਧਿਆਣਾ 31 ਜੁਲਾਈ–** ਜਰਖੜ ਹਾਕੀ ਅਕੈਡਮੀ ਵੱਲੋਂ ਕੌਮੀ ਹਾਕੀ ਖਿਡਾਰੀ ਧਰਮਿੰਦਰ ਸਿੰਘ ਮਨੀ ਦੀ ਮਾਤਾ ਗੁਰਮੀਤ ਕੌਰ ਅਤੇ ਸਵਰਗੀ ਹਾਕੀ ਖਿਡਾਰੀ ਗੁਰਿੰਦਰਪਾਲ ਸਿੰਘ ਵੜੈਚ ਦੀ ਯਾਦ ਨੂੰ ਸਮਰਪਿਤ ਜਰਖੜ ਹਾਕੀ ਸਟੇਡੀਅਮ ਵਿਖੇ 7-ਏ-ਸਾਈਡ ਹਾਕੀ ਲੀਗ ਦੇ ਆਖਰੀ ਗੇੜ ਦੇ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਕਿਲੈਹਾ ਰਾਏਪੁਰ ਅਤੇ ਗਿੱਲ ਸਪੋਰਟਸ ਕਲੱਬ ਧਮੋਟ ਜਦਕਿ ਜੂਨੀਅਰ ਵਰਗ ਜਰਖੜ ਹਾਕੀ ਅਕੈਡਮੀ ਅਤੇ ਕੋਚਿੰਗ ਸੈਂਟਰ ਰਾਮਪੁਰ ਨੇ ਆਪੋ ਆਪਣੇ ਮੁਕਾਬਲੇ ਜਿੱਤ ਕੇ ਸੈਮੀਫਾਈਨਲ ਵਿੱਚ ਆਪਣੀ ਜਗੈਹਾ ਪੱਕੀ ਕੀਤੀ।

ਜਰਖੜ ਸਟੇਡੀਅਮ ਵਿਖੇ ਚੱਲ ਰਹੀ ਇਸ ਹਫ਼ਤਾਵਰੀ ਲੀਗ ਦੇ ਆਖਰੀ ਗੇੜ ਦੇ ਮੈਚਾਂ ਵਿੱਚ ਅੱਜ ਜੂਨੀਅਰ ਵਰਗ ਵਿਚ ਜਰਖੜ ਹਾਕੀ ਅਕੈਡਮੀ ਨੇ ਜਟਾਣਾ ਕੋਚਿੰਗ ਸੈਂਟਰ ਨਾਲ 3-3 ਗੋਲਾਂ ਦੀ ਬਰਾਬਰੀ ਤੇ ਖੇਡਦਿਆਂ ਪੈਨਲਟੀ ਸਟੈਰੋਕ ਵਿੱਚ 3-2 ਨਾਲ ਜਿੱਤ ਹਾਸਲ ਕੀਤੀ। ਜਰਖੜ ਹਾਕੀ ਅਕੈਡਮੀ ਵੱਲੋਂ ਸੁਖਜੋਤ ਸਿੰਘ ਨੇ 2 ਮਾਨਵ ਨੇ 1 ਜਦਕਿ ਜਟਾਣਾ ਵੱਲੋਂ ਸਾਹਿਬਜੋਤ ਸਿੰਘ ਨੇ 2 ਅਤੇ ਜਸਕੀਰਤ ਸਿੰਘ ਨੇ 1 ਗੋਲ ਕੀਤਾ। ਪੈਨਲਟੀ ਸਟਰੋਕ ਵਿੱਚ ਜਰਖੜ ਅਕੈਡਮੀ 3-2 ਨਾਲ ਜੇਤੂ ਰਹੀ।

ਅੱਜ ਦੇ ਦੂਸਰੇ ਜੂਨੀਅਰ ਵਰਗ ਦੇ ਮੁਕਾਬਲੇ ਵਿੱਚ ਰਾਮਪੁਰ ਕੋਚਿੰਗ ਸੈਂਟਰ ਨੇ ਘਵੱਦੀ ਸਕੂਲ ਨੂੰ 11-1ਗੋਲਾਂ ਨਾਲ ਹਰਾਇਆ ,ਜੇਤੂ ਟੀਮ ਵੱਲੋਂ ਨਵਜੋਤ ਨੇ 5 ਅਨਮੋਲਦੀਪ ਨੇ 4 ਅਤੇ ਆਕਾਸ਼ਦੀਪ ਨੇ 2 ਗੋਲ ਕੀਤੇ ਜਦਕਿ ਘਵੱਦੀ ਵੱਲੋਂ ਕਮਲ ਬੀਰ ਸਿੰਘ ਨੇ ਇਕੋ ਇਕ ਗੋਲ ਕੀਤਾ। ਸੀਨੀਅਰ ਵਰਗ ਵਿੱਚ ਅੱਜ ਕਿਲਾ ਰਾਏਪੁਰ ਨੇ ਰਾਮਪੁਰ ਕਲੱਬ ਨੂੰ 4-2 ਗੋਲਾਂ ਨਾਲ ਹਰਾਇਆ ਜਦਕਿ ਸੀਨੀਅਰ ਵਰਗ ਦੇ ਦੂਸਰੇ ਮੁਕਾਬਲੇ ਵਿੱਚ ਗਿੱਲ ਕਲੱਬ ਧਮੋਟ ਅਤੇ ਘਵੱਦੀ ਕਲੱਬ ਵਿਚਕਾਰ ਖੇਡਿਆ ਗਿਆ ਮੁਕਾਬਲਾ 4-4 ਗੋਲਾਂ ਤੇ ਬਰਾਬਰ ਰਿਹਾ ਪੈਨਲਟੀ ਸਟੈਰੋਕ ਵਿੱਚ ਗਿੱਲ ਕਲੱਬ ਧਮੋਟ 4-3 ਗੋਲਾਂ ਨਾਲ ਜੇਤੂ ਰਿਹਾ। ਇਸ ਮੈਚ ਦੀ ਸਮਾਪਤੀ ਨਾਲ ਹੀ ਸੀਨੀਅਰ ਵਰਗ ਵਿੱਚ ਦੋਵੇਂ ਟੀਮਾਂ ਨੇ ਸੈਮੀਫਾਈਨਲ ਲਈ ਕੁਆਲੀਫਾਈ ਕਰ ਲਿਆ ਹੈ।

ਅੱਜ ਦੇ ਮੈਚਾਂ ਦੌਰਾਨ ਸੀਨੀਅਰ ਕਾਂਗਰਸੀ ਆਗੂ ਅਤੇ ਜਰਖੜ ਹਾਕੀ ਅਕੈਡਮੀ ਦੇ ਚੇਅਰਮੈਨ ਸੈਰੀ ਅਸ਼ੋਕ ਕੁਮਾਰ ਪੈਰਾਸ਼ਰ ਪੱਪੀ ਸ਼ਾਹਪੁਰੀਆ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਦੇ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ,ਗੁਰਵਿੰਦਰ ਸਿੰਘ ਕਿਲਾ ਰਾਏਪੁਰ , ਜਗਦੇਵ ਸਿੰਘ ਜਰਖੜ, ਕੁਲਵਿੰਦਰ ਸਿੰਘ ਟੋਨੀ, ਸੰਪੂਰਨ ਸਿੰਘ ਘਵੱਦੀ, ਧਰਮਿੰਦਰ ਸਿੰਘ ਮਨੀ, ਰਵਿੰਦਰ ਸਿੰਘ ਕਾਲਾ ਘਵੱਦੀ, ਕੌਮੀ ਹਾਕੀ ਖਿਡਾਰੀ ਪਲਵਿੰਦਰ ਸਿੰਘ ਗੋਲੂ, ਗੁਰਸਤਿੰਦਰ ਸਿੰਘ ਪਰਗਟ, ਗੁਰਦੀਪ ਸਿੰਘ ਟੀਟੂ ਕਿਲਾ ਰਾਇਪੁਰ, ਰੁਪਿੰਦਰ ਸਿੰਘ ਗਿੱਲ , ਤਨਵੀਰ ਸਿੰਘ ਮੁੰਡੀ ,ਅਮਨਦੀਪ ਸਿੰਘ ਚਚਰਾੜੀ ਜਤਿੰਦਰਪਾਲ ਸਿੰਘ ਦੂਲੇਅ ਆਦਿ ਹੋਰ ਉੱਘੀਆ ਸ਼ਖ਼ਸੀਅਤਾਂ ਹਾਜ਼ਰ ਸਨ।

ਜਰਖੜ ਹਾਕੀ ਲੀਗ ਦੇ ਅਗਲੇ ਗੇੜ ਦੇ ਮੁਕਾਬਲੇ ਭਲਕੇ 1ਅਗਸਤ ਦਿਨ ਐਤਵਾਰ ਨੂੰ ਸਵੇਰੇ 7 ਵਜੇ ਤੋਂ 10 ਵਜੇ ਤਕ ਖੇਡੇ ਜਾਣਗੇ।

# ਭਾਰਤੀ ਸੁਤੰਤਰਤਾ ਦੇ ਮੋਹਰੀ ਕਬੀਲੇ, ਬਿਰਸਾ ਮੁੰਡਾ ਅਤੇ ਵੰਸ਼ ਅਜਾਦੀ ਦੀ ਸੁਰੂਆਤ ਅਤੇ ਆਦਿਵਾਸੀ ਕਬੀਲੇ

**(ਸਫਾ 19 ਦੀ ਬਾਕੀ)**

ਬਿਰਸਾ ਮੁੰਡਾ ਸਮੇਤ ਛੇ ਮੌਤਾਂ ਹੋਈਆਂ। ਬਿਰਸਾ ਮੁੰਡਾ ਦੀ ਮੌਤ 9 ਜੂਨ 1900 ਨੂੰ ਜੇਲ੍ਹ ਵਿੱਚ ਹੋਈ।

ਉਸ ਦੀ ਮੌਤ ਤੋਂ ਬਾਅਦ, ਲਹਿਰ ਫਿੱਕੀ ਪੈ ਗਈ। 1908 ਵਿਚ, ਬਸਤੀਵਾਦੀ ਸਰਕਾਰ ਨੇ ਛੋਟਾਨਾਗਪੁਰ ਕਿਰਾਏਦਾਰੀ ਐਕਟ (ਸੀ.ਐੱਨ.ਟੀ.) ਲਾਗੂ ਕੀਤਾ, ਜੋ ਕਿ ਕਬਾਇਲੀ ਜ਼ਮੀਨਾਂ ਦੇ ਗ਼ੈਰ-ਕਬਾਇਲੀਆਂ ਨੂੰ ਤਬਦੀਲ ਕਰਨ 'ਤੇ ਰੋਕ ਲਗਾ ਦਿਤੀ।




### ਯਾਦਗਾਰਾਂ ਅਤੇ ਸਨਮਾਨ

ਭਾਰਤ ਦੇ ਸਾਰੇ ਰਾਜਾਂ ਵਿੱਚ ਕਬੀਲਿਆਂ ਦੇ ਲੋਕਉਸ ਦਾ ਜਨਮਦਿਨ, ਜੋ ਕਿ 15 ਨਵੰਬਰ ਨੂੰ ਪੈਂਦਾ ਹੈ, ਉਤਸ਼ਾਹ ਨਾਲ ਮਨਾਉਂਦੇ ਹਨ। ਸਰਕਾਰੀ ਤੌਰ 'ਤੇ ਇਹ ਜਸ਼ਨ ਝਾਰਖੰਡ ਦੀ ਰਾਜਧਾਨੀ ਰਾਂਚੀ ਅਤੇ ਉਸ ਦੀ ਸਮਾਧੀ ਸਥਾਨ 'ਤੇ ਮਨਾਇਆ ਜਾਂਦਾ ਹੈ।

ਉਸਦੇ ਨਾਮ ਤੇ ਬਹੁਤ ਸਾਰੀਆਂ ਸੰਸਥਾਵਾਂ, ਇਮਾਰਤਾਂ ਦੇ ਮਾਨ ਰੱਖੇ ਹੋਏ ਹਨ, ਖਾਸ ਤੌਰ ਤੇ ਬਿਰਸਾ ਮੁੰਡਾ ਏਅਰਪੋਰਟ ਰਾਂਚੀ, ਬਿਰਸਾ ਇੰਸਟੀਚਿਊਟ ਔਫ ਟੈਕਨਾਲੋਜੀ ਸਿੰਧਰੀ, ਬਿਰਸਾ ਮੁੰਡਾ ਵਣਵਾਸੀ ਛਤਰਵਾਸ, ਕਾਨਪੁਰ, ਸਿਧੋ ਕਨ੍ਹੋ ਬਿਰਸ਼ਾ ਯੂਨੀਵਰਸਿਟੀ, ਪੁਰੂਲੀਆ ਅਤੇ ਬਿਰਸਾ ਐਗਰੀਕਲਚਰਲ ਯੂਨੀਵਰਸਿਟ ਪ੍ਰਮੁੱਖ ਹਨ। ਆਦਿਵਾਸੀ ਰਾਜੇਂ ਵਿੱਚ ਲਗਭਗ ਦਰ ਜਿਲ੍ਹੇ ਵਿੱਚ ਉਹਨਾ ਦਾ ਬੁੱਤ ਲਗਾ ਹੋਇਆ ਹੈ। ਬਹੁਤ ਸਾਰੀਆਂ ਸੰਸਥਾਵਾ ਬਿਰਸਾ ਦੇ ਨਾਮ ਉੱਤੇ ਕੰਮ ਕਰ ਰਹੀਆਂ ਹਨ। ਉਸ ਦੇ ਜੀਵਨ ਉੱਤੇ ਬਹੁਤ ਸਾਰੀਆਂ ਫਿਲਮਾਂ ਕਈਆਂ ਭਾਸ਼ਾਵਾਂ ਵਿੱਚ ਬਣ ਚੁਕੀਆਂ ਹਨ।

ਰਮਨ ਮੈਗਸੇਸੇ ਅਵਾਰਡ ਜੇਤੂ, ਲੇਖਕ-ਕਾਰਕੁਨ ਮਹਾਸ਼ਵੇਤਾ ਦੇਵੀ ਦਾ ਇਤਿਹਾਸਕ ਗਲਪ, ਅਰਨੇਅਰ ਅਧਿਕਾਰ (ਜੰਗਲ ਦਾ ਹੱਕ, 1977), ਇੱਕ ਨਾਵਲ, ਜਿਸ ਲਈ ਉਸਨੇ 1979 ਵਿੱਚ ਬੰਗਾਲੀ ਲਈ ਸਾਹਿਤ ਅਕਾਦਮੀ ਪੁਰਸਕਾਰ ਜਿੱਤਿਆ ਸੀ, ਉਸਦਾ ਜੀਵਨ ਅਤੇ ਮੁੰਡਾ ਵਿਦਰੋਹ ਉੱਤੇ ਅਧਾਰਤ ਹੈ। 19 ਵੀਂ ਸਦੀ ਦੇ ਅੰਤ ਵਿਚ ਬ੍ਰਿਟਿਸ਼ ਰਾਜ; ਬਾਅਦ ਵਿੱਚ ਉਸਨੇ ਇੱਕ ਸੰਖੇਪ ਸੰਸਕਰਣ, ਬਿਰਸਾ ਮੁੰਡਾ, ਵਿਸ਼ੇਸ਼ ਤੌਰ ਤੇ ਨੌਜਵਾਨ ਪਾਠਕਾਂ ਲਈ ਲਿਖਿਆ।

ਸਟੈਚੂ ਔਫ ਉਲਗੂਲਨ, ਝਾਰਖੰਡ ਵਿੱਚ ਬਿਰਸਾ ਮੁੰਡਾ ਦੀ 150 ਫੁੱਟ ਉੱਚੀ ਮੂਰਤੀ ਦੀ ਹੈ ਜੋ ਇਸ ਖੇਤਰ ਵਿੱਚ ਘਰਾਂ ਤੋਂ ਇਕੱਠੇ ਕੀਤੇ ਪੱਥਰਾਂ ਨਾਲ ਬਣਾਈ ਹੈ। ਰਾਂਚੀ ਵਿੱਚ ਨੈਸ਼ਨਲ ਯੂਨੀਵਰਸਿਟੀ ਆਫ ਸਟੱਡੀ ਐਂਡ ਰਿਸਰਚ ਇਨ ਲਾਅ ਦਾ ਸਾਲਾਨਾ ਕਾਲਜ ਤਿਉਹਾਰ ਉਲਗੁਲਨ ਬਿਰਸਾ ਮੁੰਡਾ ਦੇ ਸੁਤੰਤਰਤਾ ਸੰਗਰਾਮ ਤੋਂ ਪ੍ਰੇਰਿਤ ਹੈ।

### ਬਿਰਸਾ ਮੁੰਡਾ ਦਾ ਵੰਸ਼

ਰਾਂਚੀ ਤੋਂ ਉਲੀਹਾਤੂ ਤੱਕ ਗੱਡੀਆਂ ਸ਼ਰਾਟੇਦਾਰ ਪੱਕੀਆਂ ਸੜਕਾਂ ਉੱਤੇ ਦੌੜਦੀਆਂ ਹਨ। ਉਲੀਹਾਤੂ ਤੋਂ ਭਾਵ ਹੈ ਬਿਰਸਾ ਮੁੰਡਾ ਦਾ ਜਨਮ ਸਥਾਨ। ਬਿਰਸਾ ਨੂੰਧਰਤੀ ਆਬਾ ਵੀ ਕਿਹਾ ਜਾਂਦਾ ਹੈ। ਜਨਮ ਸਥਾਨ ਦੇ ਬਿਲਕੁਲ ਸਾਹਮਣੇ, ਇੱਕ ਜੰਗਾਲ਼ੇ ਲੋਹੇ ਦੇ ਪਾਈਪ ਉੱਤੇ ਇੱਕ ਛੋਟਾ ਬੋਰਡ ਹੈ ਜਿਸ ਉੱਤੇ ਲਿਖਿਆ ਹੈ - ਬਿਰਸਾ ਭਗਵਾਨ ਸਾਡਾ ਆਦਰਸ਼ ਹੈ, ਅਸੀਂ ਆਪਣੀਆਂ ਜਿੰਦਗੀ ਨਾਲੋਂ ਵੀ ਵੱਧ ਪਿਆਰੇ ਕਰਦੇ ਹਾਂ।

ਪਰ ਜਦੋਂ ਬਿਰਸਾ ਮੁੰਡਾ ਦੇ ਪੜਪੋਤੇ ਦੀ ਨੂੰਹ ਗੰਗੀ ਮੁੰਡਾ ਨੂੰ ਮਿਲਦੇ ਹੀ, ਤਾਂ ਇਹ ਆਦਰਸ਼ ਧਰੇ ਧਰਾਏ ਰਹਿ ਜਾਂਦੇ ਹਨ। ਧਰਤੀ ਆਬਾ ਦੇ ਵੰਸ਼ਜ ਲੋਕ ਕਈ ਮਹੀਨਿਆਂ ਤੋਂ ਚੋਆਂ ਦਾ ਪਾਣੀ ਪੀਂਦੇ ਹਨ। ਟੂਟੀ ਤੋਂ ਪਾਣੀ ਨਹੀਂ ਆਉਂਦਾ ਸੌਰ ਊਰਜਾ ਨਾਲ ਚੱਲਣ ਵਾਲੀ ਪਾਣੀ ਦੀ ਸਪਲਾਈ ਪੰਪ ਪੂਰੇ ਸਾਲ ਤੋਂ ਠੱਪ ਰਹੀ।

ਇਕ ਸਾਲ ਤੋਂ ਪੂਰਾ ਪਿੰਡ ਪ੍ਰਦੂਸ਼ਤਿ ਪਾਣੀ ਪੀਂਦਾ ਰਿਹਾ। ਸਮੱਸਿਆ ਸਿਰਫ ਪਾਣੀ ਦੀ ਨਹੀਂ, ਬਲਕਿ ਘਰਾਂ ਦੀ ਵੀ ਹੈ। ਇੱਥੇ ਨੇਤਾ ਸਾਲ ਵਿੱਚ ਸਿਰਫ ਦੋ ਵਾਰ ਦਿਨ ਮਨਾਂਉਂਣ ਆਉਂਦੇ ਹਨ,15 ਨਵੰਬਰ ਨੂੰ ਜਨਮ ਦਿਨ ਅਤੇ 9 ਜੂਨ ਨੂੰ ਸ਼ਹੀਦੀ ਦਿਵਸ। ਝੁਲਸਦੀ ਧੁੱਪ ਵਿਚ ਸ਼ਹੀਦੀ ਦਿਹਾੜੇ ਦੇ ਮੱਦੇਨਜ਼ਰ, ਪਰਿਵਾਰ ਦੇ ਲੋਕ ਯਾਦਗਾਰੀ ਸਥਾਨ ਦੇ ਅਹਾਤੇ ਦੀ ਸਫਾਈ ਆਪ ਕਰਦੇ ਹਨ। ਉਹ ਬਹੁਤ ਨਿਰਾਸ਼ਾ ਨਾਲ ਕਹਿੰਦੇ ਹਨ, ਨੇਤਾ ਲੋਕਾਂ ਕੋਲ ਆਉਂਦੇ ਹਨ, ਭਰੋਸਾ ਦਿੰਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ।

ਬਹੁਤ ਸਾਲਾਂ ਤੋਂ ਰਿਹਾਇਸ਼ ਦੇ ਵਾਅਦੇ ਦੇ ਰਹੇ ਹਨ।3 ਕਮਰੇ ਦਾ ਘਰ ਜਿਸ ਵਿੱਚ 14 ਜੀਆਂ ਦੇ ਪਰਿਵਾਰ ਦਾ ਜੀਉਣਾ ਮੁਸ਼ਕਲ ਕੰਮ ਹੈ। ਹਾਲਾਂਕਿ ਰਾਜ ਸਰਕਾਰ ਬਿਰਸਾ ਮੁੰਡਾ ਦੇ ਨਾਮ 'ਤੇ ਆਦਿਵਾਸੀਆਂ ਨੂੰ ਘਰ ਵੀ ਦਿੰਦੀ ਹੈ। ਬਿਰਸਾ ਦੀ ਯਾਦਗਾਰ ਬਨਾਉਣ ਲਈ ਵੀ ਪਰਵਾਰ ਨੇ ਆਪਣੀ ਨਿੱਜੀ ਜਮੀਨ ਸਰਕਾਰ ਨੂੰ ਦਿਤੀ ਹੈ, ਲੇਕਿਨ ਇਸ ਦੇ ਬਦਲੇ ਪਰਵਾਰ ਦੇ ਗੁਜਾਰੇ ਲਈ ਉਹਨਾ ਨੂੰ ਕੋਈ ਹੋਰ ਜਮੀਨ ਅਲਾਟ ਨਹੀਂ ਕੀਤੀ।

ਬਿਰਸਾ ਮੁੰਡਾ ਦੇ ਜਨਮ ਸਥਾਨ ਦੀ ਯਾਦਗਾਰ ਸਮਾਰਕ ਦੀਵੀ ਬੁਰੀ ਹਾਲਤ ਵਿਚ ਹੈ। ਬੈਠਣ ਲਈ, ਕੰਧ ਦੇ ਨਾਲ ਲੱਗਦੇ ਸੀਮਿੰਟ ਦੇ ਬੈਂਚਾਂ ਦੇ ਸੰਗਮਰਮਰ ਚੂਰਾ ਹੋ ਰਹੇ ਹਨ। ਦਰਵਾਜ਼ੇ ਨੂੰ ਦੀਮਕ ਖਾ ਰਹੇ ਹਨ। ਉਥੇ ਕੁਝ ਵੀ ਨਹੀਂ ਜੋ ਦਿਸਦਾ ਹੈ। ਬਿਰਸਾ ਦੇ ਜੀਵਨ ਸੰਘਰਸ਼ ਦੀ ਕਹਾਣੀ, ਉਸਦੇ ਸਾਥੀ, ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਟੱਕਰ ਲਈ, ਕੁਝ ਨਹੀਂ। ਘਰ ਦੇ ਅੰਦਰ ਸਿਰਫ ਇੱਕ ਮੂਰਤੀ ਹੈ। ਪਿੰਡ ਵਿਚ ਮੁਢਲੀਆਂ ਸਹੂਲਤਾਂ ਵੀ ਨਹੀਂ ਹਨ।

ਉਸਦੇ ਪੜਪੋਤੇ ਦੀ ਉਮਰ 82 ਸਾਲ ਹੈ, 1000 ਰੁੱ. ਬੁਢਾਪਾ ਪੈਂਮਸ਼ਨ ਮਿਲਦੀ ਹੈ। ਬਿਰਸਾ ਮੁੰਡਾ ਦੇ ਵੰਸ਼ ਸੁਖਰਾਮ ਦੇ ਬੇਟੇ ਨੇ ਪੀ.ਜੀ. ਕੀਤੀ ਹੈ ਉਸ ਨੂੰ ਚਪੜਾਸੀ ਦੀ ਨੌਕਰੀ ਮਿਲੀ ਹੈ, ਉਸ ਦੇ ਤਨਖਾਹ ਨਾਲ ਘਰ ਚੱਲ ਰਿਹਾ ਹੈ। ਖੇਤਰੀ ਭਾਸ਼ਾ ਵਿੱਚ ਪੋਸਟ ਗਰੈਜੁਏਸ਼ਨ ਦੀ ਡਿਗਰੀ ਪ੍ਰਾਪਤ ਕਰ ਚੁੱਕਾ ਹੈ। ਉਹਐਡੀਓ ਦਫ਼ਤਰ ਵਿੱਚ ਚਪੜਾਸੀ ਦੀ ਨੌਕਰੀ ਕਰ ਰਿਹਾ ਹੈ।

ਬਿਰਸਾ ਮੁੰਡਾ ਦੀ ਪੋਤੀ ਪੋਤੀ ਆਪਣੇ ਪਿਓ ਦੀਆਂ ਉਗਾਈਆਂ ਸਬਜ਼ੀਆਂ ਨੂੰ ਖੁੰਟੀ ਵਿਚ ਵੇਚ ਕੇ ਆਪਣੀ ਪੜ੍ਹਾਈ ਪੂਰੀ ਕਰ ਰਹੀ ਹੈ। ਉਹ ਖੁੱਟੀ ਦੇ ਬਿਰਸਾ ਕਾਲਜ ਵਿੱਚ ਗ੍ਰੈਜੂਏਸ਼ਨ ਕਰ ਰਹੀ ਹੈ।

ਉਸ ਦਾ ਕਹਿਣਾ ਹੈ ਕਿ ਹੁਣ ਤੱਕ ਸਕਾਲਰਸਿਪ ਦਾ ਕੋਈ ਲਾਭ ਨਹੀਂ ਮਿਲਿਆ ਹੈ। ਮੈਂ ਆਪਣੇ ਪਿਤਾ ਦੁਆਰਾ ਉਗਾਈਆਂ ਸਬਜ਼ੀਆਂ ਨੂੰ ਸਾਈਕਲ 'ਤੇ ਮਾਰਕੀਟ ਹਾਟ' ਲਗਾ ਕੇ ਵੇਚਦੀ ਹੈ।

# ਮੋਰਚਾ ਗੁਰੂ ਕਾ ਬਾਗ- 8 ਅਗਸਤ 1922



ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ-ਸੱਚ, ਨਿਆਂ ਸਵੈਮਾਣ ਅਤੇ ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ। ਜਿਸਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜ਼ਿਸ਼ ਰਚ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਹਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।

ਇਹਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰਦਾਸ ਦਾ ਕਬਜ਼ਾ ਸੀ, ਜੋ ਇਕ ਦੁਰਾਚਾਰੀ ਅਤੇ ਅਯਾਸ਼ੀ ਸੀ। ਉਸਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ। ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਫਿਰ ਉੱਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ। ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕ ਬਾਗ ਪਹੁੰਚਣ ਲੱਗੇ। ਜਿਹਨਾਂ ਵਿਚ ਮਦਨ ਮੋਹਨ ਮਾਲਵੀਆ, ਸੀ. ਐਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁੱਚੀ ਰਾਮ ਸਾਹਨੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦਾ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ. ਐਫ. ਐਂਡਰਿਊਜ਼ ਜਿਸਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ. ਐਲ. ਵਰਜਰ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮੈਕਲਾਘਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਹਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਮਿਲਦੀ ਹੈ। ਇਹ

# ਕਾਹਲੀ ਕਾਹਲੀ ਪੈਰ ਪੁੱਟ ਲੈ, ਤੀਆਂ ਲੱਗੀਆਂ ਪਿੱਪਲ ਦੀ ਛਾਂਵੇ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਲਿਖਿਆ ਹੈ ਕਿ"ਸਭੇ ਰੁੱਤਾਂ ਚੰਗੀਆਂ" ਭਾਵ ਹਰ ਰੁੱਤ ਚੰਗੀ ਅਤੇ ਸੁਖਦਾਈ ਹੈ, ਪਰ ਸਾਉਂਣ ਦੀ ਰੁੱਤ ਦੀ ਆਪਣੀ ਇੱਕ ਮਹੱਤਤਾ ਹੈ,ਕਿਉਂਕਿ ਇਸ ਨਾਲ ਜੀਵਨ ਦੀ ਆਸ,ਉਤਪਾਦਨ ਅਤੇ ਪਾਣੀ ਦੇ ਸੋਮਿਆਂ ਦਾ ਜਿਉਂਦੇ ਰਹਿਣਾ ਜੁੜਿਆ ਹੋਇਆ ਹੈ। ਦੇਸ਼ ਚ ਖਾਧ ਖੁਰਾਕ ਦਾ ਉਤਪਾਦਨ ਸਾਉਂਣ ਮਹੀਨੇ ਚ ਪੈਣ ਵਾਲੀ ਵਰਖਾ ਤੇ ਹੀ ਨਿਰਭਰ ਕਰਦਾ ਹੈ। ਸਾਉਂਣ ਮਹੀਨੇ ਨਾਲ ਜੰਗਲੀ ਜੀਵਨ ਵੀ ਜੁੜਿਆ ਹੋਇਆ ਹੈ। ਜੇਕਰ ਜੰਗਲ ਬਚਣਗੇ ਤਾਂ ਹੀ ਉਸ ਵਿੱਚ ਰਹਿਣ ਵਾਲੇ ਲੱਖਾਂ ਜੀਵ ਜੰਤੂ ਜਿਉਂਦੇ ਰਹਿਣਗੇ। ਇਸ ਲਈ ਬਾਣੀ ਚ ਵੀ ਕਿਹਾ ਗਿਆ ਹੈ:-

ਸਾਵਣ ਆਇਆ ਸਾਵਣ ਆਇਆ,
ਜੀਵ ਜੰਤ ਸਭ ਸੁਖੀ ਵਸਾਇਆ

ਸਾਉਂਣ ਦੇ ਮਹੀਨੇ ਚ ਖਾਸ ਕਰਕੇ ਪੰਜਾਬ ਵਿੱਚ ਤੀਆਂ ਦਾ ਤਿਉਹਾਰ ਬਹੁਤ ਹੀ ਪਿਆਰ ਤੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਚੰਚਲ ਸੋਖ ਮੁਟਿਆਰਾਂ ਸਜ ਧਜ ਕੇ ਤੀਆਂ ਵਿੱਚ ਜਾਂਦੀਆਂ ਹਨ ਅਤੇ ਪੀਘਾਂ ਝੂਟਦੀਆਂ ਹਨ। ਇੱਥੇ ਪੁਰਾਤਨ ਸਮਿਆਂ ਤੋਂ ਹੀ ਇਹ ਰਿਵਾਜ ਚਲਿਆ ਆ ਰਿਹਾ ਹੈ ਕਿ ਤੀਆਂ ਦੇ ਤਿਉਹਾਰ ਤੇ ਭਰਾ ਆਪਣੀਆਂ ਭੈਣਾਂ ਨੂੰ ਸਹੁਰਿਆਂ ਤੋਂ ਲੈਕੇ ਆਉਂਦੇ ਹਨ ਅਤੇ ਸੰਧਾਰਾ ਵੀ ਦਿੰਦੇ ਹਨ। ਸੰਧਾਰੇ ਵਿੱਚ ਬਹੁਤ ਸਾਰਾ ਸਮਾਨ ਜਿਵੇਂ ਕਿ,ਸੂਟ, ਮਹਿੰਦੀ, ਚੂੜੀਆਂ, ਬਿੰਦੀਆਂ, ਡੋਰੀ, ਟੂੰਮਾਂ, ਮਠਿਆਈਆਂ ਅਤੇ ਹੋਰ ਹਾਰ ਸਿੰਗਾਰ ਦਾ ਸਮਾਨ ਦਿੱਤਾ ਜਾਂਦਾ ਹੈ। ਕਈ ਵਾਰੀ ਜੇ ਕਿਸੇ ਮੁਟਿਆਰ ਦਾ ਭਰਾ ਮਜਬੂਰੀ ਵੱਸ ਭੈਣ ਨੂੰ ਲੈਣ ਵਾਸਤੇ ਨਾ ਜਾਂਦਾ ਤਾਂ ਕੁੜੀ ਦੀ ਸੱਸ ਮਿਹਣਾ ਮਾਰਦੀ ਸੀ:-

ਸੱਸ ਮਾਰਦੀ ਗਲੀ ਦੇ ਵਿੱਚ ਮਿਹਣੇ,
ਤੀਆਂ ਨੂੰ ਨਾ ਆਇਆ ਵੀਰਨਾ

ਤੀਆਂ ਦਾ ਤਿਉਹਾਰ ਸਾਉਂਣ ਦੇ ਮਹੀਨੇ ਚ ਮੱਸਿਆ ਤੋ ਬਾਦ ਤੀਜ ਤੋਂ ਸੁਰੂ ਹੋਕੇ ਪੂਰਨਮਾਸੀ ਤੱਕ ਚੱਲਦਾ ਹੈ। ਕੁੜੀਆਂ ਚਿੜੀਆਂ ਇਕੱਠੀਆਂ ਹੋ ਕੇ ਆਪਣੇ ਦਿਲ ਦਾ ਹਾਲ ਸਾਂਝਾ ਕਰਦੀਆਂ ਹਨ ਅਤੇ ਦੁੱਖ ਸੁੱਖ ਫਰੋਲਦੀਆਂ ਹਨ। ਨਣਦਾਂ ਤੇ ਭਰਜਾਈਆਂ ਪੀਘਾਂ ਝੂਟਦੀਆਂ ਹਨ ਅਤੇ ਕਈ ਵਾਰ ਪਿੱਪਲ ਦਾ ਉਪਰਲਾ ਪੱਤਾ ਤੋੜਨ ਦੀ ਕੋਸਿਸ਼ ਕਰਦੀਆਂ ਹਨ ਅਤੇ ਬੋਲੀਆਂ ਪਾਈਆਂ ਜਾਂਦੀਆਂ ਹਨ।

ਸਾਉਣ ਮਹੀਨਾ ਦਿਨ ਤੀਆਂ ਦੇ
ਪਿੱਪਲੀ ਪੀਘਾਂ ਪਾਈਆਂ
ਇਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ,
ਨਣਦਾਂ ਤੇ ਭਰਜਾਈਆਂ
ਬੋਲੀਆਂ ਪਾ ਪਾ ਧਰਤੀ ਪੱਟਣ
ਵੱਡਿਆਂ ਘਰਾਂ ਦੀਆਂ ਜਾਈਆਂ
ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਤੋ ਆਈਆਂ

ਪਰਾਣੇ ਸਮਿਆਂ ਚ ਜਦੋ ਕੋਈ ਵੀਰ ਆਪਣੀ ਭੈਣ ਨੂੰ ਤੀਆਂ ਤੇ ਲੈਣ ਜਾਂਦੇ ਸੀ ਤਾਂ ਉਦੋ ਆਵਾਜਾਈ ਦਾ ਕੋਈ ਹੋਰ ਸਾਧਨ ਨਾ ਹੋਣ ਕਰਕੇ ਬੋਤੇ ਤੇ ਚੜ੍ਹ ਕੇ ਜਾਂਦੇ ਸੀ। ਭੈਣ ਵੀ ਖੁਸੀ ਚ ਖੀਵੀ ਹੋ ਕੇ ਕੋਠੇ ਚੜ੍ਹ ਕੇ ਆਪਣੇ ਵੀਰ ਨੂੰ ਆਉਂਦੇ ਦੇਖਦੀ ਸੀ। ਉਸਦੇ ਵੀਰ ਅਤੇ ਬੋਤੇ ਦੀ ਆਓ-ਭਗਤ ਨੂੰ ਇੱਕ



ਬੋਲੀ ਰਾਹੀਂ ਦਰਸਾਇਆ ਗਿਆ ਹੈ:-

ਤੈਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ,ਤੈਨੂੰ ਵੀਰਾ ਦੁੱਧ ਦਾ ਛੰਨਾ

ਇਸੇ ਤਰਾਂ ਇੱਕ ਹੋਰ ਬੋਲੀ ਰਾਹੀਂ ਵੀ ਸੱਸ ਨੂੰ ਮਿਹਣਾ ਮਾਰਦੀਆਂ ਹਨ

ਅੱਗੋਂ ਸੱਸ ਨੀ ਬਘਿਆੜੀ ਟੱਕਰੀ, ਮਾਪਿਆਂ ਨੇ ਰੱਖੀ ਲਾਡਲੀ

ਸਾਉਂਣ ਦੇ ਮਹੀਨੇ ਦਾ ਸਬੰਧ ਖੀਰ ਪੂੜਿਆਂ ਨਾਲ ਵੀ ਬਹੁਤ ਰਿਹਾ ਹੈ। ਇਹਨਾਂ ਦਿਨਾਂ ਵਿੱਚ ਲੋਕੀ ਆਪਣੇ ਘਰਾਂ ਵਿੱਚ ਖੀਰ ਪੂੜੇ ਅਤੇ ਹੋਰ ਮਿੱਠੇ ਪਕਵਾਨ ਬਣਾਉਂਦੇ ਹਨ। ਬਰਸਾਤ ਦਾ ਮੌਸਮ ਹੋਣ ਕਰ ਕੇ ਖੀਰ ਪੂੜਿਆਂ ਦਾ ਸੁਆਦ ਹੀ ਵੱਖਰਾ ਹੁੰਦਾ ਹੈ। ਛੋਟੇ ਛੋਟੇ ਬੱਚੇ ਤਾਂ ਮੀਂਹ ਵਿੱਚ ਨਹਾ ਕੇ ਆਪਣੇ ਬਚਪਨ ਦਾ ਆਨੰਦ ਮਾਣਦੇ ਹਨ।

ਅੱਜ ਕੱਲ ਸ਼ਹਿਰਾਂ ਵਿੱਚ ਤੀਆਂ ਦਾ ਤਿਉਹਾਰ ਸਕੂਲਾਂ ਯਾ ਪੈਲਸਾਂ ਵਿੱਚ ਮਨਾਇਆ ਜਾਂਦਾ ਹੈ। ਅਜਿਹੀਆਂ ਸ਼ਹਿਰੀ ਤੀਆਂ ਤਾਂ ਆਤਮਾ ਰਹਿਤ ਹੀ ਲੱਗਦੀਆਂ ਹਨ। ਅਸਲੀ ਤੀਆਂ ਤਾਂ ਪਿੰਡਾਂ ਵਿੱਚ ਮਨਾਈਆਂ ਜਾਂਦੀਆਂ ਹਨ। ਪਿੰਡਾਂ ਵਿੱਚ ਹਰੇ ਭਰੇ ਦਰੱਖਤਾਂ ਨਾਲ ਲੱਦੀ ਹੋਈ ਨਿਵੇਕਲੀ ਸੁੰਦਰ ਥਾਂ ਨੂੰ ਤੀਆਂ ਲਈ ਚੁਣਿਆ ਜਾਂਦਾ ਹੈ। ਨਿੰਮਾਂ ਅਤੇ ਪਿੱਪਲਾਂ ਤੇ ਪਾਈਆਂ ਹੋਈਆਂ ਲੰਮੀਆਂ ਪੀਘਾਂ ਤੀਆਂ ਦੇ ਤਿਉਹਾਰ ਨੂੰ ਆਨੰਦਮਈ ਬਣਾ ਦਿੰਦੀਆਂ ਹਨ। ਕੂੜੀਆਂ ਇੱਕ ਗੋਲ ਚੱਕਰ ਬਣਾ ਕੇ ਖਲੋ ਜਾਂਦੀਆਂ ਹਨ ਅਤੇ ਖੂਬ ਨੱਚਦੀਆਂ ਹਨ। ਤੀਆਂ ਵਿੱਚ ਗਿੱਧਾ ਹੀ ਖਿੱਚ ਦਾ ਕੇਂਦਰ ਹੁੰਦਾ ਹੈ। ਆਪਣੇ ਭਰਾਵਾਂ ਦੇ ਪਿਆਰ ਵਿੱਚ ਮੋਹ ਭਿੱਜੀਆਂ ਬੋਲੀਆਂ ਪਾਉਂਦੀਆਂ ਹਨ ਜਿਵੇਂ ਕਿ:-

ਮੇਰੇ ਵੀਰ ਦਾ ਮੁਲ੍ਹਾਜੇਦਾਰ ਮੁਨਸੀ,ਨੀ ਚੱਕੋ ਮੰਜਾ ਡਾਹੋ ਕੁਰਸੀ
ਥਾਣੇਦਾਰ ਦੇ ਬਰਾਬਰ ਡਹਿੰਦੀ
ਕੁਰਸੀ ਮੇਰੇ ਵੀਰ ਦੀ

ਤੀਆਂ ਦਾ ਤਿਉਹਾਰ ਪੂਰੇ ਤੇਰਾਂ ਦਿਨ ਚੱਲਦਾ ਹੈ। ਅਖੀਰਲੇ ਕੂੜੀਆਂ ਬੱਲੋ ਪਾਉਂਦੀਆਂ ਹਨ ਅਤੇ ਪੂਰੇ ਜੋਰ ਸੋਰ ਨਾਲ ਨੱਚਦੀਆਂ ਹਨ ਕਿਉਂਕਿ ਉਹ ਤੀਆਂ ਦਾ ਅਖੀਰਲਾ ਦਿਨ ਹੁੰਦਾ ਹੈ। ਸਹੁਰੇ ਜਾਣ ਲੱਗੀਆਂ ਭਰਾਵਾਂ ਨੂੰ ਰੱਖੜੀ ਵੀ ਦੇ ਜਾਂਦੀਆਂ ਹਨ। ਵਿਛੜਨ ਲੱਗੀਆਂ ਭਾਦੋਂ ਦੇ ਮਹੀਨੇ ਨੂੰ ਉਲਾਂਭਾ ਦਿੰਦੀਆਂ ਹੋਈਆਂ ਕਹਿੰਦੀਆਂ ਹਨ:-



ਨਿਰਮਲਾ ਗਰਗ
91- 98031 08966

ਸਾਉਂਣ ਵੀਰ ਕੱਠੀਆਂ ਕਰੇ
ਭਾਦੋ ਚੰਦਰੀ ਵਿਛੋੜੇ ਪਾਵੇ

ਜਿੱਥੇ ਪੱਛਮੀ ਸਭਿਅਤਾ ਦਾ ਪ੍ਰਭਾਵ ਸਾਡੀ ਪ੍ਰਾਚੀਨ ਸਭਿਅਤਾ ਤੇ ਮਾਰੂ ਅਸਰ ਪਾ ਰਿਹਾ ਹੈ, ਉੱਥੇ ਭਰੂਣ ਹੱਤਿਆ ਵਰਗੀਆਂ ਲਾਹਨਤਾਂ ਕਾਰਨ ਵੀ ਤੀਆਂ ਦੇ ਅਲੋਪ ਹੋਣ ਦਾ ਭਾਰੀ ਖਤਰਾ ਹੈ। ਧੀਆਂ ਬਿੰਨਾ ਤਾਂ ਤੀਆਂ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ। ਕਿਸੇ ਨੇ ਸੱਚ ਹੀ ਕਿਹਾ ਹੈ:-ਧੀਆਂ ਬਿੰਨਾ ਨਾ ਰਹਿਣੀਆਂ ਤੀਆਂ।

ਸਾਉਂਣ ਦੇ ਮਹੀਨੇ ਵਿੱਚ ਮੋਰ ਦੀ ਖਾਸ ਮਹੱਤਤਾ ਹੈ। ਜਦੋ ਬੱਦਲਾਂ ਦੀ ਗਰਜ ਸੁਣਕੇ ਮੋਰ ਪੈਲ ਪਾਉਂਦਾ ਹੈ ਤਾਂ ਬਹੁਤ ਸੁੰਦਰ ਨਜਾਰਾ ਪੇਸ਼ ਕਰਦਾ ਹੈ। ਮੋਰ ਨਾਲ ਸਬੰਧਤ ਇੱਕ ਪੁਰਾਣੀ ਕਥਾ ਪ੍ਰਚਲਤ ਹੈ ਕਿ ਜਦੋ ਮੋਰ ਪੈਲ ਪਾਉਂਦਾ ਹੈ ਤਾਂ ਆਪਣੇ ਪੈਰਾਂ ਵੱਲ ਦੇਖ ਕੇ ਬਹੁਤ ਦੁਖੀ ਹੁੰਦਾ ਹੈ। ਕਹਿੰਦੇ ਹਨ ਕਿ ਇੱਕ ਵਾਰੀ ਚਿੜੀ ਆਪਣੇ ਪੇਕੇ ਜਾਣ ਸਮੇ ਮੋਰ ਦੇ ਪੈਰ ਉਧਾਰੇ ਲੈ ਗਈ ਸੀ ਕਿਉਕਿ ਚਿੜੀ ਦੇ ਪੈਰ ਸੁੰਦਰ ਨਹੀ ਸਨ।

ਪੇਕਿਆਂ ਤੋਂ ਵਾਪਸ ਆ ਕੇ ਚਿੜੀ ਨੇ ਮੋਰ ਦੇ ਪੈਰ ਵਾਪਸ ਨਹੀ ਕੀਤੇ ਕਿਉਂਕਿ ਮੋਰ ਦੇ ਪੈਰ ਬਹੁਤ ਸੁੰਦਰ ਸਨ। ਇਸ ਕਰਕੇ ਮੋਰ ਕਈ ਵਾਰ ਆਪਣੇ ਪੈਰਾਂ ਨੂੰ ਦੇਖ ਕੇ ਰੋਣ ਲੱਗ ਜਾਂਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਵੀ ਸਾਉਂਣ ਦੇ ਮਹੀਨੇ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਚ ਸਾਉਂਣ ਦੇ ਮਹੀਨੇ ਦੀ ਮਹੱਤਤਾ ਨੂੰ ਇਸ ਤਰਾਂ ਪ੍ਰਗਟ ਕੀਤਾ ਹੈ:-

ਮੋਰੀਂ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ

ਭਾਈ ਗੁਰਦਾਸ ਜੀ ਨੇ ਵੀ ਆਪਣੀ ਲੇਖਣੀ ਵਿੱਚ ਸਾਉਂਣ ਦੇ ਮਹੀਨੇ ਵਾਰੇ ਲਿਖਿਆ ਹੈ:-

ਸਾਵਣ ਵਣ ਹਰਿਆਵਲੇ ਵੁੱਠੇ ਸੁੱਕੇ ਅਕੁ ਜਵਾਹਾ।

****

# ਕੰਵਲ ਬਾਜਵਾ ਦੀਆਂ 6 ਰਚਨਾਵਾਂ


ਕੰਵਲ ਬਾਜਵਾ

## ਤੜਪ

ਐਂਵੇਂ ਦਿਲ ਨੇ ਦਰਦਾਂ ਨਾਲ
ਸਾਂਝ ਹੈ ਪਾ ਲਈ
ਜਿਵੇਂ ਚਿਖਾ ਦੀ ਲੱਕੜੀ ਤੇ
ਸਰਦਲ ਟਿਕਾ ਲਈ

ਹਸਰਤਾਂ ਦੇ ਨੂਰੀ ਮਹਿਲਾਂ ਦੀ
ਲੋਅ ਹੈ ਬੁੱਝ ਗਈ
ਨੈਂਣਾਂ ਦੀ ਜੋਤ ਵੀ ਹੁਣ
ਹੰਝੂਆਂ ਨੇ ਹੈ ਖਾ ਲਈ

ਸਿਖਰ ਦੁਪਿਹਰਾ ਲੂਹ ਰਿਹਾ ਹੈ
ਗ਼ਮ ਤੇਰੇ ਦੇ ਖੰਡਰਾਤ ਦਾ
ਕਿੱਥੋਂ ਦਿਲ ਨੇ ਇਸ਼ਕਾਂ ਵਾਲੀ
ਲਾਬ ਹੈ ਲਾ ਲਈ

ਤੇਰੇ ਬਿਰਹੇ ਦਾ ਸਰਕੜਾ ਹੈ
ਰੂਹ ਦੀ ਸਰਹੱਦ ਅੰਦਰ
ਐਂਵੇ ਭਿਆਲੀ ਖ਼ਾਬਾਂ ਨੇ
ਮੁਹੱਬਤ ਦੀਆਂ ਰਿਸ਼ਮਾਂ ਨਾਲ ਹੈ ਪਾ ਲਈ।

## ਮੈਂ

ਮੈਂ ਇਕ ਤਾਰਾ, ਗ਼ਮ ਦਾ ਮਾਰਾ

ਸੂਰਜ ਤੋਂ ਟੁੱਟਾ
ਜਿਉਂ ਕੋਈ ਚੰਗਿਆੜਾ

ਮੈਂ ਇੱਕ ਜੁਗਨੂੰ, ਹਨੇਰਿਆਂ ਨੂੰ ਲੱਭਦਾਂ
ਸ਼ਮਾਦਾਨ ਦੀ ਰੌਸ਼ਨੀ ਤੋਂ ਪਰ
ਡਰਦਾ ਨਾ ਜਗਦਾਂ

ਮੈਂ ਇੱਕ ਪਰਵਾਨਾ, ਸ਼ਮਾਂ ਦਾ ਦੀਵਾਨਾ
ਰੌਸ਼ਨੀਆਂ ਦੀ ਹੋਂਦ ਤੋਂ
ਮੈਂ ਬਹੁਤ ਘਬਰਾਨਾਂ

ਮੈਂ ਇੱਕ ਮਲਾਹ
ਸਾਗਰਾਂ ਦੇ ਵਹਿਣ ਤੋਂ ਬੇਪਰਵਾਹ
ਨਿੱਜ ਆਤਮਾ ਕਿਸ਼ਤੀ ਭਟਕਦੀ
ਨਾ ਬਹੁੜਦਾ ਬਹਿਸ਼ਤਾਂ ਦਾ ਰਾਹ।

## ਕੌਣ

ਦਿਲ ਦਾ ਥਲ ਹੈ ਧੁੰਦਲਾ ਗਿਆ
ਧੂੜ ਅੱਜ ਫੇਰ ਕੌਣ ਉਡਾ ਗਿਆ
ਕੌਣ ਗੇਂਦਾ ਸਮਝ ਕਿੱਕਰਾਂ ਦੇ ਫੁੱਲਾਂ ਨੂੰ

ਪੀਰਾਂ ਦੀ ਮਿਜ਼ਾਰ ਤੇ ਚੜਾ ਗਿਆ

ਕੋੜਕੂ ਜਿਹੇ ਕਿਉਂ ਚੁੱਭਦੇ ਨੇ ਨੈਂਣਾਂ ਚ
ਫੇਰ ਕਿਸੇ ਪੀੜ ਦਾ ਮੋਤੀਆ ਹੈ ਛਾ ਗਿਆ
ਡੁਬਣ ਹੀ ਵਾਲੀ ਸੀ ਬੇੜੀ ਮੰਝਧਾਰ ਵਿੱਚ
ਕਿਹੋ ਜਿਹਾ ਬੁੱਲਾ ਆ ਕਿਨਾਰੇ ਹੈ ਲਾ ਗਿਆ

ਅੱਜ ਫੇਰ ਗਮਾਂ ਨੂੰ ਖਾਰ ਜਿਹਾ ਹੈ ਚੁੱਭ ਗਿਆ
ਕਿ ਸੀਤ ਹੋਏ ਨੈਂਣਾਂ ਵਿੱਚ ਸੇਕ ਹੈ ਆ ਗਿਆ
ਕਿਸਨੇ ਨੀਰੋ ਨੂੰ ਆ ਨੱਥ ਪਾਈ ਹੈ
ਦਿਲ ਦਾ ਰੋਮ ਹੈ ਅੱਜ ਫਿਰ ਨਸ਼ਿਆ ਗਿਆ

ਕੌਣ ਮੋੜ ਲਿਆਇਆ ਪੁੰਨੂ ਨੂੰ ਵਾਪਿਸ
ਡਾਚੀਆਂ ਵਾਲਿਆਂ ਦਾ ਜਿਉਂ ਕਾਫਲਾ ਹੈ ਆ ਗਿਆ
ਕੱਜਲਾ ਰੀਝਾਂ ਦੇ ਨੈਂਣੀਂ ਕਿਉਂ ਪੈ ਗਿਆ ਹੈ
ਕੌਣ ਆ ਕਿ ਸ਼ਰਬਤੀ ਨੈਣ ਮਿਲਾ ਗਿਆ
ਉਹ ਦੇਖੋ ਦਰਦ ਵੀ ਦੂਰ ਹੈ ਜਾ ਰਿਹਾ
ਜਰੂਰ ਕੋਈ ਚਾਅ ਹੈ ਚੌਂਕੀ ਲਾ ਗਿਆ।

## ਮਹਿਬੂਬ

ਮੇਰੇ ਮਹਿਬੂਬ ਕੁਝ ਤਾਂ ਦਆ ਕਰ
ਹਕੀਕਤਾਂ ਨੂੰ ਇਉਂ ਨਾ ਹਵਾ ਕਰ
ਉੱਗ ਜਾਣ ਹਨੇਰੇ ਲੱਖਾਂ ਮੈਨੂੰ ਗ਼ਮ ਨਹੀਂ
ਉਮਰਾਂ ਦਾ ਰੋਗ ਦੇ ਕੇ
ਦਾਰੂ ਨਾ ਦੇ ਨਾ ਦੁਆ ਕਰ

ਰਾਜ਼ ਨੂੰ ਰਾਜ਼ ਬਣਿਆ ਰਹਿਣ ਦੇ
ਬੇਪਰਦ ਨਾ ਬੇਵਜਾ ਕਰ
ਜੁੰਗਨੂੰਆ ਨੇ ਹੁਣ ਤਾਂ
ਚਾਨਣੀ ਤੋਂ ਹੁਣ ਮੂੰਹ ਫੇਰ ਲਿਆ
ਹੋਰ ਨਾ ਰਾਤਾਂ ਨੂੰ ਤੂੰ ਗਮਜ਼ਦਾ ਕਰ

ਗੁਟਰ ਲੈਣ ਦੇ ਪੰਖੇਰੂਆਂ ਨੂੰ ਜੋੜ ਕੇ ਚੁੰਝਾਂ
ਐਂਵੇ ਬੇਦਰਦ ਨਾ ਹੋ ਨਾ ਜੁਦਾ ਕਰ
ਸੜ੍ਹ ਲੈਣ ਦੇ ਕਿੱਕਰਾਂ ਨੂੰ ਹਾੜ ਦੇ ਦੁਪਿਹਰੇ
ਨਾ ਰੋਕ ਧੁੱਪਾਂ ਨੂੰ ਇਉਂ ਨਾ ਬੇਵਫਾ ਕਰ

ਰੱਬ ਈ ਕਿਉਂ ਹੋ ਗਿਉਂ ਗਮ ਹੀ ਫਿਰੇਂ ਵੰਡਦਾ
ਮੌਸਮਾਂ ਨੂੰ ਜੀਣ ਲੈਣ ਦੇ, ਹੋਰ ਨਾ ਜ਼ਿਬ੍ਹਾ ਕਰ
ਅਰਘ ਚੜਾ ਸੂਰਜਾਂ, ਕਿਰਨਾਂ ਪਸਰ ਲੈਣ ਦੇ
ਘੁੱਪ ਹਨੇਰਾ ਥੱਕ ਗਿਆ, ਰਾਤ ਨੂੰ ਦਫਾ ਕਰ।

## ਤੁਰਦੇ ਰਹਿਣਾ

ਪੰਛੀਆਂ ਦੀ ਪਰਵਾਜ਼ ਹੈ
ਰਵਾਨੀ ਦਾ ਨਾਂ
ਆਜ਼ਾਦੀ ਦਾ ਨਾਂ ਤੇ
ਜ਼ਿੰਦਗਾਨੀ ਦਾ ਨਾਂ

ਇਸੇ ਤਰਾਂ ਹੀ ਹੈ
ਮਨੁੱਖਤਾ ਦਾ ਸਫਰ

ਬੱਸ ਚਲਦੇ ਰਹਿਣਾ
ਬੜੀ ਦੂਰ ਤੱਕ
ਕੋਹਾਂ ਦੂਰ ਤੱਕ
ਆਸਾਂ ਦੀ ਪਗਡੰਡੀ ਤੇ
ਮੰਜ਼ਿਲ ਦੀ ਦਹਿਲੀਜ਼ ਤੱਕ

ਹੱਥਾਂ ਵਿੱਚ ਮਸ਼ਾਲ ਲੈ
ਨੰਗੇ ਪੈਰੀਂ ਭੁੱਖੇ ਭਾਣੇ
ਕੰਢਿਆਲੇ ਜੰਗਲਾਂ ਚ
ਉਦੋਂ ਤੱਕ
ਜਦੋਂ ਤੱਕ
ਕੰਢੇ ਲਹੂ ਵਿੱਚ ਮਿਲਕੇ
ਨਾਲ ਨਾ ਤੁਰ ਪੈਣ
ਬੱਸ ਰੜਕਦੇ ਰਹਿਣ
ਪੀੜ ਬਣਨ
ਪਰ ਨੀਰ ਨਾ ਬਣਨ
ਕਿਉਂ ਜੋ ਨੈਂਣੀਂ ਉਤਰ ਆਏ
ਰਾਹਵਾਂ ਨਾ ਗੁਆਚਣ

ਬੱਸ ਤੁਰਦੀ ਰਹੇ ਜ਼ਿੰਦਗੀ
ਇਹ ਜੰਗਲ ਸਰ ਲਏ
ਇਹ ਕੰਢੇ ਚੱਬ ਲਏ
ਜਿਵੇਂ ਪੰਛੀ ਲੰਮੇ ਪਰਵਾਜ਼ ਤੋਂ ਬਾਦ
ਆਖਿਰ ਸਾਗਰਾਂ ਨੂੰ ਵੀ
ਡੀਕ ਲੈਂਦੇ ਨੈ
ਤੂਫਾਨਾਂ ਨੂੰ ਲਪੇਟ ਲੈਂਦੇ ਨੇ
ਖੰਭਾਂ ਦੇ ਦੁਆਲੇ

ਤੇ ਆ ਹੀ ਬਹੁੜਦੇ ਨੇ
ਮੰਜ਼ਿਲ ਤੇ

ਇਵੇਂ ਹੀ ਮਨੁਖਤਾ ਵੀ
ਜ਼ਖਮੀ ਹੁੰਦੀ ਝੋਲੇ ਖਾਂਦੀ
ਕੰਢਿਆਲੇ ਜੰਗਲਾਂ ਨੂੰ ਸਰ ਕਰ
ਆ ਹੀ ਬਹੁੜੇਗੀ
ਮੰਜ਼ਿਲ ਤੇ।

## ਫਿਟਕਾਰ

ਜਿਸ ਦਿਨ ਤੈਨੂੰ ਦਿਲ
ਯਾਦ ਨਾ ਕਰੇ
ਰੱਬ ਕਰੇ ਜੱਗ ਮੇਰਾ
ਮਰਸੀਆ ਪੜੇ
ਭੁਰ ਭੁਰ ਜਾਣ ਮੇਰੇ
ਜਿਸਮ ਦੀਆਂ ਮਿਰੀਂਡੀਆਂ
ਠਰਦੀ ਮੇਰੀ ਲਾਸ਼ ਨੂੰ
ਕਫ਼ਓਮਪ;ਨ ਨਾ ਜੁੜੇ
ਜ਼ਲਜ਼ਲੇ ਆ ਜਾਣ ਯਾਰਾ
ਰੂਹ ਵਾਲੇ ਥਲਾਂ 'ਚ
ਨੈਂਣਾਂ ਦੀਆਂ ਜੂਹਾਂ ਵਿੱਚ
ਸ਼ੋਰ ਆ ਹੜ੍ਹੇ


ਆ ਜਾਣ ਤਹਿਸ਼ ਵਿੱਚ
ਬਲਾਵਾਂ ਮੇਰੇ ਅਹਿਮ ਦੀਆਂ
ਜੇ ਰੋਜ਼ਾਨਾਮਚੇ 'ਚ ਕਲ਼ਮ
ਤੇਰਾ ਜ਼ਿਕਰ ਨਾ ਕਰੇ
ਗੀਤਾਂ ਵਾਲੀ ਅਗਰਭੂਮੀ
ਤਹਿਸ ਨਹਿਸ ਹੋ ਜਾਏ
ਜੇ ਨਾ ਤੇਰੀ ਜ਼ਿਆਰਤ ਦਾ
ਮਨ ਤਰਜ਼ਮਾ ਕਰੇ
ਲੱਗ ਜਾਏ ਸੂਰਜਾਂ ਨੂੰ
ਸਰਾਪ ਬੇਵਫਾਈ ਦਾ
ਤੇਰੇ ਰੰਗ ਜਿੰਨਾ ਚਿੱਟਾ
ਫਿਰ ਦਿਨ ਨਾ ਚੜ੍ਹੇ।

# ਕੁਦਰਤ ਦੀ ਖ਼ੂਬਸੂਰਤੀ ਨੂੰ ਲਫਜਾਂ ਵਿਚ ਪ੍ਰੋਣ ਵਾਲੀ ਖ਼ੂਬਸੂਰਤ ਕਲਮ : ਕੰਵਰਪ੍ਰੀਤ ਕੌਰ ਮਾਨ




ਪ੍ਰੀਤਮ ਲੁਧਿਆਣਵੀ
9876428641

ਮਾਲਵੇ ਦੇ ਜਿਲ੍ਹਾ ਫਾਜ਼ਿਲਕਾ ਵਿਚ ਪੈਂਦੇ ਪਿੰਡ ਪੰਜਾਵਾ ਮਾਡਲ ਵਿਖੇ ਸ੍ਰ. ਸੁਖਦੇਵ ਸਿੰਘ ਮਾਨ (ਪਿਤਾ) ਅਤੇ ਸ੍ਰੀਮਤੀ ਬਲਜਿੰਦਰ ਕੌਰ (ਮਾਤਾ) ਦੇ ਵਿਹੜੇ ਨੂੰ ਭਾਗ ਲਾਉਣ ਵਾਲੀ ਕੰਵਰਪ੍ਰੀਤ ਕੌਰ ਮਾਨ, ਜਿਸਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਸੇ ਸਾਲ 2021 ਵਿਚ ਹੀ ਪੰਜਾਬੀ ਵਿੱਚ ਐਮ. ਏ. ਪੂਰੀ ਕੀਤੀ ਹੈ, ਨੇ ਛੋਟੀਆਂ ਜਮਾਤਾਂ ਵਿੱਚ ਹੀ ਕਵਿਤਾਵਾਂ ਦੀਆਂ ਚੰਗੀਆਂ ਲਾਈਨਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਬੀ. ਏ. ਵਿੱਚ ਜਾਕੇ ਉਸ ਦਾ ਕਲਮੀ ਸਫ਼ਰ ਖੁੱਲ੍ਹਕੇ ਮੈਦਾਨ ਵਿਚ ਨਿਕਲ ਤੁਰਿਆ ਤੇ ਬਾਅਦ ਵਿਚ ਹੌਲੀ -ਹੌਲੀ ਉਸਦੀ ਕਲਮ ਨੇ ਹੋਰ ਵੀ ਰਵਾਨਗੀ ਫੜ ਲਈ। ਲਗਨ, ਮਿਹਨਤ, ਸ਼ੌਂਕ ਤੇ ਸੰਘਰਸ਼ ਦੇ ਨਤੀਜਨ ਕੰਵਰਪ੍ਰੀਤ ਨੇ 'ਹਰਫਾਂ ਦਾ ਗੰਜ' ਆਪਣੀ ਪਲੇਠੀ






ਕਾਵਿ-ਪੁਸਤਕ ਪਾਠਕਾਂ ਦੀ ਝੋਲੀ ਪਾਈ। ਇਕ ਮੁਲਾਕਾਤ ਦੌਰਾਨ ਕੰਵਰਪ੍ਰੀਤ ਨੇ ਦੱਸਿਆ ਕਿ ਇਸ ਕਿਤਾਬ ਵਿੱਚ ਕੁਦਰਤ ਦੇ ਰੰਗ ਤੇ ਸੁਹੱਪਣ, ਰੂਹ ਦੇ ਵਲਵਲੇ ਅਤੇ ਪਰਮਾਤਮਾ ਦੀ ਮਹਿਮਾ ਨੂੰ ਬਿਆਨ ਕੀਤਾ ਗਿਆ ਹੈ। 'ਮੇਰੀ, ਮੇਰੇ ਨਾਲ ਮੁਲਾਕਾਤ', 'ਨਿੱਤ ਨਵੀਂ ਕੁਦਰਤ', 'ਹਵਾ ਦੀ ਸਾਰੰਗੀ', 'ਖੁਦਾ ਦਾ ਰੂਪ', 'ਸ਼ਬਦਾਂ ਦਾ ਸ਼ੋਰ', 'ਅਸਮਾਨ ਤੋਂ ਉੱਚੇ ਖਿਆਲ' ਅਤੇ 'ਖਾਮੋਸ਼ੀਆਂ ਦਾ ਹੁੰਗਾਰਾ' ਆਦਿ ਵਿਸ਼ਿਆਂ ਦੀਆਂ ਕਵਿਤਾਵਾਂ ਤੋਂ ਇਲਾਵਾ ਹੋਰ ਪ੍ਰੇਰਨਾਦਾਇਕ ਕਵਿਤਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ, ਇਸ ਵਿਚ। ਕੰਵਰਪ੍ਰੀਤ ਦੀ ਕਲਮ ਦਾ ਰੰਗ ਦੇਖੋ :

''ਧੁੱਪਾਂ ਨੂੰ ਕਦੇ ਨਾਗ ਨਹੀਂ ਡੰਗਦੇ।
ਹਵਾਵਾਂ ਤੋਂ ਸੂਰਜ ਨਹੀਂ ਸੰਗਦੇ।
ਧਰਤ ਦੀ ਫੁਲਕਾਰੀ ਤੇ ਕਿਸ ਨੇ ਤੋਪੇ ਭਰੇ ਨੇ?
ਅੰਬਰ ਜਿਹੇ ਮੋਤੀ ਕਿਸੇ ਨੇ ਬਾਣਿਆਂ 'ਚ ਜੜੇ ਨੇ?
ਚਾਨਣ ਨੂੰ ਕੋਈ ਕੈਦ ਨਹੀਂ ਕਰਦਾ।
ਹੌਸਲਿਆਂ ਬਿਨ ਉਡਾਰੀ ਨਹੀਂ ਭਰਦਾ।
ਕੁਦਰਤ ਵਰਗੇ ਰੰਗ ਕਿਸਨੇ ਭਰੇ ਨੇ?
ਸੁੱਕੇ ਪੱਤੇ ਕਦ ਹੋਏ ਹਰੇ ਨੇ।
ਹੋਰ ਵੀ ਗਹਿਰੇ ਰਾਜ ਬੜੇ ਨੇ,
ਕੁਦਰਤ ਦੇ ਲੰਮੇਰੇ ਸਾਜ਼ ਬੜੇ ਨੇ।
ਕਾਦਰ ਦਾ ਕਿਸੇ ਅੰਤ ਨਹੀਂ ਪਾਇਆ,
ਮੈਂ ਉਸ ਦੀ ਰਹਿਮਤ ਦੀ ਛਾਇਆ।''

ਅਜਿਹੀਆਂ ਹੋਰ ਕਿੰਨੀਆਂ ਹੀ ਕਵਿਤਾਵਾਂ ਵਿੱਚ ਕੁਦਰਤ ਦੀ ਖ਼ੂਬਸੂਰਤੀ ਨੂੰ ਲਫਜਾਂ ਵਿਚ ਪਰੋਇਆ ਹੈ।

ਕੰਵਰਪ੍ਰੀਤ ਕੌਰ ਨੇ ਕਵਿਤਾਵਾਂ ਤੋਂ ਇਲਾਵਾ ਸਮਾਜਿਕ ਵਿਸ਼ਿਆਂ 'ਤੇ ਕਹਾਣੀਆਂ ਵੀ ਲਿਖੀਆਂ ਹਨ। ਪਿਛਲੇ ਦਿਨੀਂ ਹੀ ਸਪੋਕਸਮੈਨ ਅਖਬਾਰ ਵਿੱਚ ਉਸ ਦੀ ਕਹਾਣੀ, 'ਚੰਨੋ'' ਛਪੀ ਹੈ, ਜਿਸ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਕੁਦਰਤ, ਆਤਮਾ ਤੇ ਪ੍ਰਮਾਤਮਾ ਨਾਲ ਸੰਬੰਧਿਤ ਗੱਲਾਂ ਕਰਨ ਦੇ ਨਾਲ-ਨਾਲ ਪ੍ਰੇਰਨਾਦਾਇਕ ਸਮਾਜਿਕ ਵਿਸ਼ਿਆਂ ਦੀ ਸਿਰਜਣਹਾਰ ਕਵਿੱਤਰੀ ਤੇ ਕਹਾਣੀਕਾਰਾ ਕੰਵਰਪ੍ਰੀਤ ਦੀ ਕਲਮੀ ਧਾਰਾ ਇਸੇ ਤਰਾਂ ਨਿਰੰਤਰ ਵਗਦੀ ਹਿਰਦਿਆਂ ਨੂੰ ਸ਼ਾਂਤ ਕਰਦੀ ਰਵ੍ਹੇ, ਦਿਲੀ ਦੁਆਵਾਂ ਤੇ ਸ਼ੁੱਭ ਇੱਛਾਵਾਂ ਹਨ, ਇਸ ਮੁਟਿਆਰ ਲਈ ਮੇਰੀਆਂ ।

# ਪ੍ਰਸਿੱਧ ਲੋਕ-ਗਾਇਕ ਕਸ਼ਮੀਰਾ ਦੁਆਬੀਆ ਨੂੰ ਭਾਰੀ ਸਦਮਾ, ਪਿਤਾ ਨਹੀਂ ਰਹੇ



**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)-** ਅਲਗੋਜਿਆਂ ਦੀ ਗਾਇਕੀ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸ੍ਰੀ ਕਾਬਲ ਦੁਆਬੀਆ ਜੀ (90) ਲੰਬੀ ਬਿਮਾਰੀ ਤੋਂ ਬਾਦ 30 ਜੁਲਾਈ, 2021 ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ। ਸ੍ਰ.ਕਾਬਲ ਦੁਆਬੀਆ ਜੀ ਦਾ ਨਾਂ ਪੁਰਾਣੇ ਕਲਾ-ਪ੍ਰੇਮੀਆਂ ਦੇ ਬੱਚੇ ਬੱਚੇ ਦੀ ਜੁਬਾਨ ਉਤੇ ਗੂੰਜਦਾ ਸੀ। ਉਨ੍ਹਾਂ ਨੇ ਇਕ ਲੰਬਾ ਅਰਸਾ ਅਲਗੋਜ਼ਾ ਵਾਦਕ ਹੋਣ ਦੀ ਆਪਣੀ ਝੰਡੀ ਗੱਡੀ ਰੱਖੀ। ਉਹ ਦੁ-ਆਬੇ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿਚ ਪੈਂਦੇ ਮਸ਼ਹੂਰ ਪਿੰਡ ਪੱਲੀਆਂ ਦੇ ਵਸਨੀਕ ਸਨ। ਪੱਲੀਆਂ ਪਿੰਡ ਦਾ ਨਾਂ ਉਚਾ ਕਰਨ ਵਿਚ ਜਿੱਥੇ ਉਨ੍ਹਾਂ ਨੇ ਆਪਣੀ ਜਾਨਦਾਰ ਤੇ ਸ਼ਾਨਦਾਰ ਕਲਾ ਨਾਲ ਇਕ ਅਹਿਮ ਰੋਲ ਨਿਭਾਇਆ, ਉਥੇ ਉਨ੍ਹਾਂ ਦਾ ਲਾਡਲਾ ਪੁੱਤਰ ਕਸ਼ਮੀਰਾ ਦੋਆਬੀਆ ਵੀ ਲੋਕ-ਗਾਇਕੀ ਖੇਤਰ ਵਿਚ ਲੰਬੇ ਸਮੇਂ ਤੋਂ ਆਪਣੀ ਗਾਇਕੀ ਨਾਲ ਆਪਣੇ ਪਿੰਡ ਦਾ ਸਿਰ ਉੱਚਾ ਕਰਦਾ ਆ ਰਿਹਾ ਹੈ। ਪਿਤਾ ਵਾਂਗ ਹੀ ਉਸ ਦਾ ਵੀ ਇਸ ਖੇਤਰ ਵਿਚ ਇਕ ਚਮਕਦਾ-ਦਮਕਦਾ ਨਾਂਓਂ ਹੈ। ਮੋਹਾਲੀ ਸ਼ਹਿਰ ਵਿਚ ਡੇਰੇ ਲਾਈ ਬੈਠਾ ਕਸ਼ਮੀਰਾ ਦੁਆਬੀਆ ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਨਾਲ ਤਿੰਨ ਦਹਾਕੇ ਦੇ ਲੰਬੇ ਸਮੇਂ ਤੋਂ ਜੁੜਿਆ ਚਲਿਆ ਆ ਰਿਹਾ ਹੈ। ਉਨ੍ਹਾਂ ਦੇ ਪਿਤਾ ਜੀ ਦੇ ਵਿਛੋੜੇ ਦੇ ਇਸ ਦੁਖਦਾਇਕ ਮੌਕੇ ਤੇ ਇਸ ਸੰਸਥਾ ਦੇ ਪ੍ਰਧਾਨ ਤੇ ਸੁਪ੍ਰਸਿੱਧ ਗੀਤਕਾਰ ਸ੍ਰ. ਲਾਲ ਸਿੰਘ ਲਾਲੀ ਜੀ ਦੀ ਪ੍ਰਧਾਨਗੀ ਹੇਠ ਸੰਸਥਾ ਦੀ ਓਨ-ਲਾਈਨ ਸ਼ੋਕ ਇਕੱਤਰਤਾ ਹੋਈ। ਜਿਸ ਵਿਚ ਦੋ ਮਿੰਟ ਦਾ ਮੋਨ ਧਾਰਨ ਕਰਦਿਆਂ ਵਿਛੜੀ ਰੂਹ ਨੂੰ ਸੇਜਲ ਅੱਖਾਂ ਨਾ਼ਲ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਉਨ੍ਹਾਂ ਨੂੰ ਆਪਣੇ ਚਰਨਾਂ 'ਚ ਥਾਂ ਦੇਣ ਅਤੇ ਪਿੱਛੇ ਉਨ੍ਹਾਂ ਦੇ ਦੁਖੀ ਸਮੁੱਚੇ ਦੁਆਬੀਆ ਪਰਿਵਾਰ ਨੂੰ ਇਹ ਅਸਹਿ ਸਦਮਾ ਸਹਿਣ ਦਾ ਬਲ ਬਖ਼ਸ਼ਣ ਲਈ ਅਕਾਲ-ਪੁਰਖ ਅੱਗੇ ਦੁਆਵਾਂ ਕੀਤੀਆਂ ਗਈਆਂ। ਇਸ ਸ਼ੋਕ-ਇਕੱਤਰਤਾ ਵਿਚ ਪੰਜਾਬ ਦੇ ਅੱਡ-ਅੱਡ ਥਾਵਾਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਗੀਤ-ਸੰਗੀਤ ਪ੍ਰੇਮੀਆਂ ਨੇ ਭਾਗ ਲਿਆ। ਸਭਨਾਂ ਵਲੋਂ ਦੁਖੀ ਦੁਆਬੀਆ-ਪਰਿਵਾਰ ਲਈ ਸ਼ੋਕ-ਸੁਨੇਹੇ ਭੇਜੇ ਗਏ। ਲਾਲ ਸਿੰਘ ਲਾਲੀ ਜੀ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਸ੍ਰੀ ਕਾਬੁਲ ਦੁਆਬੀਆ ਜੀ ਦੇ ਤੁਰ ਜਾਣ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰ ਨੂੰ ਨਾ ਪੂਰੇ ਜਾਣ ਵਾਲਾ ਘਾਟਾ ਪੈ ਗਿਆ ਹੈ, ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਨੂੰ ਵੀ ਆਪਣੇ ਸਾਥੀ ਦੇ ਪਿਤਾ ਜੀ ਦੇ ਤੁਰ ਜਾਣ ਨਾਲ ਬਹੁਤ ਦੁੱਖ ਅਤੇ ਧੱਕਾ ਲੱਗਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜਨਜਾਤੀ ਇਸਤਰੀਆਂ ਦੀ ਬਦਹਾਲੀ ਵਾਲੀ ਸਿਹਤ ਲਈ ਮੌਜੂਦਾ ਰਾਜਸੀ ਢਾਚਾਂ ਜਿੰਮੇਵਾਰ?

ਆਜ਼ਾਦੀ ਬਾਦ ਵੀ ਦੇਸ਼ ਦੇ ਬਹੁਤ ਸਾਰੇ ਪਛੜੇ, ਦੂਰ ਦੁਰੇਡੇ ਇਲਾਕਿਆਂ ਅਤੇ ਬਣ ਖੇਤਰਾਂ 'ਚ ਨਿਵਾਸ ਕਰਦੇ ਬਹੁਤ ਸਾਰੇ ਜਨਜਾਤੀ ਅਤੇ ਕਬਾਇਲੀ ਲੋਕਾਂ ਦੀਆਂ, ਇਸਤਰੀਆਂ ਦੀਆਂ ਸਮਾਜਿਕ, ਆਰਥਿਕ, ਰਹਿਣ-ਸਹਿਣ, ਮਿਲਣ-ਜੁਲਣ ਅਤੇ ਖਾਸ ਕਰਕੇ ਸਿਹਤ ਸਬੰਧੀ ਸਮੱਸਿਆਵਾਂ ਅੱਜ ਵੀ ਬਦ-ਤੋਂ ਬਦਤਰ ਹਾਲਤ ਵਿੱਚ ਹਨ। ਇਕ ਰੀਪੋਰਟ ਅਨੁਸਾਰ, ਜਨਜਾਤੀ ਇਲਾਕਿਆਂ ਵਿੱਚ ਖਾਸ ਕਰਕੇ ਇਸਤਰੀਆਂ ਦੀਆਂ ਜੀਵਨ ਸਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਦੇ ਮਾਮਲੇ ਵਿਚ ਸਰਕਾਰਾਂ, ਪੂਰੀ ਤਰ੍ਹਾਂ ''ਉਦਾਸਹੀਣ'' ਦਿਸ ਰਹੀਆਂ ਹਨ ? ਸਗੋਂ ਤੇ ਉਨ੍ਹਾਂ ਨੂੰ ਮੁੱਖ ਬੁਨਿਆਦੀ ਸਹੂਲਤਾਂ ਉਪੱਲਬੱਧ ਕਰਾਉਣ ਵਿਚ ਸਰਕਾਰਾਂ ਆਨਾਂ-ਕਾਨੀ ਕਰ ਰਹੀਆਂ ਹਨ। ਪਿਛਲੇ ਡੇਢ ਸਾਲ ਤੋਂ ਕੋਵਿਡ-19 ਦੀ ਮਹਾਂਮਾਰੀ ਤੋਂ ਲੈ ਕੇ ਹੁਣ ਤੱਕ ਜੇਕਰ ਦੇਖਿਆ ਜਾਵੇ ਤਾਂ, ਇਸਤਰੀ ਵਰਗ ਹਰ ਪੱਖੋਂ ਕੰਮਜ਼ੋਰ ਹੀ ਰਿਹਾ ਹੈ। ਦੇਸ਼ ਦੀ ਅੱਧੀ ਅਬਾਦੀ ਨੂੰ ਆਪਣੀ ਜੀਵਨ-ਲੀਲਾ ਨੂੰ ਬਿਹਤਰ ਬਣਾਉਣ ਲਈ ਬੜਾ ਹੀ ਸੱਖਤ-ਸੰਘਰਸ਼ ਕਰਨਾ ਪੈ ਰਿਹਾ ਹੈ। ਪ੍ਰਤੂੰ ! ਦੂਸਰੇ ਪਾਸੇ ਸਰਕਾਰਾਂ ਵੱਲੋਂ ਇਨ੍ਹਾਂ ਕਬਾਇਲੀ ਤੇ ਜਨਜਾਤੀਆਂ ਦੀਆਂ ਇਸਤਰੀਆਂ ਨੂੰ ਸਮਾਜਿਕ ਪੱਖੋਂ ਬਿਹਤਰ ਸਹੂਲਤਾਂ, ਸਿਹਤ, ਵਿਦਿਆ, ਆਰਥਿਕ ਸਹੂਲਤਾਂ ਦੇਣ ਤੋਂ ਪਾਸਾ ਹੀ ਵੱਟਿਆ ਜਾ ਰਿਹਾ ਹੈ। ਉਨ੍ਹਾਂ ਦਾ ਜੀਵਨ ਬਦਹਾਲੀ ਕਾਰਨ, ਹਰ ਪੱਖੋਂ ਬਹੁਤ ਹੀ ਜਟਿਲ ਹੋ ਗਿਆ ਹੈ।

ਇਸਤਰੀਆਂ ਸਮਜ ਦਾ ਪੱਛੜਿਆ ਵਰਗ ਹੋਣ ਦੇ ਬਾਵਜੂਦ ਵੀ ਦੇਸ਼ ਦੇ ਵਿਕਾਸ ਵਿੱਚ ਪੂਰਨ-ਰੂਪ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੀਆਂ ਹਨ। ਇਸਤਰੀ ਕੇਵਲ ਜਨਨੀ ਹੀ ਨਹੀਂ ? ਸਗੋਂ ਤੇ ਉਹ ਇੱਕ ਚੰਗੀ ਸਿਹਤਮੰਦ ਕਾਮੇ ਵਜੋਂ ਸਮਾਜ ਦੀ ਅਗਵਾਈ ਵੀ ਕਰ ਰਹੀ ਹੈ । ਪ੍ਰਤੂੰ ! ਕੋਵਿਡ-19 ਕਾਰਨ ਪੈਦਾ ਹੋਏ ਆਰਥਿਕ ਹਾਲਾਤਾਂ ਵਿਚ ਉਹ ਆਪਣੀ ਚੰਗੀ ਸਿਹਤ ਦੀ ਸਾਂਭ-ਸੰਭਾਲ ਤਾਂ ਹੀ ਕਰ ਸਕਦੀ ਹੈ, ਜੇਕਰ ਘਰ ਵਿੱਚ ਕੋਈ ਆਮਦਨ ਦੇ ਵਸੀਲੇ ਹੋਣਗੇ ? ਜਦ ਕਿ ਕਰੋਨਾ ਦੌਰਾਨ, ਇਸਤਰੀਆਂ ਦੀ ਸਿਹਤ-ਸੰਭਾਲ ਦੀ ਦੇਖ-ਭਾਲ ਕਰਨੀ ਬਹੁਤ ਜ਼ਰੂਰੀ ਹੈ। ਇਸਤਰੀ ਹਰ ਪ੍ਰੀਵਾਰ ਦਾ ਧੁਰਾ ਹੁੰਦੀ ਹੈ। ਮਹਾਨ ਸਮਾਜਿਕ ਚਿੰਤਨ, ਵਿਗਿਆਨੀ, ''ਚਾਰਲਸ-ਫੋਰੀਅਰ'' ਨੇ ਕਿਹਾ ਹੈ, ''ਕਿ ਕਿਸੇ ਦੇਸ਼ ਦੀ ਜਮਹੂਰੀਅਤ ਨੂੰ ਨਾਪਣ ਲਈ ਇਹ ਦੇਖੋ, ਕਿ ਉਸ ਦੇਸ਼ ਵਿੱਚ ਇਸਤਰੀ ਦੀ ਦਸ਼ਾ ਕੀ ਹੈ ? ਕਿਸੇ ਵੀ ਦੇਸ਼ ਵਿੱਚ ਇਸਤਰੀ ਦੀ ਹਾਲਤ ਇਕ ਜਮਹੂਰੀਅਤ ਦਾ ''ਬੈਰੋਮੀਟਰ'' ਹੁੰਦੀ ਹੈ!'' ਭਾਵੇਂ! ਸੰਵਿਧਾਨਿਕ ਤੌਰ ਤੇ ਇਸਤਰੀਆਂ ਨੂੰ ਮਰਦ ਦੇ ਬਰਾਬਰ ਦਾ ਰੁਤਬਾ ਦਿੱਤਾ ਗਿਆ ਹੈ? ਪ੍ਰਤੂੰ ! ਹਕੀਕਤ ਇਸ ਤੋਂ ਉਲੱਟ ਹੈ?

ਸਿਹਤ ਪੱਖੋ ਦੇਸ਼ ਦੇ ਇਨ੍ਹਾਂ ਜਨਜਾਤੀ ਕਬਾਇਲੀ ਇਲਾਕਿਆਂ ਵਿੱਚ ਸਰਕਾਰੀ ਹਸਪਤਾਲਾਂ ਤ ਡਿਸਪੈਂਸਰੀਆਂ ਦੀ ਹਾਲਤ ਬਹੁਤ ਮੰਦਹਾਲੀ-ਵਾਲੀ ਹੈ। ਡਾਕਟਰੀ ਸਹੂਲਤਾਂ ਸਮੇਂ ਸਿਰ ਨਾ ਮਿਲਣ ਤੇ ਆਵਾਜਾਈ ਦੇ ਸਾਧਨਾ ਦੀ ਘਾਟ ਹੋਣ ਕਾਰਨ ਬਹੁਤ ਸਾਰੀਆਂ ਇਸਤਰੀਆਂ ਬੱਚੇ ਨੂੰ ਜਨਮ ਦੇਣ ਦੌਰਾਨ ਹੀ ਮਰ ਜਾਂਦੀਆਂ ਹਨ। ਦੂਰ-ਦੂਰੇਡੇ ਹਸਪਤਾਲ ਹੋਣ ਕਾਰਨ, ਆਉਣ ਜਾਣ ਦੇ ਸਾਧਨਾ ਦੀ ਘਾਟ, ਮਰੀਜ਼ ਨੂੰ ਕਈ ਵਾਰੀ ਸਮੇਂ ਸਿਰ ਡਾਕਟਰੀ ਸਹਾਇਤਾ ਨਾਂ ਮਿਲਣ ਕਾਰਨ ਉਹ ਕਈ ਗੰਭੀਰ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਰਕਾਰ ਵੱਲੋਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ''ਨਿਗੂਣਾ ਜਿਹਾ ਬਜਟ 2.23 ਕਰੋੜ ਰੁਪਏ ਦਾ ਰੱਖਿਆ ਗਿਆ ਹੈ''। ਇਸ ਬਜਟ ਦਾ ਲਾਭ ਗਰੀਬ ਅਤੇ ਕਬਾਇਲੀ ਇਲਾਕੇ ਦੇ ਲਾਭਪਾਤਰੀਆਂ ਨੂੰ ਨਹੀਂ ਮਿਲ ਰਿਹਾ ਹੈ। ਜਿਸ ਕਾਰਨ ਉਹ ਸਿਹਤ ਪੱਖੋਂ ਸਮੇਂ ਸਿਰ ਇਲਾਜ ਨਾ ਹੋਣ ਕਾਰਨ ਦਮ ਤੋੜ ਜਾਂਦੇ ਹਨ।

ਭਾਰਤ ਦੇ ਸੰਵਿਧਾਨ ਵਿੱਚ ਭਾਂਵੇਂ ! ਇਹ ਅੰਕਿਤ ਹੈ, ਕਿ ਦੇਸ਼ ਦੇ ਹਰ ਨਾਗਰਿਕ ਨੂੰ ਕੁੱਲੀ, ਗੁਲੀ, ਜੁੱਲੀ ਤੇ ਮੁੱਖ ਬੁਨਿਆਦੀ ਸਹੂਲਤਾਂ, ਬਿਨ੍ਹਾਂ ਲਿੰਗ, ਭਿੰਨ, ਭੇਦ ਮੁਤਾਬਿਕ ਦਿੱਤੀਆਂ ਜਾਣਗੀਆਂ ਪ੍ਰਤੂੰ ! ਇਹ ਸਾਰੇ ਵਾਅਦੇ ਅਤੇ ਬਿਆਨ ਸਿਰਫ਼ ਕਾਗਜ਼ੀ ਕਾਰਵਾਈ ਬਣ ਕੇ ਰਹਿ ਗਏ ਹਨ।ਅੱਜ ! ਭਾਵੇਂ ਅਸੀਂ ਆਰਥਿਕ ਤਰੱਕੀ ਤਾਂ ਕਰ ਲਈ ਹੈ, ਪ੍ਰਤੂੰ ਸਿਹਤ ਤੇ ਭੁੱਖ ਮਰੀ ਦਾ ਢਾਂਚਾ ਵਿਗੜ ਰਿਹਾ ਹੈ। ਖਾਸ ਕਰਕੇ ਜਨਜਾਤੀ ਤੇ ਕਬਾਇਲੀ ਇਸਤਰੀਆਂ ਦੀ ਸਿਹਤ ਸਬੰਧੀ ਸਮੱਸਿਆਵਾਂ ਦਾ ਸੂਚਕ ਅੰਕ ਆਰਥਿਕ ਤੇ ਸਮਾਜਿਕ ਸਬੰਧੀ ਸਮੱਸਿਆਵਾਂ ਨਾਲੋਂ ਕਿਤੇ ਵੱਧ ਹਨ। ਪੁਰਸ਼ਾਂ ਦੇ ਮੁਕਾਬਲੇ ਕਬਾਇਲੀ ਇਸਤਰੀਆਂ ਨੂੰ ਸਿਹਤ ਸਬੰਧੀ ਜਿੱਥੇ ਜਿਆਦਾ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਆਪਣੀ ਆਰਥਿਕਤਾ ਨੂੰ ਬਿਹਤਰ ਬਣਾਉਣ ਲਈ ਕੰਮ ਦੇ ਦੌਰਾਨ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਵੀ ਹੋ ਰਿਹਾ ਹੈ।

ਸਿਹਤ ਸਬੰਧੀ ਇਕ ਰੀਪੋਰਟ ਮੁਤਾਬਿਕ ਅਲੱਗ-ਅਲੱਗ ਜਨਜਾਤੀਆਂ ਦੇ ਕਬਾਇਲੀ ਇਲਾਕਿਆਂ, ਖਾਸ ਕਰਕੇ ਪੱਛਮੀ ਬੰਗਾਲ ਤੇ ਉਸ ਦੇ ਨਾਲ ਲਗਦੇ ਇਲਾਕਿਆਂ ਵਿੱਚ ਵਿਟਾਮਿਨ-ਬੀ ਦੀ ਮਿਕਦਾਰ 64.2 ਫ਼ੀ-ਸਦ ਇਸਤਰੀਆਂ 'ਚ ਘੱਟ ਪਾਈ ਗਈ ਹੈ। ਝਾਰਖੰਡ ਜਿਹੇ ਜਨਜਾਤੀ ਕਬਾਇਲੀਆਂ ਵਿੱਚ 73-ਫ਼ੀ-ਸਦ ਔਸਤ ਦੇ ਮੁਕਾਬਲੇ 82-ਫ਼ੀ-ਸਦ ਇਸਤਰੀਆਂ ਖ਼ੂੰਨ ਦੀ ਕਮੀ ਦਾ ਸ਼ਿਕਾਰ ਹਨ। ਝਾਰਖੰਡ ਅਤੇ ਪਛਮੀ ਬੰਗਾਲ ਵਿੱਚ 43-ਫ਼ੀਸਦ ਜਨਜਾਤੀ ਦੀਆਂ ਇਸਤਰੀਆਂ ਪ੍ਰਸੂਤੀ ਬੀਮਾਰੀਆਂ ਦੀਆਂ ਸ਼ਿਕਾਰ ਹਨ। ਨਾਂ ਤਾਂ ਉਨ੍ਹਾਂ ਨੂੰ ਕੋਈ ਸਿਹਤ ਸਬੰਧੀ ਗਾਈਡ ਕੀਤਾ ਜਾ ਰਿਹਾ ਹੈ ਅਤੇ ਨਾਂ ਹੀ ਕੋਈ ਸਹੀ ਇਲਾਜ ਤੇ ਦਵਾਈ ਦਿੱਤੀ ਜਾ ਰਹੀ ਹੈ। ਇਨ੍ਹਾਂ ਜਨਜਾਤੀਆਂ ਦੇ ਆਸ ਪਾਸ ਨਾ ਤਾਂ ਕੋਈ ਸਿਹਤ ਕੇਂਦਰ ਹਨ ਤੇ ਨਾ ਹੀ ਕੋਈ ਡਾਕਟਰ ਉਪਲੱਬਧ ਹੋਣ ਕਾਰਨ ਕਈ ਵਾਰੀ ਜਚਾ-ਬੱਚਾ ਦੌਰਾਨ ਮਾਂ ਦੀ ਸਿਹਤ ਖਰਾਬ ਹੋਣ ਕਾਰਨ ਬਹੁਤ ਸਾਰੇ ਬੱਚੇ ਸਮੇਂ ਤੋਂ ਪਹਿਲਾਂ ਹੀ ਪੈਦਾ ਹੋ ਰਹੇ ਹਨ ਅਤੇ ਕਈ ਸਮੇਂ ਸਿਰ ਇਲਾਜ ਨਾਂ ਹੋਣ ਕਾਰਨ ਮੌਤ ਦੇ ਮੂੰਹ ਵਿੱਚ ਹੀ ਚਲੇ ਜਾਂਦੇ ਹਨ। ਇਕ ਰੀਪੋਰਟ ਮੁਤਾਬਿਕ ਇਨ੍ਹਾਂ ਜਨਜਾਤੀ ਕਬਾਇਲੀ ਇਲਾਕਿਆਂ ਵਿੱਚ ਤਿੰਨ ਸਾਲ ਤੋਂ ਘੱਟ ਉਮਰ ਦੇ &;57-ਫ਼ੀ-ਸਦ ਬੱਚੇ ਘੱਟ ਭਾਰ ਦੇ ਪੈਦਾ ਹੁੰਦੇ ਹਨ। ਸਿਰਫ਼ 18-ਫ਼ੀ-ਸਦ ਗਰਭਵਤੀ ਜਨਜਾਤੀ ਦੀਆਂ ਇਸਤਰੀਆਂ ਨੂੰ ਟੈਟਨਸ ਦਾ ਟੀਕਾ ਮਿਲਦਾ ਹੈ। ਸਿਰਫ਼ 12-ਫ਼ੀ-ਸਦ ਨੂੰ ਹੀ ਫੋਲਿਕ ਐਸਿਡ ਆਇਰਨ ਦੀਆਂ ਗੋਲੀਆਂ ਹੀ ਮਿਲਦੀਆਂ ਹਨ। 69-ਫ਼ੀ-ਸਦ ਇਸਤਰੀਆਂ ਪਰੰਪਰਕ ਤਰੀਕਿਆਂ ਨਾਲ ਘਰ ਵਿੱਚ ਬੱਚੇ ਨੂੰ ਜਨਮ ਦੇ ਪਾਉਂਦੀਆਂ ਹਨ, 24-ਫ਼ੀ-ਸਦ ਦੋਸਤਾਂ ਤੇ ਰਿਸ਼ਤੇਦਾਰਾਂ ਰਾਹੀਂ, 7-ਫ਼ੀ-ਸਦ ਡਾਕਟਰ ਜਾ ਆਸ਼ਾ ਵਰਕਰਾਂ ਰਾਹੀਂ ਬੱਚੇ ਦਾ ਜਨਮ ਕੀਤਾ ਜਾਂਦਾ ਹੈ। ਪੂਰੀ ਸਿੱਖਿਆ ਨਾ ਮਿਲਣ ਕਾਰਨ, ਕਈ ਵਾਰੀ ਦੂਸਰੇ ਬੱਚੇ ਦਾ ਜਲਦੀ ਜਨਮ ਹੋਣ ਨਾਲ ਵੀ ਮਾਂ ਤੇ ਬੱਚੇ ਦੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਕਬਾਇਲੀ ਤੇ ਜਨਜਾਤੀ ਦੇ ਇਲਾਕਿਆਂ ਵਿੱਚ ਜਿਆਦਾਤਰ ਮੌਤਾਂ ਡਾਇਰੀਆ, ਸਾਹ ਜਿਹੀਆਂ ਬਿਮਾਰੀਆਂ ਤੇ ਖ਼ੂੰਨ ਦੀ ਘਾਟ ਦੀ ਸਮੱਸਿਆ ਪੈਦਾ ਹੋਣ ਨਾਲ ਹੁੰਦੀਆਂ ਹਨ।

ਜੇਕਰ ਦੇਖਿਆ ਜਾਵੇ ਤਾਂ ਪਿਛਲੇ ਕਾਫੀ ਸਮੇਂ ਤੋਂ ਦੇਸ਼ ਦਾ ਸਿਹਤ ਢਾਂਚਾ ਚਿਰਮਰਾ ਰਿਹਾ ਹੈ। ਇਸ ਸਮੇਂ ਦੇਸ਼ ਵਿੱਚ ਸਿਹਤ ਸਬੰਧੀ &;ਦੇਖ-ਭਾਲ ਦੇ ਤਿੰਨ ਢੰਗ ਤਰੀਕੇ ਹਨ। ਸਭ ਤੋਂ ਥਲੇ ਪਿੰਡਾਂ ਤਕ ਸਿਹਤ ਕੇਂਦਰ ਹਨ ਪਰ ਉਹ 'ਨਾ' ਨੂੰ ਹੀ ਹਨ। ਉਥੇ ਮਰੀਜ਼ਾਂ ਨੂੰ ਕੋਈ ਸਹੂਲਤ ਨਹੀਂ ਮਿਲਦੀ ਤੇ ਨਾ ਹੀ ਕੋਈ ਡਾਕਟਰ &;ਉਪਲਬੱਧ ਹਨ। ਦੂਸਰਾ ਜ਼ਿਲ੍ਹਿਆਂ ਵਿੱਚ ਹਸਪਤਾਲਾਂ ਦੇ ਰੂਪ ਵਿੱਚ ਮਰੀਜ਼ਾ ਨੂੰ ਸਿਹਤ ਸਬੰਧੀ ਸਹੂਲਤਾਂ ਮਿਲਦੀਆਂ ਹਨ। ਤੀਸਰੇ ਆਧੁਨਿਕ ਦੇਖਭਾਲ ਵਾਲੇ ਮੁੱਖ ਹਸਪਤਾਲਾਂ ਦਾ ਨਾਮ ਆਉਂਦਾ ਹੈ, ਜਿੱਥੇ ਵੱਧ ਪੈਸੇ ਲੈ ਕੇ ਇਲਾਜ ਦੇ ਨਾਂ ਤੇ ਲੁੱਟ ਜਾਰੀ ਹੈ। ਜੇਕਰ ਹਸਪਤਾਲਾਂ ਵਿੱਚ ਪੂਰਨ ਰੂਪ ਵਿੱਚ ਸਹੂਲਤਾਂ ਦੀ ਗੱਲ ਕੀਤੀ ਜਾਵੇ ਤਾਂ ਜ਼ਿਲ੍ਹਾ ਕੇਂਦਰ ਹਸਪਤਾਲਾਂ ਵਿਚ ਵੀ ਜ਼ਿਆਦਾਤਰ ਸੌ ਤੋਂ ਪੰਜ੍ਹ ਸੌ (500) ਬਿਸਤਰੇ ਹੀ ਹਨ ਜੋ ਹਰ ਜ਼ਿਲੇ ਵਿੱਚ ਇਕ ਲੱਖ ਤੋਂ ਦਸ ਲੱਖ ਨਾਗਰਿਕਾਂ ਨੂੰ ਸੇਵਾਵਾਂ ਦਿੰਦੇ ਹਨ। ਜ਼ਿਲ੍ਹਾ ਹਸਪਤਾਲਾਂ ਵਿੱਚ ਪਹਿਲੀ ਵਾਰ ਸਿਹਤ ਸਬੰਧੀ ਨਿਰਦੇਸ਼-2007 ਵਿੱਚ ਜਾਰੀ ਕੀਤੇ ਗਏ ਸਨ। ਫਿਰ -2012 ਵਿਚ ਸੋਧ ਕੀਤੀ ਗਈ। ਸਿਹਤ ਤੇ ਪ੍ਰੀਵਾਰ ਕਲਿਆਣ ਮੰਤਰਾਲੇ ਨੇ -2017 'ਚ ਮਲਟੀ ਸਪੈਸ਼ਲਟੀ ਦੇਖਭਾਲ ਲਈ ਜ਼ਿਲ੍ਹਾ ਹਸਪਤਾਲਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰਤੂੰ ! ਇਹ ਯੋਜਨਾਵਾਂ ਸਿਰੇ ਨਹੀਂ ਚੜ੍ਹ ਸਕੀਆਂ। ਜੇਕਰ ਪਿਛਲੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਅੱਸੀ ਦੇ ਦਹਾਕੇ ਦੌਰਾਨ ਦੇਸ਼ ਦੇ ਬਹੁਤ ਸਾਰੇ ਹਸਪਤਾਲਾਂ ਦਾ ਪ੍ਰਬੰਧ ਬਹੁਤ ਚੰਗਾ ਸੀ। ਪ੍ਰਤੂੰ ਬਾਦ ਵਿੱਚ ਇਨ੍ਹਾਂ ਹਸਪਤਾਲਾਂ ਦਾ ਹੌਲੀ ਹੌਲੀ ਪ੍ਰਬੰਧ ਵਿਗੜਦਾ ਹੀ ਗਿਆ। ਕਿਉਂਕਿ ? ਕੇਂਦਰ ਤੇ ਰਾਜ ਸਰਕਾਰਾਂ ਵੱਲੋਂ, ਇਨ੍ਹਾਂ ਹਸਪਤਾਲਾਂ ਦਾ ਪ੍ਰਬੰਧ, ਦੇਖ-ਭਾਲ, ਤਜ਼ਰਬੇਕਾਰ ਡਾਕਟਰ ਅਤੇ ਹਸਪਤਾਲਾਂ ਲਈ ਦਵਾਈ, ਸਿਹਤ ਸਬੰਧੀ ਉਪਕਰਨ ਦੀ ਅਤੇ ਬੈਡਾਂ ਦੀ ਘਾਟ ਹੁੰਦੀ ਗਈ।

-1990 ਤੋਂ ਬਾਦ ਦੇਸ਼ ਵਿੱਚ ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਤੋਂ ਬਾਦ ਸਿਹਤ, ਵਿਦਿਆ ਤੇ ਹੋਰ ਮਹਿਕਮਿਆਂ ਵਿੱਚ ਨਿਘਾਰ ਹੀ ਆਉਂਦਾ ਗਿਆ। ਖਾਸ ਤੌਰ ਤੇ ਦੂਰ ਦੁਰੇਡੇ ਰਹਿੰਦੇ ਜਨਜਾਤੀ, ਆਦਿਵਾਸੀ ਇਲਾਕਿਆਂ ਦੀ ਹਾਲਤ ਸਿਹਤ ਪੱਖੋਂ ਹੋਰ ਵੀ ਵਿਗੜ ਗਈ। ਹਸਪਤਾਲਾਂ ਦੀ ਮਾੜੀ ਹਾਲਤ ਅਤੇ ਦਵਾਈਆਂ ਨਾ ਮਿਲਣੀਆਂ, ਡਾਕਟਰੀ ਸਹਾਇਤਾਂ ਖਾਸ ਕਰਕੇ ਮੈਡੀਕਲ, ਵਿੱਦਿਆ ਦੀ ਘਾਟ ਕਾਰਨ ਇਹ ਗ਼ਰੀਬ ਤੇ ਪਛੜੇ ਲੋਕ ਝਾੜ-ਫੂਕ, ਜੜੀ ਬੂਟੀਆਂ ਤੇ ਪਾਖੰਡੀ ਬਾਬਿਆਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ ਤੇ ਇਹੋ ਜਿਹੇ ਇਲਾਜਾਂ ਵਿੱਚ ਹੀ ਯਕੀਨ ਰੱਖਦੇ ਹਨ। ਇਨ੍ਹਾਂ ਜਨਜਾਤੀ ਲੋਕਾਂ ਦੀ ਤਰਕੀ ਲਈ ਅਤੇ ਮੈਡੀਕਲ, ਸਿੱਖਿਆ ਤੇ ਸਹੂਲਤਾਂ ਦਾ ਸਰਕਾਰੀ ਤੌਰ ਤੇ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਣਾ ਲਾਜਮੀ ਬਣਾਇਆ ਜਾਣਾ ਚਾਹੀਦਾ ਹੈ ਤਾਂ ਹੀ ਅਸੀਂ ਇਨ੍ਹਾਂ ਜਨਜਾਤੀ ਤੇ ਕਬਾਇਲੀਆਂ ਨੂੰ ਦੇਸ਼ ਦੇ ਨਾਗਰਿਕਾਂ ਦੇ ਹਾਣ ਦਾ ਬਣਾ ਸਕਾਂਗੇ ?

ਇਨ੍ਹਾਂ ਜਨਜਾਤੀ ਆਦਿਵਾਸੀਆਂ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜਨ ਲਈ ਸਰਕਾਰਾਂ ਵੱਲੋਂ ਇਨ੍ਹਾਂ ਦੀਆ ਮੁੱਖ ਬੁਨਿਆਦੀ ਸਹੂਲਤਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦੀ ਚੰਗੀ ਸਿਹਤ, ਪੌਸ਼ਟਿਕ ਖੁਰਾਕ, ਵਿਦਿਆ, ਰੁਜ਼ਗਾਰ ਦੀ ਗਰੰਟੀ, ਰਹਿਣ ਸਹਿਣ ਲਈ ਚੰਗੇ ਮਕਾਨ, ਸਾਫ ਪੀਣ ਵਾਲਾ ਪਾਣੀ, ਆਵਾਜਾਈ ਦੇ ਸਾਧਨਾਂ ਨੂੰ ਯਕੀਨੀ ਬਣਾਇਆ ਜਾਵੇ ਤੇ ਇਨ੍ਹਾਂ ਕਬਾਇਲੀ ਲੋਕਾਂ ਦੇ ਮਸਲਿਆਂ ਨੂੰ ਨਜਿੱਠਣ ਦੀ ਪਹਿਲ ਕਦਮੀ ਕੀਤੀ ਜਾਵੇ ਤੇ ਸਭਿਆਚਾਰਕ ਤੌਰ ਤੇ ਭਾਇ-ਚਾਰਕ ਸਾਂਝ ਬਣਾਈ ਜਾਵੇ। ਚੰਗੀ ਸਿਹਤ ਲਈ, ਪਛੜੇ ਕਬ-ਾਇਲੀ ਤੇ ਜੰਗਲਾਂ ਵਿੱਚ ਰਹਿਣ ਵਾਲੇ ਜਨਜਾਤੀ ਦੇ ਲੋਕਾਂ ਦੀ ਸਿਹਤ ਲਈ ਸਿਹਤ ਸਬੰਧੀ ਜਾਂਚ ਕਰਨ ਲਈ ਸਿਹਤ ਕੇਂਦਰ, ਉਨ੍ਹਾਂ ਦੀ ਚੰਗੀ ਖੁਰਾਕ, ਪੋਲੀਓ, ਟੈਟਨਸ ਤੇ ਹੋਰ ਬੀਮਾਰੀਆਂ ਸਬੰਧੀ ਟੀਕਾਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਵਿੱਚ ਕੁਪੋਸ਼ਣ ਨਾਲ ਹੋਣ ਵਾਲੀਆਂ ਬੀਮਾਰੀਆਂ ਤੇ ਕਾਬੂ ਪਾਇਆ ਜਾ ਸਕੇ। ਇਨ੍ਹਾਂ ਲਈ ਪੀਣ ਵਾਲੇ ਪਾਣੀ ਦਾ ਸਾਫ ਪ੍ਰਬੰਧ, ਸਾਫ ਸਫਾਈ ਦੇ ਨਾਲ-ਨਾਲ ਇਨ੍ਹਾਂ ਲੋਕਾਂ ਨੂੰ ਦੇਸ਼ ਦੀ ਸਮਾਜਿਕ, ਸੰਸਕ੍ਰਿਤੀ ਨਾਲ ਜੋੜਨ ਲਈ ਵੀ ਪਹਿਲ ਕਦਮੀ ਕਰਨੀ ਪਏਗੀ। ਇਨ੍ਹਾਂ ਪਛੜੇ ਇਲਾਕਿਆਂ ਵਿੱਚ ਸਿੱਖਿਆ ਤੇ ਪੜ੍ਹਾਈ ਦੇ ਮੁਢਲੇ ਪ੍ਰਬੰਧ ਨਾਂ ਹੋਣ ਕਾਰਨ ਉਹ ਕੋਰੇ ਅਨਪੜ੍ਹ ਹਨ। ਖਾਸ ਕਰਕੇ ਇਸਤਰੀਆਂ ਵਿੱਚ ਪਿਛੜਾਪਨ, ਅੰਧ ਵਿਸ਼ਵਾਸ਼ ਤੇ ਲਿੰਗਕ ਭੇਦ-ਭਾਵ ਦੀ ਵੀ ਉਹ ਸ਼ਿਕਾਰ ਹੈ। ਲੜਕੀਆਂ ਨੂੰ ਸਿਰਫ਼ ਘਰੇਲੂ ਕੰਮ, ਚੁੱਲ੍ਹਾ-ਚੌਕਾਂ, ਜੰਗਲਾਂ 'ਚੋਂ ਲਕੜੀਆਂ ਇੱਕਠੀਆਂ ਕਰਨੀਆਂ, ਪਸ਼ੂਆਂ, ਜਾਨਵਰਾਂ ਲਈ ਚਾਰਾ ਲਿਆਉਣ ਦੇ ਕੰਮਾਂ ਤੱਕ ਹੀ ਸੀਮਿਤ ਰੱਖਿਆ ਜਾ ਰਿਹਾ ਹੈ। ਸਗੋਂ ਤੇ ਇਨ੍ਹਾਂ ਲੜਕੀਆਂ ਨੂੰ ਪੜਾਈ ਕਿੱਤਾ ਅਤੇ ਰੂਜ਼ਗਾਰ ਮੁੱਖੀ ਕੰਮਾਂ 'ਚ ਸਿੱਖਿਅਤ ਕਰਨਾ ਚਾਹੀਦਾ ਹੈ। ਦੂਸਰਾ ਅੰਧ-ਵਿਸ਼ਵਾਸ਼ ਤੇ ਗਰੀਬੀ ਵੀ ਇਨ੍ਹਾਂ ਦੀ ਤਰੱਕੀ ਦੇ ਰਾਹ ਵਿੱਚ ਰੋੜਾ ਹੈ। ਗਿਆਨ-ਵਿਗਿਆਨ ਦੀ ਇਕ ਸਰਗਰਮ ਲਹਿਰ ਚਲਾਉਣੀ ਚਾਹੀਦੀ ਹੈ।

ਆਦਿਵਾਸੀ ਤੇ ਇਨ੍ਹਾਂ ਜਨਜਾਤੀ ਲੋਕਾਂ ਵਿੱਚ ਜਾਗ੍ਰਿਤੀ ਲਿਆਉਣ ਲਈ ਸਰਕਾਰ ਵਲੋਂ ਸਰਕਾਰੀ ਤੌਰ ਤੇ ਉਨ੍ਹਾਂ ਲਈ ਭਲਾਈ ਫੰਡ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੀ ਦੇਖ-ਭਾਲ ਲਈ ਇਲਾਕਿਆਂ ਵਿੱਚ ਰਹਿਣ ਲਈ ਚੰਗੀ ਵਿਵਸਥਾ, ਸਾਫ ਸਫਾਈ, ਪੀਣ ਲਈ ਸਾਫ ਪਾਣੀ, ਚੰਗੀ ਤੇ ਪੌਸ਼ਟਿਕ ਖੁਰਾਕ, ਬਸਤੀਆਂ ਦੀ ਪੱਕੀ ਵਿਵਸਥਾ, ਆਵਾਜਾਈ ਲਈ ਪੱਕੀਆਂ ਸੜਕਾਂ, ਸਕੂਲ, ਹਸਪਤਾਲ ਮੁਫਤ, ਦਵਾਈਆਂ ਮੁਫ਼ਤ, ਚੈਕ ਅਪ, ਸਮੇਂ-ਸਮੇਂ ਸਿਰ ਮੁਫਤ ਟੀਕੇ ਲਗਾਉਣ ਦਾ ਉਚੇਚਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਜਨਜਾਤੀਆਂ ਨੂੰ ਵੀ ਪੂਰੀਆਂ ਉਹੀ ਸਹੂਲਤਾਂ ਦਿੱਤੀਆਂ ਜਾਣ, ਜਿਹੜੀਆਂ ਦੇਸ਼ ਦੇ ਆਮ ਨਾਗਰਿਕਾਂ ਨੂੰ ਮਿਲ ਰਹੀਆਂ ਹਨ। ਸਿਹਤ ਸਮਾਜ ਦੀ ਸਥਾਪਨਾ ਲਈ ਕਬਾਇਲੀ ਤੇ ਪਛੜੇ ਜਾਤੀਵਾਸੀ ਵੀ ਸਮਾਜ ਦੇ ਵਿਕਾਸ ਵਿੱਚ ਉਨ੍ਹਾਂ ਹੀ ਯੋਗਦਾਨ ਪਾ ਰਹੇ ਹਨ, ਜਿਨ੍ਹਾਂ ਬਾਕੀ ਦੇਸ਼ ਵਾਸੀ। ਫਿਰ ਉਹ ਦੇਸ਼ ਵਿੱਚ ਹੋ ਰਹੇ ਵਿਕਾਸ ਤੋਂ ਕਿਉਂ ਵੰਚਿਤ ਰਹਿਣ ?



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਦੇਸ਼ ਦੇ ਪਛੜੇ ਕਬਾਇਲੀ ਅਤੇ ਵਣ ਇਲਾਕਿਆਂ ਦੇ ਲੋਕ ਕਰੋਨਾ ਦੇ ਦੂਰ ਪ੍ਰਭਾਵ ਤੋਂ ਅਜੇ ਬਾਹਰ ਨਹੀਂ ਆਏ ਹਨ। ਜਨਤਕ ਨਿਵੇਸ਼ 'ਚ ਅਜੇ ਵਾਧਾ ਨਹੀਂ ਹੋਇਆ ਹੈ। ਮੋਦੀ ਸਰਕਾਰ ਨੂੰ ਬੁਨਿਆਦੀ ਢਾਚਾਂ ਬਣਾਉਣ, ਰੁਜ਼ਗਾਰ ਤੇ ਮੰਗ ਪੈਦਾ ਕਰਨ ਲਈ ਵਧੇਰੇ ਪੂੰਜੀ ਲਾਉਣੀ ਚਾਹੀਦੀ ਹੈ। ਇਕ ਪਾਸੇ ਤਾਂ ਹਾਕਮ ਨੇ ਕੌਮੀ ਅਸਾਸਿਆਂ ਦੀ ਲੁੱਟ ਲਈ ਜਨਤਕ ਅਦਾਰਿਆਂ ਨੂੰ ਖੁੱਲ੍ਹੀ ਸੇਲ ਤੇ ਲਗਾ ਦਿੱਤਾ ਹੈ।

ਡੀਜਲ ਤੇ ਪੈਟਰੋਲ ਤੇ, ਹਦੋਂ ਵੱਧ ਲਗਾਏ ਟੈਕਸਾਂ ਤੋ੍ਹ ਆਇਆ ਪੈਸਾ ਕਿੱਥੇ ਗਿਆ ਹੈ? ਦੁੱਨੀਆਂ ਅੰਦਰ ਸਰਕਾਰਾਂ ਆਪਣੇ ਨਾਗਰਿਕਾਂ ਲਈ ਰੁਜ਼ਗਾਰ ਤੇ ਰੋਜ਼ੀ ਰੋਟੀ ਦੀ ਮਦਦ ਕਰ ਰਹੀਆਂ ਹਨ। ਪਰ! ਮੋਦੀ ਸਰਕਾਰ ਦੇ ਰਾਜ ਅੰਦਰ ਪਿਛਲੇ 6 ਸਾਲਾਂ ਦੌਰਾਨ ਹਰ ਖੇਤਰ 'ਚ ਰੁਜ਼ਗਾਰ ਖੁੱਸਿਆ ਹੈ। ਕੋਵਿਡ-19 ਅਜੇ ਖਤਮ ਹੋਣ ਵਾਲਾ ਨਹੀ ਹੈ ਅਤੇ ਲੋਕਾਂ ਨੂੰ ਇਸ ਮਹਾਂਮਾਰੀ ਤੋਂ ਵੈਕਸੀਨ ਰਾਹੀਂ ਹੀ ਬਚਾਇਆ ਜਾ ਸਕਦਾ ਹੈ। ਦੂਸਰਾ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਪੌਸ਼ਟਿਕ ਖੁਰਾਕ, ਭੋਜਨ ਦੀ ਪ੍ਰਾਪਤੀ, ਸਿਹਤ ਸਹੂਲਤਾਂ ਤੇ ਸਿੱਖਿਆ ਰਾਹੀਂ ਹੀ ਗਰੀਬੀ ਗੁਰਬਤ ਤੋਂ ਨਿਜਾਤ ਮਿਲ ਸਕਦੀ ਹੈ। ਦੇਸ਼ ਦੇ ਇਨ੍ਹਾਂ ਇਲਾਕਿਆਂ 'ਚ ਰਹਿੰਦੀ ਗਰੀਬ ਜਨਤਾ ਨੂੰ ਵੀ ਭਾਰਤ ਅੰਦਰ ਇਕ ਖੁਸ਼ਹਾਲ ਨਾਗਰਿਕ ਵਜੋਂ ਜਿਊਣ ਦਾ ਹੱਕ ਮਿਲਣਾ ਚਾਹੀਦਾ ਹੈ।

ਦੇਸ਼ ਦੇ ਆਦਿਵਾਸੀਆਂ ਇਲਾਕਿਆਂ ਦੇ ਲੋਕਾਂ ਦੀ ਸੰਸਕ੍ਰਿਤੀ ਨੂੰ ਮੋਦੀ ਸਰਕਾਰ ਅੰਦਰ ਹਿੰਦੂਤਵਾਂ ਵਿਚਾਰ ਧਾਰਾਵਾਂ ਦੇ ਵਾਹਕਾਂ ਆਰ.ਐਸ.ਐਸ. ਆਦਿਵਾਸੀ ਸੰਗਠਨਾਂ, ਜਿਹੜੇ ਇਤਿਹਾਸ ਦੇ ਬ੍ਰਹਮਣਵਾਦੀ ਸੰਸਕਰਨਾ ਅਨੁਸਾਰ ਆਦਿਵਾਸੀਆਂ ਨੂੰ 'ਵਣਵਾਸੀ' ਗਰਦਾਨਦੇ ਹਨ, ਤੋਂ ਵੱਡਾ ਖਤਰਾ ਪੈਦਾ ਹੋ ਗਿਆ ਹੈ। ਇਨ੍ਹਾਂ ਸੰਗਠਨਾਂ ਦੇ ਹਮਲਿਆਂ ਰਾਹੀਂ ਕਬਾਇਲੀ ਪਛਾਣ ਅਤੇ ਜੀਵਨ ਜਾਂਚ ਨੂੰ ਮਿਸ਼ਰਤ ਬਣ-ਾਉਣ ਅਤੇ ਹਿੰਦੂ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਖਾਸ ਕਰਕੇ ਬੱਚੀਆਂ ਤੇ ਇਸਤਰੀਆਂ ਤੇ ਹੋ ਰਹੇ ਤਰ੍ਹਾਂ-ਤਰ੍ਹਾਂ ਦੇ ਲਿੰਗਕ ਹਮਲਿਆਂ ਦਾ ਗ੍ਰਾਫ ਵਧਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ''ਗੌਣਵਣ'' ਉਪਜ ਇਕਤਰ ਕਰਨ ਦੇ ਪ੍ਰੰਪਰਿਕ ਰੋਟੀ-ਰੋਜ਼ੀ ਢੰਗਾਂ ਨੂੰ ਕਬਾਇਲੀ ਵਸੋਂ ਵਾਲੇ ਇਲਾਕਿਆਂ ਵਿੱਚ ਨਵਉਦਾਰਵਾਦੀ, ਪੂੰਜੀਵਾਦੀ ਨੀਤੀਆਂ ਦੇ ਹਮਲਿਆਂ ਰਾਹੀਂ ਤੋੜਿਆ ਭੰਨਿਆ ਜਾ ਰਿਹਾ ਹੈ।

ਆਦਿਵਾਸੀਆਂ ਦੇ ਜ਼ਮੀਨ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ, ਉਨ੍ਹਾਂ ਤੋਂ ਗੈਰ ਕਾਨੂੰਨੀ ਖੋਹੀਆਂ ਜਮੀਨਾਂ ਬਹਾਲ ਕਰਨ, ਜੰਗਲਾਤ ਅਧਿਕਾਰ ਕਾਨੂੰਨ ਨੂੰ ਪੂਰਨ ਰੂਪ ਵਿੱਚ ਲਾਗੂ ਕੀਤਾ ਜਾਵੇ। ''ਗੌਣਵਣ'' ਉਪਜ ਲਈ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ।

ਕਬਾਇਲੀ ਭਾਸ਼ਾਵਾਂ ਅਤੇ ਸੱਭਿਆਚਾਰ ਦੀ ਸੁਰੱਖਿਆ ਕੀਤੀ ਜਾਵੇ। 5-ਵੇਂ ਤੇ 6-ਵੇਂ ਸ਼ਡਿਊਲ ਅਤੇ 'ਪੇਸਾ' ਕਾਨੂੰਨਾਂ ਦੀ ਸੁਰੱਖਿਆ ਕੀਤੀ ਜਾਵੇ। ਜਿੰਨੀ ਤੇਜ਼ੀ ਨਾਲ ਕਬਾਇਲੀ ਖੇਤਰਾਂ ਅੰਦਰ ਇਸਤਰੀਆਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ 'ਚ ਵਾਧਾ ਹੋ ਰਿਹਾ ਹੈ, ਬਦਹਾਲੀ ਵੱਧ ਰਹੀ ਹੈ, ਇਸ ਦੇ ਮੁਲਅੰਕਣ ਰਾਂਹੀ ਦੇਸ਼ ਦੇ ਸਮਾਜਿਕ ਵਿਕਾਸ ਦਾ ਪਤਾ ਲੱਗ ਜਾਂਦਾ ਹੈ। ਅੱਜ ! ਭਾਰਤ ਗਰੀਬੀ, ਭੁੱਖ ਮਰੀ ਕਾਰਨ ਦੁੱਨੀਆਂ ਤੋਂ ਸਭ ਤੋਂ ਪਛੜਿਆ ਦੇਸ਼ ਹੈ ਅਤੇ ਇਸ ਤੋਂ ਵੱਧ ਪ੍ਰਭਾਵਿਤ ਜਨਨੀ ਇਸਤਰੀ ਭਾਵ ! ਮਾਂ ਹੈ। ਸਮਾਜਿਕ ਪ੍ਰੀਵਰਤਨ ਰਾਹੀਂ ਹੀ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਮੁਕਤੀ ਮਿਲ ਸਕਦੀ ਹੈ।

# (ਭੋਗ'ਤੇ ਵਿਸ਼ੇਸ਼) ਮਿਹਨਤੀ ਅਤੇ ਰੰਗੀਲੇ ਸੱਜਣ ਸਨ ਮਾਸਟਰ ਜਗਜੀਤ ਸਿੰਘ

ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮਾਂ ਮਾਝੀ ਸਕੂਲ ਵਿਖੇ ਬਤੌਰ ਮੈਥ ਮਾਸਟਰ ਸੇਵਾ ਨਿਭਾ ਰਹੇ ਮਾਸਟਰ ਜਗਜੀਤ ਸਿੰਘ ਲੰਬੀ ਬਿਮਾਰੀ ਨਾਲ ਜੂਝਦੇ ਹੋਏ ਆਖਿਰ ਇਸ ਦੁਨੀਆਂ ਨੂੰ ਸਵੇਰੇ 27 ਜੁਲਾਈ 2021 ਅਲਵਿਦਾ ਕਹਿ ਗਏ। ਉਨ੍ਹਾਂ ਦਾ ਜਨਮ ਸ. ਰਾਜਪਾਲ ਸਿੰਘ (ਐਕਸ-ਸਰਵਿਸਮੈਨ) ਦੇ ਘਰ ਸੰਗਰੂਰ ਵਿਖੇ ਹੋਇਆ। ਉਹ ਐਮ.ਏ.,ਬੀ.ਐਡ. ਸਨ।ਉਹ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਅਧਿਆਪਕ ਸਨ।ਉਹ ਹਮੇਸ਼ਾ ਚੜ੍ਹਦੀਕਲਾ 'ਚ ਰਹਿਣ ਵਾਲੇ ਸਨ। ਉਨ੍ਹਾਂ ਦੇ ਮਾਝੀ ਸਕੂਲ ਦੇ ਬੱਚਿਆਂ ਅਤੇ ਸਟਾਫ ਨਾਲ ਹਮੇਸ਼ਾ ਨਿੱਘੇ ਸਬੰਧ ਰਹੇ। ਉਨ੍ਹਾਂ ਦਾ ਮਾਝੀ ਸਕੂਲ ਨਾਲ ਮੋਹ ਹੋਣ ਕਾਰਨ ਉਨ੍ਹਾਂ ਕਦੇ ਬਦਲੀ ਕਰਾ ਕੇ ਨੇੜੇ ਜਾਣ ਦੀ ਨਹੀਂ ਸੋਚੀ। ਅਧਿਆਪਕ ਦਾ ਸਨਮਾਨ ਸਮਾਜ ਅੰਦਰ ਭਾਵੇਂ ਘਟਿਆ ਹੈ ਪਰ ਫਿਰ ਵੀ ਕਈ ਅਧਿਆਪਕਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ, ਇਹੋ ਜਿਹੇ ਹੀ ਇਨਸਾਨ ਸਨ ਸ. ਜਗਜੀਤ ਸਿੰਘ। ਉਹ 1997 ਵਿੱਚ ਬਤੌਰ ਜੇ.ਬੀ.ਟੀ. ਟੀਚਰ ਸਰਵਿਸ ਵਿੱਚ ਆ ਗਏ ਪਰ ਉਨ੍ਹਾਂ ਦੀ ਨਿਯੁਕਤੀ ਬਤੌਰ ਮੈਥ ਮਾਸਟਰ ਹੋਣ ਤੇ ਉਨ੍ਹਾਂ ਨੇ ਸ.ਹ.ਸ ਮਾਝੀ ਵਿਖੇ 1998 ਨੂੰ ਹਾਜ਼ਰ ਹੋ ਕੇ ਸੇਵਾ ਆਰੰਭ ਕਰ ਦਿੱਤੀ। ਉਨ੍ਹਾਂ ਦੀ ਆਪਣੇ ਗਣਿਤ ਦੇ ਔਖੇ ਵਿਸ਼ੇ ਨੂੰ ਪੜ੍ਹਾਉਣ ਲਈ ਪੂਰੀ ਪਕੜ ਸੀ। ਪੜ੍ਹਾਉਣ ਸਮੇਂ ਉਹ ਪੂਰੇ ਮਨ ਨਾਲ ਬੱਚਿਆਂ ਨੂੰ ਪੜ੍ਹਾਉਂਦੇ ਰਹੇ ਹਨ । ਸਕੂਲ ਦੇ ਵਿਕਾਸ ਲਈ ਹਮੇਸ਼ਾ ਸਰਗਰਮ ਰਹਿੰਦੇ ਸੀ, ਸਕੂਲ ਦੇ ਕਿਸੇ ਵੀ ਸਮਾਗਮ ਨੂੰ ਸਫ਼ਲ ਬਣਾਉਣ ਲਈ ਅਹਿਮ ਰੋਲ ਨਿਭਾਉਂਦੇ ਰਹੇ ਹਨ। ਸਟੇਜ਼ ਸਕੱਤਰ ਦੀ ਡਿਊਟੀ ਉਹ ਬਹੁਤ



ਵਧੀਆ ਢੰਗ ਨਾਲ ਨਿਭਾਉਂਦੇ ਸੀ, ਉਨ੍ਹਾਂ ਨੂੰ ਗਾਉਣ ਦਾ ਸ਼ੋਕ ਹੋਣ ਕਾਰਨ ਉਹ ਆਪ ਵੀ ਪ੍ਰੋਗਰਾਮ ਨਾਲ ਸਬੰਧਤ ਵਿਸ਼ੇ ਨਾਲ ਢੁਕਵਾਂ ਗੀਤ ਵੀ ਸੁਣਾਉਂਦੇ । ਉਹ ਸੱਚ ਮੁੱਚ ਇੱਕ ਰੰਗੀਲੇ ਸੱਜਣ ਸਨ। ਬੱਚਿਆਂ ਦੇ ਟੂਰ ਪ੍ਰੋਗਰਾਮ ਦੀ ਕਾਗਜ਼ੀ ਕਾਰਵਾਈ ਕਰਵਾਕੇ ਡੀ.ਈ.ਓ. ਦਫਤਰੋਂ ਪ੍ਰਵਾਨਗੀ ਲਿਆਉਣੀ,ਹੋਰ ਵੀ ਕਿਸੇ ਤਰ੍ਹਾਂ ਦੇ ਸੰਗਰੂਰ ਦੇ ਕੰਮ ਖੁਸ਼ ਹੋ ਕੇ ਕਰਦੇ ਸੀ। ਉਨ੍ਹਾਂ ਨੇ ਸੰਗਰੂਰ ਬਲਾਕ-2 ਦੇ ਬੀ.ਐਮ. ਮੈਥ ਦੀ ਡਿਊਟੀ ਵਧੀਆ ਤਰੀਕੇ ਨਾਲ ਦਿੱਤੀ, ਤਾਹੀਉਂ ਹੀ ਉਹ ਅਧਿਆਪਕਾਂ 'ਚ ਹਰਮਨ ਪਿਆਰੇ ਸੀ। ਉਨ੍ਹਾਂ ਦੇ ਪਟਿਆਲਾ ਵਿਖੇ ਸ਼ੰਸ਼ਕਾਰ ਮੌਕੇ ਮਾਝੀ ਅਤੇ ਹੋਰ ਸਕੂਲਾਂ ਦੇ ਬਹੁਤ ਸਾਰੇ ਅਧਿਆਪਕ ਵੀ ਹਾਜ਼ਰ ਸਨ। ਸੰਗਰੂਰ ਜਿਲ੍ਹੇ ਦੇ ਬਹੁਤ ਸਾਰੇ ਅਧਿਆਪਕਾਂ ਨੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਆਪਣਾ ਦੁੱਖ ਪ੍ਰਗਟ ਕੀਤਾ ਹੈ।

ਉਨ੍ਹਾਂ ਦੇ ਜਾਣ ਨਾਲ ਜਿਥੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਗੁਰਮੀਤ ਕੌਰ, ਬੇਟੀ ਸਿਮਰਨਪ੍ਰੀਤ ਕੌਰ ਅਤੇ ਬੇਟੇ ਅਮਨਪ੍ਰੀਤ ਸਿੰਘ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ, ਉਥੇ ਸਿੱਖਿਆ ਜਗਤ ਨੂੰ ਵੀ ਘਾਟਾ ਪਿਆ ਹੀ ਹੈ, ਉਥੇ ਮਾਝੀ ਸਕੂ਼ਲ ਨੂੰ ਵਿਸ਼ੇਸ ਤੌਰ ਤੇ ਘਾਟਾ ਪਿਆ ਹੈ, ਜਿਥੇ ਉਨ੍ਹਾਂ ਆਪਣੀ ਤਕਰੀਬਨ 23 ਸਾਲਾਂ ਦੀ ਸਰਵਿਸ ਬੜੇ ਹੀ ਨਿੱਘੇ ਪਰਿਵਾਰਕ ਮਾਹੌਲ ਵਾਂਗ ਹਮੇਸ਼ਾ ਚੜ੍ਹਦੀਕਲਾ 'ਚ ਰਹਿ ਕੇ ਆਖਰੀ ਸਵਾਸਾਂ ਤੱਕ ਨਿਭਾਈ।ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ ਭਾਖੜਾ ਇਨਕਲੇਵ ਕਲੋਨੀ ਦੇ ਗੁਰਦੁਆਰਾ ਸਾਹਿਬ, ਨੇੜੇ ਭਿੰਡਰ ਪੈਲੇਸ, ਸੰਗਰੂਰ ਰੋਡ ਪਟਿਆਲਾ ਵਿਖੇ ਦੁਪਿਹਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ।

# ਮਹਾਂਮਾਰੀ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਸਮਾਜਿਕ ਜੀਵਨ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਗਲੋਬਲ ਅਧਿਐਨ ਨੇ ਦਿਖਾਇਆ ਹੈ ਕਿ ਨੌਜਵਾਨ ਮਹਾਂਮਾਰੀ ਦੇ ਨਤੀਜੇ ਵਜੋਂ ਸਾਹਮਣੇ ਆਈਆਂ ਭਿੰਨ ਭਿੰਨ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੰਘਰਸ਼ ਕਰ ਰਹੇ ਹਨ.ਇਥੇ ਚਿੰਤਾ, ਉੱਚੇ ਤਣਾਅ ਦੇ ਪੱਧਰ ਅਤੇ ਉਦਾਸੀ ਨੂੰ ਕੁਝ ਸਮੱਸਿਆਵਾਂ ਵਜੋਂ ਦਰਸਾਇਆ ਗਿਆ ਹੈ.

ਜਦੋਂ ਸਿੱਖਿਆ ਦੀ ਗੱਲ ਆਉਂਦੀ ਹੈ, ਤਾਂ ਆਨਲਾਈਨ ਸਿਖਲਾਈ ਦੇ ਤਰੀਕਿਆਂ ਨੂੰ ਅਪਣਾਉਣ ਦੇ ਬਾਵਜੂਦ, ਵਿਘਨ ਪਾਉਣ ਵਾਲੇ ਅਧਿਐਨ ਪ੍ਰੋਗਰਾਮਾਂ ਦਾ ਮੁੱਖ ਮੁੱਦਾ ਰਿਹਾ ਹੈ।

ਅਕਾਦਮਿਕ ਘਾਟ ਮਾਰਚ 2020 ਤੋਂ ਆਨਲਾਈਨ ਸਿਖਲਾਈ ਦਾ ਵਿਧੀ ਬਣਨ ਦੇ ਨਾਲ, ਅਧਿਆਪਕ ਅਤੇ ਵਿਦਿਆਰਥੀ ਦੋਵੇਂ ਸੰਪਰਕ ਦੇ ਮੁੱਦਿਆਂ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਆਰਥਿਕ ਤੌਰ 'ਤੇ ਅਯੋਗ ਵਿਦਿਆਰਥੀਆਂ ਲਈ, ਡਿਵਾਈਸਾਂ ਤੱਕ ਪਹੁੰਚ ਦੀ ਘਾਟ ਇਕ ਹੋਰ ਸਮੱਸਿਆ ਹੈ. ਇਸਦਾ ਅਰਥ ਇਹ ਹੈ ਕਿ, ਇਕ ਅਧਿਆਪਕ ਦੀਆਂ ਸਰ-ਬੋਤਮ ਕੋਸ਼ਸ਼ਾਂ ਦੇ ਬਾਵਜੂਦ, ਇਹ ਸਵਾਲ ਉੱਠਿਆ ਹੈ ਕਿ ਉਹ ਕਿੰਨੇ ਵਿਦਿਆਰਥੀ ਤੱਕ ਪਹੁੰਚੇ ਹਨ।

ਮੁਲਾਂਕਣ ਅਤੇ ਮੁਲਾਂਕਣ ਦੇ ਨਵੀਨਤਾਕਾਰੀ ਅਤੇ ਖੋਜੀ ਮੱਡਲਾਂ ਵੀ ਇਸ ਸਮੇਂ ਦੌਰਾਨ ਸੰਭਵ ਨਹੀਂ ਹੋ ਸਕਦੇ ਸਨ. ਇਸ ਨਾਲ ਨਜਿੱਠਣ ਲਈ ਵਿਦਿਆਰਥੀਆਂ ਦੁਆਰਾ



ਬਹੁਤ ਜਿਆਦਾ ਸਵੈ-ਸਿਖਲਾਈ ਦੀ ਜ਼ਰੂਰਤ ਸੀ।

ਭਾਵਾਤਮਕ ਅਸਥਿਰਤਾ ਪਿਛਲੇ ਡੇਢ ਸਾਲ ਦੌਰਾਨ, ਬਹੁਤ ਸਾਰੇ ਵਿਦਿਆਰਥੀਆਂ ਨੂੰ ਅਜ਼ੀਜ਼ਾਂ ਦੇ ਘਾਟੇ ਦਾ ਸਾਹਮਣਾ ਕਰਨਾ ਪਿਆ ਹੈ। ਜਿਥੇ ਪਰਉਪਕਾਰੀ ਅਤੇ ਸਰਕਾਰਾਂ ਉਹਨਾਂ ਦੀ ਸਿੱਖਿਆ ਨੂੰ ਜਾਰੀ ਰੱਖਣ ਵਿਚ ਸਹਾਇਤਾ ਲਈ ਅੱਗੇ ਆਈਆਂ ਹਨ, ਉਥੇ ਵਿਦਿਆਰਥੀਆਂ ਨੂੰ ਨੁਕਸਾਨ ਦੇ ਸਦਮੇ ਨਾਲ ਵੀ ਨਜਿੱਠਣਾ ਪਿਆ।

ਉਹਨਾਂ ਲੋਕਾਂ ਦੇ ਮਾਮਲਿਆਂ ਵਿੱਚ ਜਿਹਨਾਂ ਦੇ ਮਾਪਿਆਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ, ਇਸ ਤਰਾਂ ਕਈ ਨੇ ਬਹੁਤ ਕੁਝ ਹੋਰ ਵੀ ਗੁਆ ਦਿੱਤਾ ਹੈ।

ਆਰਥਿਕ ਤੌਰ 'ਤੇ ਅਪਾਹਜ ਵਿਦਿਆਰਥੀਆਂ ਲਈ, ਡਿਵਾਈਸਾਂ ਤੱਕ ਪਹੁੰਚ ਦੀ ਘਾਟ ਦਾ ਮਤਲਬ ਇਹ ਹੈ ਕਿ ਇਕ ਅਧਿਆਪਕ ਦੀਆਂ ਸਰਬੋਤਮ ਕੋਸ਼ਸ਼ਾਂ ਦੇ ਬਾਵਜੂਦ, ਇਹ ਸਵਾਲ ਬਣਿਆ ਹੋਇਆ ਹੈ ਕਿ ਉਹ ਕਿੰਨੇ ਵਿਦਿਆਰਥੀ ਪਹੁੰਚੇ। ਫੀਸਾਂ ਦਾ ਭੁਗਤਾਨ ਕਰਨ ਲਈ ਫੰਡ ਨੂੰ ਵੀ ਲੱਭਣ ਵੀ ਵਿਦਿਆਰਥੀਆਂ ਲਈ ਤਣਾਅ ਕਾਰਨ ਬਣਾਇਆ, ਉਹ ਹੁਣ ਫੀਸਾਂ ਦਾ ਭੁਗਤਾਨ ਕਿਵੇਂ ਕਰਨ।

ਤੀਜਾ ਪਹਿਲੂ ਇਹ ਹੈ ਕਿ ਆਪਣੀ ਸਿਖਿਆ ਨੂੰ ਲਗਭਗ ਪੂਰਾ ਕਰਨ ਨਾਲ ਭਾਵਨਾਤਮਕ ਤਣਾਅ ਅਤੇ ਪਲੇਸਮੈਂਟ ਬਾਰੇ ਚਿੰਤਾ ਪੈਦਾ ਹੋ ਗਈ ਹੈ।

ਇਸ ਸਾਲ ਵੀ ਬਹੁਤ ਸਾਰੇ ਵਿਦਿਆਰਥੀ ਵਿਸ਼ਾਣੂ ਦੇ ਸ਼ਿਕਾਰ ਹੋਣ ਬਾਰੇ ਚਿੰਤਤ ਨਜ਼ਰ ਆਏ ।

ਕੋਈ ਜਨਤਕ ਇਕੱਠ ਨਾ ਕਰਨ ਵਾਲੇ ਨੌਜਵਾਨ ਅਕਸਰ ਸਮੁੰਦਰੀ ਕੰਢਾ ਤੇ, ਮਾਲਾਂ, ਥੀਏਟਰਾਂ, ਪਾਰਕਾਂ ਅਤੇ ਸਾਂਝੀਆਂ ਥਾਂਵਾਂ 'ਤੇ ਇਕੱਠੇ ਹੋਣਾ ਪਸੰਦ ਕਰਦੇ ਸਨ ਪਰ ਹੁਣ ਉਹਨਾਂ ਦੀ ਸੁਰੱਖਿਆ ਲਈ ਇਸ ਦੀ ਮਨਾਹੀ ਹੈ. ਨਾ ਹੀ ਉਹ ਹੋਰ ਜਨਤਕ ਸਥਾਨਾਂ ਜਿਵੇਂ ਕਿ ਪੂਜਾ ਸਥਾਨਾਂ 'ਤੇ ਇਕੱਠੇ ਹੋ ਸਕਦੇ ਹਨ।

ਇਸ ਨਾਲ ਸੰਗਤੀ ਅਤੇ ਸਮਾਜਿਕ ਢਾਂਚੇ ਦੀ ਘਾਟ ਹੋ ਗਈ ਹੈ. ਬਦਕਿਸਮਤੀ ਨਾਲ, ਵਿਦਿਆਰਥੀਆਂ ਨੂੰ ਹੁਣ ਘੰਟਿਆਂ ਬੱਧੀ ਲੈਪਟਾਪਾਂ ਜਾਂ ਮੋਬਾਈਲ ਫੋਨਾਂ ਨਾਲ ਚਿਪਕਿਆ ਰਹਿਣ ਪੈਦਾ ਹੈ ਅਤੇ ਉਹਨਾਂ ਦੀ ਸਮਾਜਿਕ ਜਿੰਦਗੀ ਵੀ ਵਰ-ਚੁਅਲ ਹੋਏ ਗਈ ਹੈ।

ਹਾਲਾਂਕਿ ਇਹ ਸਥਿਤੀ ਅਚਾਨਕ ਸੀ ਅਤੇ ਕਿਸੇ ਨੂੰ ਵੀ ਪੱਕਾ ਯਕੀਨ ਨਹੀਂ ਹੈ ਕਿ ਇੱਕ ਹੱਦ ਤਕ ਆਮ ਸਥਿਤੀ ਕਦੋਂ ਬਹਾਲ ਹੋਏ ਜਾਏਗੀ, ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਹਨਾਂ ਮੁੱਦਿਆਂ ਨੂੰ ਹੱਲ ਕਰੀਏ ਤਾਂ ਜੋ ਨੋਜਵਾਨ ਇਹਨਾਂ ਬਹੁਤ ਸਾਰੇ ਰੁਝੇਵਿਆਂ ਤੋਂ ਬਿਨਾਂ ਦੂਸਰੇ ਪਾਸੇ ਕੰਮ ਵਿੱਚ ਵੀ ਆ ਸਕਣ।

# ਮਹਾਂਮਾਰੀ ਨੇ ਸਿੱਖਿਆ ਵਿੱਚ ਤਕਨਾਲੋਜੀ ਲਈ ਚੁਣੌਤੀਆਂ ਕਿਵੇਂ ਸਵੀਕਾਰ ਕੀਤੀ

ਕੋਵਿਡ -19 ਮਹਾਂਮਾਰੀ ਦੇ ਫੈਲਣ ਨੂੰ ਰੋਕਣ ਲਈ ਦੁਨੀਆ ਭਰ ਦੇ ਸਕੂਲਾਂ ਦੇ ਦਰਵਾਜ਼ੇ ਕਈ ਮਹੀਨਿਆਂ ਤੋਂ ਬੰਦ ਹਨ। ਇਸ ਸੰਕਟ ਦੇ ਦੌਰਾਨ, ਅਸੀਂ ਰਿਮੋਟ ਸਿੱਖਿਆ ਦੇ ਸਮਰਥਨ ਵਿੱਚ ਤਕਨਾਲੋਜੀ ਦੀ ਵਰਤੋਂ ਕਰਨ ਦੇ ਵੱਡੇ ਪੱਧਰ ਦੇ ਯਤਨਾਂ ਦੀ ਇੱਕ ਅਦੁੱਤੀ ਮਾਤਰਾ ਵੇਖੀ ਹੈ। ਇਸਦੇ ਨਾਲ ਹੀ, ਇਸ ਸੰਕਟ ਨੇ ਸਿੱਖਿਆ ਵਿੱਚ ਤਕਨਾਲੋਜੀ ਦੀਆਂ ਚੁਣੌਤੀਆਂ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ ਕੰਪਿਊਟਰਾਂ ਅਤੇ ਇੰਟਰਨੈਟ ਦੀ ਪਹੁੰਚ ਦੀ ਘਾਟ ਤੋਂ ਸ਼ੁਰੂ ਹੋਣ ਵਾਲੀਆਂ ਬਹੁਤ ਸਾਰੀਆਂ ਅਸਮਾਨਤਾਵਾਂ ਸ਼ਾਮਲ ਹਨ।

194 ਦੇਸ਼ਾਂ ਦੇ 1,6 ਅਰਬ ਵਿਦਿਆਰਥੀ ਸਕੂਲ ਬੰਦ ਹੋਣ ਨਾਲ ਪ੍ਰਭਾਵਤ ਹੋਏ ਕੋਵਿਡ -19 ਕਾਰਨ ਸਕੂਲ ਬੰਦ ਹੋਣ 'ਤੇ ਯੂਨੈਸਕੋ ਦੀ ਗਿਣਤੀ ਵਿਸ਼ਵ ਭਰ ਵਿੱਚ ਸਿੱਖਿਆ' ਤੇ ਮਹਾਂਮਾਰੀ ਦੇ ਭਾਰੀ ਪ੍ਰਭਾਵ ਨੂੰ ਦਰਸਾਉਂਦੀ ਹੈ। ਇਸ ਦੇ ਸਿਖਰ 'ਤੇ, ਅਪ੍ਰੈਲ 2020 ਦੇ ਅਰੰਭ ਵਿੱਚ, ਵਿਦਿਅਕ ਸੰਸਥਾਵਾਂ ਦੇ ਦੇਸ਼ ਵਿਆਪੀ ਬੰਦ ਹੋਣ ਨਾਲ ਵਿਸ਼ਵਵਿਆਪੀ ਵਿਦਿਆਰਥੀ ਆਬਾਦੀ ਦੇ 91% ਤੋਂ ਵੱਧ ਪ੍ਰਭਾਵਿਤ ਹੋ ਰਹੇ ਸਨ। ਸੰਪੂਰਨ ਸੰਖਿਆਵਾਂ ਵਿੱਚ, ਇਸਦਾ ਮਤਲਬ ਇਹ ਹੈ ਕਿ 194 ਦੇਸ਼ਾਂ ਵਿੱਚ ਤਕਰੀਬਨ 1,6 ਬਿਲੀਅਨ ਵਿਦਿਆਰਥੀ ਸਕੂਲ ਬੰਦ ਹੋਣ ਨਾਲ ਪ੍ਰਭਾਵਤ ਹੋਏ ਸਨ। ਇਸਦੇ ਦੂਰਗਾਮੀ ਪ੍ਰਭਾਵਾਂ ਦੇ ਕਾਰਨ, ਕੋਵਿਡ -19 ਮਹਾਂਮਾਰੀ ਨੇ ਸਾਨੂੰ ਸਮਝ ਪ੍ਰਦਾਨ ਕਰਦੀ ਹੈ ਕਿ ਕਿਵੇਂ ਤਕਨਾਲੋਜੀ ਦੀ ਭੂਮਿਕਾ 1,6 ਬਿਲੀਅਨ ਵਿਦਿਆਰਥੀਆਂ ਤੱਕ ਪਹੁੰਚਣ ਲਈ ਬੁਨਿਆਦੀ ਤੌਰ ਤੇ ਬਦਲ ਸਕਦੀ ਹੈ ਅਤੇ ਚੁਣੌਤੀਪੂਰਨ ਸਮੇਂ ਵਿੱਚ ਸਿੱਖਣ ਦੀਆਂ ਪ੍ਰਕਿਰਿਆਵਾਂ ਨੂੰ ਕਿਵੇਂ ਅਨੁਕੂਲ ਬਣਾਇਆ ਜਾ ਸਕਦਾ ਹੈ। ਅਸੀਂ ਸਿੱਖਿਆ ਤੱਕ ਨਿਰੰਤਰ ਪਹੁੰਚ ਕਿਵੇਂ ਯਕੀਨੀ ਬਣਾ ਸਕਦੇ ਹਾਂ? ਅਤੇ ਅਸੀਂ ਉਹਨਾਂ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰ ਸਕਦੇ ਹਾਂ ਜੋ ਸਕੂਲਾਂ ਤੋਂ ਸਰੀਰਕ ਤੌਰ ਤੇ ਉਜਾੜੇ ਹੋਏ ਹਨ?

ਸਿੱਖਿਆ ਵਿੱਚ ਡਿਜੀਟਲ ਤਕਨਾਲੋਜੀ ਸਾਨੂੰ ਨਵੇਂ ਜਵਾਬ ਲੱਭਣ ਦੇ ਯੋਗ ਬਣਾਉਂਦੀ ਹੈ। ਸਿੱਖਿਆ ਵਿੱਚ ਡਿਜੀਟਲ ਤਕਨਾਲੋਜੀ ਸਾਨੂੰ ਨਵੇਂ ਜਵਾਬ ਲੱਭਣ ਦੇ ਯੋਗ ਬਣਾਉਂਦੀ ਹੈ ਨਾ ਸਿਰਫ ਲੋਕ ਜੋ ਸਿੱਖਦੇ ਹਨ ਬਲਕਿ ਇਹ ਵੀ ਸਿੱਖਦੇ ਹਨ ਕਿ ਉਹ ਕਿਵੇਂ ਸਿੱਖਦੇ ਹਨ, ਕਿੱਥੇ ਅਤੇ ਕਦੋਂ ਸਿੱਖਦੇ ਹਨ। ਇਸਦੇ ਸਿਖਰ ਤੇ, ਡਿਜੀਟਲ ਤਕਨਾਲੋਜੀ ਅਧਿਆਪਕਾਂ ਦੀ ਭੂਮਿਕਾ ਨੂੰ ਉਤਸ਼ਾਹਤ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ। ਸਿਰਫ ਗਿਆਨ ਦਾ ਸੰਚਾਰ ਕਰਨ ਦੀ ਬਜਾਏ, ਉਹ ਗਿਆਨ, ਕੋਚ, ਸਲਾਹਕਾਰ ਅਤੇ ਮੁਲਾਂਕਣ ਦੇ ਸਹਿ-ਸਿਰਜਣਹਾਰ ਬਣ ਸਕਦੇ ਹਨ।

ਮੌਜੂਦਾ ਡਿਜੀਟਲ ਸਿਖਲਾਈ ਪ੍ਰਣਾਲੀਆਂ, ਉਦਾਹਰਣ ਵਜੋਂ, ਸਿਰਫ ਅਧਿਆਪਨ ਤੋਂ ਬਹੁਤ ਅੱਗੇ ਜਾ ਸਕਦੀਆਂ ਹਨ। ਨਕਲੀ ਬੁੱਧੀ ਦੁਆਰਾ ਸ਼ਕਤੀਸ਼ਾਲੀ, ਇਹ ਪ੍ਰਣਾਲੀਆਂ ਇਹ ਵੀ ਦੇਖ ਸਕਦੀਆਂ ਹਨ ਕਿ ਵਿਦਿਆਰਥੀ ਕਿਵੇਂ ਸਿੱਖਦੇ ਹਨ।

ਇਸ ਤੋਂ ਇਲਾਵਾ, ਉਹ ਖੋਜ ਕਰ ਸਕਦੇ ਹਨ ਕਿ ਕਿਸ ਤਰ੍ਹਾਂ ਦੇ ਕੰਮ ਅਤੇ ਸੋਚ ਉਨ੍ਹਾਂ ਲਈ ਸਭ ਤੋਂ ਵੱਧ ਦਿਲਚਸਪੀ ਰੱਖਦੇ ਹਨ, ਅਤੇ ਉਨ੍ਹਾਂ ਨੂੰ ਕਿਹੋ ਜਿਹੀਆਂ ਸਮੱਸਿਆਵਾਂ ਬੋਰਿੰਗ ਜਾਂ ਮੁਸ਼ਕਲ ਲੱਗਦੀਆਂ ਹਨ। ਇਹ ਪ੍ਰਣਾਲੀਆਂ ਵਿਅਕਤੀਗਤ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਸ਼ੈਲੀਆਂ ਨੂੰ ਅਨੁਕੂਲ ਬਣਾਉਣ ਲਈ ਸਿੱਖਣ ਦੀ ਪ੍ਰਕਿਰਿਆ ਨੂੰ ਅਨੁਕੂਲ ਬਣਾ ਸਕਦੀਆਂ ਹਨ ਅਤੇ, ਸਭ ਤੋਂ ਮਹੱਤਵਪੂਰਣ, ਉਹ ਇਸ ਨੂੰ ਕਿਸੇ ਵੀ ਰਵਾਇਤੀ ਕਲਾਸਰੂਮ ਸੈਟਿੰਗ ਨਾਲੋਂ ਕਦੇ ਵੀ ਪ੍ਰਾਪਤ ਕਰ ਸਕਦੇ ਹਨ ਨਾਲੋਂ ਵਧੇਰੇ ਸੁੱਧਤਾ ਨਾਲ ਕਰ ਸਕਦੇ ਹਨ।

**ਪਰ ਸਿੱਖਿਆ ਵਿੱਚ ਡਿਜੀਟਲ ਤਕਨਾਲੋਜੀ ਕਿੰਨੀ ਪ੍ਰਭਾਵਸ਼ਾਲੀ ਹੈ?**

ਜਦੋਂ ਕਿ ਡਿਜੀਟਲ ਤਕਨਾਲੋਜੀ ਪਿਛਲੇ ਮਹੀਨਿਆਂ ਤੋਂ ਸਿੱਖਿਆ ਦੀ ਨਿਰੰਤਰ ਪਹੁੰਚ ਦੀ ਪੇਸ਼ਕਸ਼ ਕਰਨ ਵਿੱਚ ਮਹੱਤਵਪੂਰਣ ਰਹੀ ਹੈ, ਸਾਨੂੰ ਆਪਣੇ ਆਪ ਤੋਂ ਇਹ ਇੱਕ ਪ੍ਰਸ਼ਨ ਆਲੋਚਨਾਤਮਕ ਰੂਪ ਵਿੱਚ ਪੁੱਛਣ ਦੀ ਜ਼ਰੂਰਤ ਹੈ: ਸਕੂਲ ਬੰਦ ਹੋਣ ਨਾਲ ਪ੍ਰਭਾਵਤ ਲਗਭਗ 1,6 ਬਿਲੀਅਨ ਵਿਦਿਆਰਥੀਆਂ ਤੱਕ ਪਹੁੰਚਣ ਵਿੱਚ ਡਿਜੀਟਲ ਟੈਕਨਾਲੌਜੀ ਕਿੰਨੀ ਪ੍ਰਭਾਵਸ਼ਾਲੀ ਰਹੀ ਹੈ?

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓਈਸੀਡੀ) ਇਸ ਸਬੰਧ ਵਿੱਚ ਕੁਝ ਗੰਭੀਰ ਅੰਕੜਿਆਂ ਦੀ ਰਿਪੋਰਟ ਪੇਸ਼ ਕਰਦਾ ਹੈ।

15 ਸਾਲਾਂ ਦੇ 9% ਵਿਦਿਆਰਥੀਆਂ ਕੋਲ ਆਪਣੇ ਘਰਾਂ ਵਿੱਚ ਪੜ੍ਹਨ ਲਈ ਕੋਈ ਸ਼ਾਂਤ ਜਗ੍ਹਾ ਨਹੀਂ ਹੈ, ਅਤੇ ਇਹ ਅਸੰਗਤ ਤੌਰ ਤੇ ਪਛੜੇ ਵਿਦਿਆਰਥੀਆਂ ਵਿੱਚ ਹੁੰਦਾ ਹੈ, ਸਿਰਫ 15 ਸਾਲਾਂ ਦੇ ਅੱਧੇ ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਦਾਖਲ ਕੀਤਾ ਜਾਂਦਾ ਹੈ ਜਿੱਥੇ ਇੱਕ ਆਨਲਾਈਨ ਲਰਨਿੰਗ ਸਪੋਰਟ ਪਲੇਟਫਾਰਮ ਉਪਲਬਧ ਹੈ, ਸਕੂਲ ਪ੍ਰਿੰਸੀਪਲਾਂ ਦੇ ਅਨੁਸਾਰ, 15 ਸਾਲ ਦੀ ਉਮਰ ਦੇ 35% ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਦਾਖਲ ਕੀਤਾ ਜਾਂਦਾ ਹੈ ਜਿੱਥੇ ਅਧਿਆਪਕਾਂ ਕੋਲ ਡਿਜੀਟਲ ਤਕਨਾਲੋਜੀ ਨੂੰ ਜੋੜਨ ਲਈ ਲੋੜੀਂਦੀ ਸਿੱਖਿਆ ਅਤੇ ਤਕਨੀਕੀ ਹੁਨਰ ਨਹੀਂ ਹੁੰਦੇ।

ਇਕ ਹੋਰ ਮਹੱਤਵਪੂਰਣ ਪਹਿਲੂ ਇਹ ਹੈ ਕਿ ਅਧਿਆਪਕ ਕਿੰਨੀ ਚੰਗੀ ਤਰ੍ਹਾਂ ਤਿਆਰ ਹਨ ਅਤੇ ਆਨਲਾਈਨ ਸਿਖਲਾਈ ਵਿਚ ਰੁੱਝੇ ਹੋਏ ਹਨ। ਅਧਿਆਪਕਾਂ ਨੂੰ ਯੋਜਨਾਬੰਦੀ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੈ ਤਾਂ ਜੋ ਟੈਕਨਾਲੌਜੀ ਉਨ੍ਹਾਂ ਦੀਆਂ ਸਿੱਖਿਆ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰੇ। ਜੇ ਨਹੀਂ, ਤਾਂ ਉਹ ਡਿਜੀਟਲ ਤਕਨਾਲੋਜੀਆਂ ਨੂੰ ਅਪਣਾਉਣਾ ਜਾਰੀ ਨਹੀਂ ਰੱਖਣਗੇ ਜਦੋਂ ਚੀਜ਼ਾਂ ਆਮ ਵਾਂਗ ਹੋ ਜਾਣਗੀਆਂ। ਅਧਿਆਪਕਾਂ ਨੂੰ ਵੀ ਲੋੜੀਂਦੀ ਸਿਖਲਾਈ ਦੇਣ ਦੀ ਜ਼ਰੂਰਤ ਹੈ, ਉਨ੍ਹਾਂ ਦੇ ਆਰਾਮ ਦੇ ਪੱਧਰ ਅਤੇ ਤਕਨਾਲੋਜੀ ਦੇ ਨਾਲ ਤਜ਼ਰਬੇ ਦੇ ਅਨੁਕੂਲ। ਸਥਾਨਕ ਟੈਕਨਾਲੌਜੀ ਚੈਂਪੀਅਨ ਜੋ ਸਹਿਕਰਮੀਆਂ ਨਾਲ ਵਧੀਆ ਅਭਿਆਸਾਂ ਨੂੰ ਸਾਂਝਾ ਕਰ ਸਕਦੇ ਹਨ ਉਹ ਇਸ ਸੰਬੰਧ ਵਿੱਚ ਅਨਮੋਲ ਹਨ।

700 ਮਿਲੀਅਨ ਵਿਦਿਆਰਥੀਆਂ ਦੇ ਘਰ ਵੀ ਇੰਟਰਨੈਟ ਦੀ ਪਹੁੰਚ ਨਹੀਂ ਹੈ। ਇਹ ਪਤਾ ਲਗਾਉਣਾ ਹੋਰ ਵੀ ਚਿੰਤਾਜਨਕ ਹੈ ਕਿ ਕੋਵਿਡ -19 (800 ਮਿਲੀਅਨ ਦੇ ਕਰੀਬ ਵਿਦਿਆਰਥੀਆਂ) ਦੁਆਰਾ ਕਲਾਸਰੂਮ ਤੋਂ ਬਾਹਰ ਰੱਖੇ ਗਏ ਅੱਧੇ ਵਿਦਿਆਰਥੀਆਂ ਕੋਲ ਘਰੇਲੂ ਕੰਪਿਊਟਰ ਦੀ ਪਹੁੰਚ ਨਹੀਂ ਹੈ। 43% (ਤਕਰੀਬਨ 700 ਮਿਲੀਅਨ ਵਿਦਿਆਰਥੀ) ਨੂੰ ਘਰ ਵਿੱਚ ਇੰਟਰਨੈਟ ਦੀ ਪਹੁੰਚ ਨਹੀਂ ਹੈ। ਇਸ ਤੋਂ ਇਲਾਵਾ, ਲਗਭਗ 56 ਮਿਲੀਅਨ ਵਿਦਿਆਰਥੀ ਉਨ੍ਹਾਂ ਥਾਵਾਂ 'ਤੇ ਰਹਿੰਦੇ ਹਨ ਜਿਨ੍ਹਾਂ ਨੂੰ ਮੋਬਾਈਲ ਨੈਟਵਰਕ ਦੁਆਰਾ ਸੇਵਾ ਨਹੀਂ ਦਿੱਤੀ ਜਾਂਦੀ।

ਇਹ ਸਪੱਸ਼ਟ ਤੌਰ ਤੇ ਦਰਸਾਉਂਦਾ ਹੈ ਕਿ ਵਿੱਦਿਅਕ ਨਿਰੰਤਰਤਾ ਨੂੰ ਯਕੀਨੀ ਬਣਾਉਣ ਵਿੱਚ ਚੁਣੌਤੀਆਂ ਡਿਸਟੈਂਸ ਲਰਨਿੰਗ ਲਈ ਡਿਜੀਟਲ ਸਮਾਧਾਨਾਂ ਦੀ ਵਰਤੋਂ ਨਾਲ ਨਹੀਂ ਰੁਕਦੀਆਂ। ਸਾਨੂੰ ਇਹ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਸਿੱਖਿਆ ਵਿੱਚ ਤਕਨਾਲੋਜੀ ਮੌਜੂਦਾ ਅਸਮਾਨਤਾਵਾਂ ਨੂੰ ਵਧਾਏਗੀ ਅਤੇ ਡਿਜੀਟਲ ਵੰਡ ਨੂੰ ਹੋਰ ਡੂੰਘਾ ਨਹੀਂ ਕਰੇਗੀ। ਜੇ ਅਸੀਂ ਅਜਿਹਾ ਨਹੀਂ ਕਰਦੇ, ਜੇ ਸਕੂਲ ਬੰਦ ਹੋ ਜਾਂਦੇ ਹਨ ਤਾਂ ਪਿਛੜੇ ਪਿਛੋਕੜ ਵਾਲੇ ਵਿਦਿਆਰਥੀ ਬੰਦ ਰਹਿਣਗੇ, ਖ਼ਾਸਕਰ ਉਹ ਵਿਦਿਆਰਥੀ ਜਿਨ੍ਹਾਂ ਕੋਲ ਲਚਕਤਾ, ਸਿੱਖਣ ਦੀ ਰਣਨੀਤੀ ਜਾਂ ਆਪਣੇ ਆਪ ਸਿੱਖਣ ਲਈ ਰੁਝੇਵਿਆਂ ਦੀ ਘਾਟ ਹੈ।

**ਸਿੱਖਿਆ ਵਿੱਚ ਡਿਜੀਟਲ ਪਾੜੇ ਨੂੰ ਦੂਰ ਕਰਨਾ ਵੱਡੀ ਚੁਣੌਤੀ ਹੈ**

ਇਹ ਸੁਨਿਸ਼ਚਿਤ ਕਰਨ ਲਈ ਕਿ ਡਿਜੀਟਲ ਤਕਨਾਲੋਜੀ ਸਿੱਖਿਆ ਲਈ ਸਮਾਨ ਅਤੇ ਸਮੁੱਚੀ ਪਹੁੰਚ ਪ੍ਰਦਾਨ ਕਰਦੀ ਹੈ, ਸਾਨੂੰ ਅਜਿਹੇ ਡਿਜੀਟਲ ਵੰਡਾਂ ਨੂੰ ਬੰਦ ਕਰਨ 'ਤੇ ਧਿਆਨ ਕੇਂਦਰਤ ਕਰਨਾ ਪਏਗਾ। ਇੱਥੋਂ ਤੱਕ ਕਿ ਜਿੱਥੇ ਆਨਲਾਈਨ ਪ੍ਰਾਪਤ ਕਰਨਾ ਸੰਭਵ ਅਤੇ ਕਿਫਾਇਤੀ ਹੈ, ਉਹਨਾਂ ਸਮੂਹਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਵਾਧੂ ਯਤਨਾਂ ਦੀ ਲੋੜ ਹੈ ਜਿਨ੍ਹਾਂ ਨੂੰ ਬਾਹਰ ਰੱਖਿਆ ਗਿਆ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਵਿਦਿਅਕ ਪ੍ਰੋਜੈਕਟਾਂ ਲਈ ਉੱਚ ਗੁਣਵੱਤਾ ਵਾਲੇ, ਪੂਰਵ-ਮਲਕੀਅਤ ਵਾਲੇ ਕੰਪਿਊਟਰਾਂ ਦੀ ਪੇਸ਼ਕਸ਼ ਕਰਨ ਵਾਲੇ ਕਲੋਜ਼ ਦਿ ਗੈਪ ਵਰਗੇ ਪ੍ਰੋਜੈਕਟ ਸਿਰਫ ਇਸਦੀ ਇੱਕ ਉਦਾਹਰਣ ਹਨ ਕਿ ਅਸੀਂ ਇਸਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ। ਅਸੀਂ ਸਿੱਖਿਆ ਵਿੱਚ ਡਿਜੀਟਲ ਵੰਡ ਨੂੰ ਕਿਵੇਂ ਦੂਰ ਕਰੀਏ ਇਸ ਬਾਰੇ ਹੋਰ ਚੁਣੌਤੀਆਂ ਅਤੇ ਮੌਕਿਆਂ ਬਾਰੇ ਚਰਚਾ ਕਰਾਂਗੇ।

# ਵਿਦਿਆਰਥੀਆਂ ਨੂੰ ਛੋਟੀ ਉਮਰ ਵਿੱਚ ਹੀ ਕਿਤਾਬਾਂ ਪੜ੍ਹਨ ਲਈ ਉਤਸ਼ਾਹਤ ਕਰਨ ਚਾਹੀਦਾ ਹੈ

ਕਿਤਾਬਾਂ ਨੂੰ ਪੜ੍ਹਨਾ ਨਾ ਸਿਰਫ ਕਿਸੇ ਦੇ ਗਿਆਨ ਨੂੰ ਵਧਾਉਂਦਾ ਹੈ ਬਲਕਿ ਆਪਣਾ ਨਜ਼ਰੀਆ ਵੀ ਵਧਾਉਂਦਾ ਹੈ। ਉਹ ਸੌੜੀ ਸੋਚ ਦੇ ਖੇਤਰ ਤੋਂ ਵਿਦਾ ਹੋ ਜਾਂਦਾ ਹੈ ਅਤੇ ਮਾਨਵਵਾਦੀ ਵਿਚਾਰਾਂ ਨੂੰ ਧਾਰਨ ਕਰਦਾ ਹੈ। ਸਾਡੇ ਸਮਾਜ ਵਿਚ ਵੱਡੀਆਂ ਲਾਇਬ੍ਰੇਰੀਆਂ ਬਣੀਆਂ ਹਨ। ਉਨ੍ਹਾਂ ਲਈ ਜੋ ਕਿਤਾਬਾਂ ਪੜ੍ਹਨਾ ਪਸੰਦ ਕਰਦੇ ਹਨ, ਲਾਇਬ੍ਰੇਰੀ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਅਜੋਕੇ ਯੁੱਗ ਵਿੱਚ ਲੇਖਕ ਨਵੇਂ ਵਿਸ਼ਿਆਂ ਉੱਤੇ ਕਿਤਾਬਾਂ ਲਿਖ ਰਹੇ ਹਨ ਜੋ ਨਾ ਸਿਰਫ ਸਾਡੇ ਗਿਆਨ ਨੂੰ ਵਧਾਉਂਦੇ ਹਨ ਬਲਕਿ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੇ ਹਨ ਤਾਂ ਜੋ ਮਨ ਵਿਸ਼ਿਆਂ ਦੇ ਵਿਕਾਰ ਤੋਂ ਮੁਕਤ ਹੋ ਸਕੇ। ਲਾਇਬ੍ਰੇਰੀਆਂ ਆਮ ਆਦਮੀ ਦੀ ਗਿਆਨ ਦੀ ਇੱਛਾ ਨੂੰ ਸੰਤੁਸ਼ਟ ਕਰਦੀਆਂ ਹਨ। ਮਾਪਿਆਂ ਨੂੰ ਸਕੂਲ ਵਿਚ ਅਧਿਆਪਕਾਂ ਦੁਆਰਾ ਛੋਟੇ ਬੱਚਿਆਂ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਪੈਦਾ ਕਰਨੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਦਾ ਗਿਆਨ ਨਿਰੰਤਰ ਵਧਿਆ ਜਾ ਸਕੇ। ਛੋਟੀ ਤੋਂ ਲੈ ਕੇ ਸਭ ਤੋਂ ਵੱਡੀ ਕਿਤਾਬ ਹਮੇਸ਼ਾਂ ਸਾਡੇ ਗਿਆਨ ਨੂੰ ਵਧਾਉਂਦੀ ਹੈ। ਸਿਰਫ ਇਕੋ ਲੋੜ ਹੈ ਕਿ ਇਹ ਗਿਆਨ ਕਦੋਂ ਅਤੇ ਕਿਵੇਂ ਪ੍ਰਾਪਤ ਕਰਨਾ ਹੈ। ਕਿਤਾਬਾਂ ਸਾਨੂੰ ਅਤੀਤ ਬਾਰੇ ਜਾਣਕਾਰੀ ਦਿੰਦੀਆਂ ਹਨ ਜਿਵੇਂ ਪਿਛਲੀਆਂ ਲੜਾਈਆਂ, ਯੁੱਧਾਂ, ਰਾਜਿਆਂ ਅਤੇ ਸ਼ਹਿਨਸ਼ਾਹਾਂ, ਸ਼ਹੀਦਾਂ, ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਆਦਿ ਕਿਤਾਬਾਂ ਸਾਨੂੰ ਉਹ ਗੱਲਾਂ ਦੱਸਦੀਆਂ ਹਨ ਜਿਨ੍ਹਾਂ ਬਾਰੇ ਅਸੀਂ ਨਹੀਂ ਜਾਣਦੇ।

ਰਾਜਨੀਤਿਕ ਕਿਤਾਬਾਂ ਰਾਜਨੀਤੀ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਸਾਹਿਤਕ ਪੁਸਤਕਾਂ ਮਨੁੱਖ ਵਿੱਚ ਅਜਿਹਾ ਗਿਆਨ ਪੈਦਾ ਕਰਦੀਆਂ ਹਨ ਜੋ ਉਸਨੂੰ ਚੰਗੀ ਸੋਚ, ਚੰਗੀਆਂ ਦਿੱਖ, ਸਮੇਂ ਦੇ ਸਾਥੀ ਅਤੇ ਸਭਿਆਚਾਰਕ ਪੱਖਾਂ ਤੋਂ ਜਾਣੂ ਕਰਦੀਆਂ ਹਨ। ਇਨ੍ਹਾਂ ਤੋਂ ਇਲਾਵਾ, ਕਿਤਾਬਾਂ ਸਾਨੂੰ ਬਹੁਤ ਸਾਰੇ ਹੋਰ ਵਿਸ਼ਿਆਂ ਦਾ ਗਿਆਨ ਵੀ ਪ੍ਰਦਾਨ ਕਰਦੀਆਂ ਹਨ। ਚੰਗੀਆਂ ਕਿਤਾਬਾਂ ਸਾਡੀ ਜ਼ਿੰਦਗੀ ਵਿਚ ਹਮੇਸ਼ਾਂ ਰਚਨਾਤਮਕ ਭੂਮਿਕਾ ਅਦਾ ਕਰਦੀਆਂ ਹਨ। ਸਾਨੂੰ ਬੱਚਿਆਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਹਰ ਉਮਰ ਦੇ ਲੋਕਾਂ ਨੂੰ ਕਿਤਾਬਾਂ ਪੜ੍ਹਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਵਧੀਆ ਸਮਾਜ ਦਾ ਨਿਰਮਾਣ ਹੋ ਸਕੇ ਅਤੇ ਸਮਾਜ ਵਿੱਚ ਫੈਲ ਰਹੀਆਂ ਬੁਰਾਈਆਂ ਨੂੰ ਠੱਲ ਪਾਈ ਜਾ ਸਕੇ।

ਕਿਤਾਬਾਂ ਸਾਡੀ ਜਿੰਦਗੀ ਦਾ ਬਹੁਤ ਮਹੱਤਵਪੂਰਨ ਸਥਾਨ ਰੱਖਦੀਆਂ ਹਨ। ਪਰ ਅਜੋਕੇ ਦੌਰ ਵਿੱਚ ਕਿਤਾਬਾਂ ਪੜ੍ਹਨ ਦਾ ਰੁਝਾਨ ਬਹੁਤ ਘੱਟ ਹੋਇਆ ਹੈ। ਹੋ ਸਕਦਾ ਹੈ ਕਿ ਇਸਦਾ ਇਕ ਕਾਰਨ ਇਹ ਹੈ ਕਿ ਉਹ ਇੰਨੇ ਮਾੜੇ ਢੰਗ ਨਾਲ ਕਿਉਂ ਕਰ ਰਹੇ ਹਨ। ਵਿਦਿਆਰਥੀਆਂ ਨੂੰ ਆਪਣੇ ਖਾਲੀ ਸਮੇਂ ਵਿਚ ਫੋਨ ਪੜ੍ਹਨਾ ਵਧੇਰੇ ਜ਼ਰੂਰੀ ਸਮਝਦਾ ਹੈ, ਪਰ ਜੋ ਗਿਆਨ ਸਾਨੂੰ ਕਿਤਾਬਾਂ ਤੋਂ ਪ੍ਰਾਪਤ ਕਰਨ ਦੀ ਲੋੜ ਹੈ ਉਹ ਕਿਸੇ ਹੋਰ ਸਰੋਤ ਤੋਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਜਦੋਂ ਕਿ ਕਿਤਾਬਾਂ ਦਾ ਗਿਆਨ ਮਨੁੱਖ ਨੂੰ ਇੱਕ ਚੰਗਾ, ਸੁਖਾਵਾਂ, ਤੰਦਰੁਸਤ ਅਤੇ ਦਲੇਰ ਮਨੁੱਖ ਬਣਾ ਸਕਦਾ ਹੈ, ਜੇਕਰ ਇਨ੍ਹਾਂ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਉਹ ਮਨੁੱਖ ਨੂੰ ਇਸ ਦਾ ਉਲਟ ਰੂਪ ਵੀ ਦੇ ਸਕਦੀਆਂ ਹਨ। ਇਸ ਲਈ ਚੰਗੇ ਅਤੇ ਸਹੀ ਗਿਆਨ ਲਈ ਚੰਗੇ ਅਧਿਆਪਕਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਹਰ ਗਿਆਨ ਹਰ ਯੁੱਗ ਵਿੱਚ ਯੋਗਤਾ ਪ੍ਰਾਪਤ ਨਹੀਂ ਕਰ ਸਕਦਾ ਇਸ ਲਈ ਗਿਆਨ ਦੀ ਪ੍ਰਾਪਤੀ ਉਮਰ ਦੇ ਨਾਲ ਵਧੀਆ ਹੈ।

ਕਿਤਾਬਾਂ ਸਾਡੇ ਕਿਰਦਾਰ ਨੂੰ ਢਾਲਣ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦੀਆਂ ਹਨ। ਸਾਨੂੰ ਉਨ੍ਹਾਂ ਨਾਲ ਦੋਸਤੀ ਹੋਣੀ ਚਾਹੀਦੀ ਹੈ, ਕਿਉਂਕਿ ਇਕ ਸੱਚਾ ਦੋਸਤ ਜ਼ਿੰਦਗੀ ਵਿਚ ਸਹੀ ਮਾਰਗ ਦਰਸ਼ਕ ਹੁੰਦਾ ਹੈ ਅਤੇ ਕਿਤਾਬਾਂ ਸਾਡੀ ਜ਼ਿੰਦਗੀ ਨੂੰ ਸਹੀ ਦਿਸ਼ਾ ਦਿੰਦੀਆਂ ਹਨ। ਕਿਤਾਬਾਂ ਨੂੰ ਪੜ੍ਹਨਾ ਕੋਈ ਵਿਅਰਥ ਨਹੀਂ ਹੈ ਪਰ ਅਸੀਂ ਉਨ੍ਹਾਂ ਤੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰਦੇ ਹਾਂ।

# ਜਦੋਂ ਪੰਜਾਬ ਹੋਇਆ ਲਾਚਾਰ, ਸੁੱਤੀ ਉੱਠੀ ਪੰਜਾਬ ਸਰਕਾਰ!

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਉਹਨਾ ਸਾਰੀਆਂ ਨਿੱਜੀ ਕੰਪਨੀਆਂ ਨਾਲ ਕੀਤੇ ਸਾਰੇ ਬਿਜਲੀ ਖਰੀਦ ਸਮਝੌਤੇ (ਪੀ ਪੀ ਏਜ) ਰੱਦ ਕਰਨ ਜਾਂ ਦੁਬਾਰਾ ਘੋਖਣ ਲਈ ਕਿਹਾ ਹੈ, ਜੋ ਝੋਨੇ ਦੀ ਬਿਜਾਈ ਤੇ ਗਰਮੀ ਦੇ ਸ਼ੀਜਨ 'ਚ ਬਿਜਲੀ ਮੰਗ ਨੂੰ ਪੂਰੀ ਕਰਨ ਲਈ ਤਸੱਲੀ ਬਖ਼ਸ਼ ਸਪਲਾਈ ਦੇਣ ਲਈ ਕੀਤੇ ਸਮਝੌਤਿਆਂ ਤੇ ਖਰੀਆਂ ਨਹੀਂ ਉਤਰੀਆਂ।ਇਸ ਸਬੰਧੀ ਵਿਰੋਧੀ ਨੇਤਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਸਮਝੌਤੇ ਰੱਦ ਕਰ ਦਿੱਤੇ ਤਾਂ ਪੰਜਾਬ ਨੂੰ ਬਿਜਲੀ ਕਿਥੋਂ ਮਿਲੇਗੀ?

ਪੰਜਾਬ ਦੇ ਇਕ ਪ੍ਰਸਿੱਧ ਵਕੀਲ ਐਡਵੋਕੇਟ ਐਸ ਸੀ ਅਰੋੜਾ ਨੇ ਇੱਕ ਭਾਵਪੂਰਤ ਟਿੱਪਣੀ ਅਤੇ ਸੁਝਾਅ ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਨੂੰ ਇਸ ਸਬੰਧੀ ਦਿੱਤਾ ਹੈ, "ਜੇਕਰ ਅਜੋਕੀ ਸਰਕਾਰ ਬਿਜਲੀ ਕੰਪਨੀਆਂ ਨਾਲ ਕੀਤੇ ਸਮਝੌਤੇ ਤੋੜਦੀ ਹੈ ਤਾਂ ਆਉਣ ਵਾਲੀ ਸਰਕਾਰ ਨੂੰ ਅਰਬਾਂ-ਖਰਬਾਂ ਦੇ ਹਰਜ਼ਾਨੇ ਦੇ ਕੇਸਾਂ ਦਾ ਸਾਹਮਣਾ ਕਰਨਾ ਪਵੇਗਾ! ਕਰਾਰ ਤੋੜਨੇ ਅਸਾਨ ਨਹੀਂ ਹੁੰਦੇ । ਅਜਿਹਾ ਕਰਨ ਲਈ ਬਹੁਤ ਹੀ ਹਿੰਮਤ ਦੀ ਲੋੜ ਹੈ। ਇਹ ਬੱਚਿਆਂ ਦਾ ਖੇਲ ਨਹੀਂ ਕਿ ਜਦੋਂ ਮਰਜ਼ੀ 'ਜਾਹ ਕੱਟੀ' ਕਹਿ ਕੇ ਯਾਰੀ ਤੋੜ ਦਿਓਗੇ। ਹਾਂ, ਇੱਕ ਇਮਾਨਦਾਰੀ ਵਾਲਾ ਤਰੀਕਾ ਹੈ ਕਿ ਪੁਰਾਣੇ ਬਿਜਲੀ ਮੰਤਰੀ, ਮੁੱਖ ਮੰਤਰੀ ਅਤੇ ਬਿਜਲੀ ਕੰਪਨੀਆਂ ਦੇ ਵਿਰੁੱਧ ਪ੍ਰਦੇਸ਼ ਨਾਲ ਧੋਖਾ-ਧੜੀ ਅਤੇ ਰਿਸ਼ਵਤਖੋਰੀ ਦੇ ਦੋਸ਼ ਲਾਕੇ ਐਫ.ਆਈ.ਆਰਾਂ. ਦਰਜ਼ ਕਰਾ ਕੇ ਉਸਦੇ ਅਧਾਰ ਤੇ ਕਰਾਰ ਰੱਦ ਕਰ ਦਿੱਤੇ ਜਾਣ। ਫਿਰ ਚਾਹੇ ਨਤੀਜਾ ਕੁਝ ਵੀ ਹੋਵੇ, ਅਜਿਹਾ ਕਦਮ ਮਰਦਾਂ ਵਾਲਾ ਕਦਮ ਹੋਵੇਗਾ।"

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੋ ਅਗਲੇ 5 ਜਾਂ 6 ਮਹੀਨਿਆਂ ਵਾਲੇ ਮੁੱਖ ਮੰਤਰੀ ਹਨ, ਕੀ ਇਹੋ ਜਿਹਾ ਜ਼ੋਖ਼ਮ ਭਰਿਆ ਕਦਮ ਚੁੱਕਣਗੇ? ਬਿਨਾਂ ਸ਼ੱਕ ਬਿਜਲੀ ਨੇ ਝੋਨੇ ਦੇ ਸੀਜ਼ਨ 'ਚ ਕਿਸਾਨਾਂ ਅਤੇ ਆਮ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਬੁਰੀ ਤਰ੍ਹਾਂ ਪ੍ਰੇਸ਼ਾਨ ਕੀਤਾ, ਸਨੱਅਤਾਂ ਨੂੰ ਵੀ ਬਿਜਲੀ ਕੱਟਾਂ ਕਾਰਨ ਭਾਰੀ ਕੀਮਤ ਚੁਕਾਉਣੀ ਪਈ। ਅਕਾਲੀ -ਭਾਜਪਾ ਸਰਕਾਰ ਵੇਲੇ ਅੱਖਾਂ ਮੀਟੀ ਕੀਤੇ ਸਮਝੌਤਿਆਂ ਨੂੰ ਕੈਪਟਨ ਸਰਕਾਰ ਵੇਲੇ ਦੇ ਚਾਰ ਸਾਲਾਂ ਵਿਚ ਕਦੇ ਵੀ ਸੰਜੀਦਗੀ ਰਵੀਊ ਨਹੀਂ ਕੀਤਾ ਗਿਆ ਅਤੇ ਕਰੋੜਾਂ ਰੁਪਏ ਦੀ ਸਾਲ ਦਰ ਸਾਲ ਅਦਾਇਗੀ ਇਹਨਾਂ ਕੰਪਨੀਆਂ ਨੂੰ ਸਮਝੌਤਿਆਂ ਕਾਰਨ ਕੀਤੀ ਗਈ ਅਤੇ ਕਥਿਤ "ਖਾਲੀ ਸਰਕਾਰੀ ਖ਼ਜ਼ਾਨੇ" ਨੂੰ ਵੱਡਾ ਚੂਨਾ ਲਗਾਇਆ ਗਿਆ। ਇਹ ਪੰਜਾਬ ਦੀ ਪ੍ਰੇਸ਼ਾਨੀ ਤੇ ਲਾਚਾਰੀ ਦਾ ਵੱਡਾ ਮੁੱਦਾ ਹੈ।

ਪੰਜਾਬ ਨੂੰ ਇਕੱਲਾ ਬਿਜਲੀ ਦੇ ਮਸਲੇ ਨੇ ਹੀ ਪ੍ਰੇਸ਼ਾਨ ਨਹੀਂ ਕੀਤਾ। ਕਰੋਨਾ ਮਾਹਾਂਮਾਰੀ ਦੇ ਦੌਰ 'ਚ ਪੰਜਾਬੀਆਂ ਦਾ ਸਾਹ ਸੂਤਿਆਂ ਰਿਹਾ, ਸਰਕਾਰੀ ਦਫ਼ਤਰ ਬੰਦ ਰਹੇ, ਸਰਕਾਰੀ ਕੰਮ ਕਾਰ ਸੁਸਤ ਰਹੇ, ਰਤਾ ਕੁ ਦਫ਼ਤਰਾਂ ਦੇ ਕੰਮ ਨੇ ਰਫ਼ਤਾਰ ਫ਼ੜੀ ਤਾਂ ਛੇਵੇਂ ਵਿੱਤ ਕਮਿਸ਼ਨ ਦੀ ਆਈ ਅੱਧੀ-ਅਧੂਰੀ ਲਾਗੂ ਕੀਤੀ ਰਿਪੋਰਟ ਨੇ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਪ੍ਰੇਸ਼ਾਨ ਕੀਤਾ, ਜਿਹਨਾ ਦਾ ਖਦਸ਼ਾ ਸੀ ਕਿ ਉਹਨਾਂ ਦੀਆਂ ਤਨਖਾਹਾਂ ਰਿਪੋਰਟ ਦੇ ਲਾਗੂ ਹੋਣ ਨਾਲ ਵੱਧਣਗੀਆਂ ਨਹੀਂ,ਸਗੋਂ ਘੱਟਣਗੀਆਂ। ਡਾਕਟਰਾਂ ਦਾ ਨਾਨ-ਪ੍ਰੈਕਟਿਸ ਅਲਾਊਂਸ ਬੰਦ ਕਰ ਦਿੱਤਾ ਗਿਆ, ਵਿਕਾਸ ਕਰਮਚਾਰੀ, ਇੰਜੀਨੀਅਰ ਹੜਤਾਲ ਤੇ ਚਲੇ ਗਏ। ਜੋ ਹੁਣ ਵੀ ਹੜਤਾਲ ਤੇ ਹਨ । ਪਿੰਡਾਂ 'ਚ ਵਿਕਾਸ ਦੇ ਕੰਮ ਰੁੱਕ ਗਏ। ਸਰਕਾਰੀ ਦਫ਼ਤਰਾਂ ਦੇ ਬਾਹਰ ਦਰੀਆਂ ਵਿੱਛ ਗਈਆਂ। ਸੜਕਾਂ ਮੁਲਾਜ਼ਮਾਂ ਨਾਲ ਭਰ ਗਈਆਂ। ਬੇਰੁਜ਼ਗਾਰ ਸੜਕਾਂ ਤੇ ਆ ਗਏ। ਕਿਉਂਕਿ ਉਹ ਸਮਝਦੇ ਹਨ ਕਿ ਜੇਕਰ ਹੁਣ ਕੈਪਟਨ ਸਰਕਾਰ ਦੇ ਰਹਿੰਦੇ 5 ਜਾਂ 6 ਮਹੀਨਿਆਂ 'ਚ ਅਸੀਂ ਦਬਾਅ ਪਾ ਕੇ ਆਪਣੇ ਹੱਕ ਨਹੀਂ ਲੈ ਸਕੇ ਤਾਂ ਅਗਲੇ ਪੰਜ ਸਾਲ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰਨਾ ਪਵੇਗਾ।

ਕੈਪਟਨ ਦੀ ਸਰਕਾਰ ਜਿਹੜੀ ਪਹਿਲਾਂ ਹੀ ਕਾਂਗਰਸੀ ਕਾਟੋ ਕਲੇਸ਼ ਕਾਰਨ ਪ੍ਰੇਸ਼ਾਨ ਹੋਈ ਪਈ ਹੈ, ਉਸਨੂੰ ਇਧਰ ਧਿਆਨ ਕਰਨ ਦਾ ਮੌਕਾ ਹੀ ਨਹੀਂ ਮਿਲਿਆ ਜਾਂ ਇਉਂ ਕਹੋ ਕਿ ਉਸਦੀ ਤਰਜੀਹ ਸਰਕਾਰੀ ਕੰਮ ਕਾਰ ਸਾਵੇਂ ਢੰਗ ਨਾਲ ਚਲਾਉਣ ਦੀ ਵਜਾਏ ਆਪਣੀ ਕੁਰਸੀ ਬਚਾਉਣ ਦੀ ਹੈ। ਕੈਪਟਨ ਸਰਕਾਰ ਨੇ ਮੁਲਾਜ਼ਮਾਂ ਮੰਗਾਂ ਸੁਨਣ ਲਈ ਤਿੰਨ ਮੈਂਬਰੀ "ਸਕੱਤਰੀ ਕਮੇਟੀ" ਬਣਾਈ, ਜਿਸਨੇ ਮੁਲਾਜ਼ਮ ਦੀਆਂ ਮੰਗਾਂ ਸੁਣੀਆਂ ਪਰ ਤਿੰਨ ਮੈਂਬਰੀ ਕੈਬਨਿਟੀ ਕਮੇਟੀ ਮੰਗਾਂ ਸੁਨਣ ਲਈ ਬੈਠ ਨਹੀਂ ਸਕੀ, ਕਿਉਂਕਿ ਕੈਪਟਨ ਦੀ ਕੈਬਨਿਟ ਦੋ-ਫਾੜ ਹੈ ਅਤੇ ਇਸ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਗੁਰਮੀਤ ਸਿੰਘ ਰਾਣਾ ਸੋਢੀ ਵੱਡੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕੈਬਨਿਟ ਦੇ ਦੋਵੇਂ ਧਿਰਾਂ ਦੇ ਮੰਤਰੀ ਇਕ-ਦੂਜੇ ਨੂੰ ਅੱਖੀਂ ਦੇਖ ਵੀ ਨਹੀਂ ਸੁਖਾਉਂਦੇ। ਸਿੱਟਾ ਕਾਂਗਰਸੀ ਹਾਈ ਕਮਾਂਡ ਵੱਲ ਝਾਕਣ 'ਚ ਨਿਕਲ ਰਿਹਾ ਹੈ, ਜਿਸਨੇ ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ 'ਚ ਫੇਰ-ਬਦਲ ਨੂੰ ਹਰੀ ਝੰਡੀ ਦੇਣੀ ਹੈ। ਪਰ ਤਦੋਂ ਤੱਕ ਲੋਕਾਂ ਦੇ ਕੰਮ ਕੌਣ ਕਰੇ? ਵਿਕਾਸ ਦੇ ਕੰਮਾਂ ਨੂੰ ਅੱਗੋਂ ਕੌਣ ਤੋਰੇ?

ਕਾਂਗਰਸੀ ਕਾਟੋ ਕਲੇਸ਼ ਉਪਰੰਤ ਪੰਜਾਬ ਕਾਂਗਰਸ ਦੇ ਨਵ-ਨਿਯੁੱਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ 18 ਸੂਤਰੀ ਪ੍ਰੋਗਰਾਮ ਲਾਗੂ ਕਰਵਾਉਣ ਲਈ ਤਾਬੜਤੋੜ ਬਿਆਨਬਾਜੀ ਕਰ ਰਹੇ ਹਨ। ਰੇਤਾ ਖਨਣ, ਨਸ਼ਾ ਤਸਕਰੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਮਹਿੰਗੀ ਬਿਜਲੀ ਆਦਿ ਮੁੱਦਿਆਂ ਨੂੰ ਉਸ ਵਲੋਂ ਉਭਾਰਿਆ ਜਾ ਰਿਹਾ ਹੈ। ਪ੍ਰੈਸ 'ਚ ਵਾਹ-ਵਾਹ ਖੱਟੀ ਜਾ ਰਹੀ ਹੈ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਇਆ ਜਾ ਰਿਹਾ ਹੈ। ਦੋਬਾਰਾ ਕਾਂਗਰਸ ਦੀ ਸਰਕਾਰ ਬਨਾਉਣ ਲਈ ਢੰਗ ਤਰੀਕੇ ਵਰਤੇ ਜਾ ਰਹੇ ਹਨ। ਪਰ ਕੈਪਟਨ-ਸਿੱਧੂ ਦਾ ਆਪਸੀ ਛੱਤੀ ਦਾ ਅੰਕੜਾ ਕੀ ਇਸ ਸਭ ਕੁਝ ਦੇ ਆੜੇ ਨਹੀਂ ਆਏਗਾ? ਰੇਤਾ-ਖਨਣ ਤੇ ਰੇਤ ਬਜ਼ਰੀ ਦੇ ਮਹਿੰਗੇ ਭਾਅ ਇਸ ਦੀ ਖ਼ਰੀਦ ਵੇਚ ਤਾਂ ਉਵੇਂ ਹੀ ਜਾਰੀ ਹੈ। ਨਸ਼ਿਆਂ ਦਾ ਕਾਰੋਬਾਰ ਕੀ ਖ਼ਤਮ ਹੋ ਗਿਆ ਹੈ ਜਾਂ ਖ਼ਤਮ ਹੋ ਜਾਏਗਾ? ਚੋਣ ਦੇ ਦੌਰ 'ਚ ਤਾਂ ਇਸ ਨੇ ਹੋਰ ਰੰਗ ਲਾਉਣੇ ਹਨ। ਕਿਸੇ ਪਾਰਟੀ ਧੜੇ ਜਾਂ ਸਖਸ਼ ਦੀ ਹਿੰਮਤ ਨਹੀਂ ਪੈਣੀ ਕਿ ਉਹ ਸਿਆਸੀ ਲੋਕਾਂ, ਮਾਫੀਆ ਤੇ ਆਫਸਰਸ਼ਾਹੀ ਦੀ ਤਿੱਕੜੀ ਨੂੰ ਤੋੜਨ ਦੀ ਹਿੰਮਤ ਦਿਖਾ ਸਕੇ। ਹਾਂ, ਪੰਜਾਬ 'ਚ ਕਾਂਗਰਸ ਦੇ ਕਾਟੋ-ਕਲੇਸ਼ ਦੇ ਸਿੱਟੇ ਵਜੋਂ ਜੂੰ ਦੀ ਤੋਰੇ ਤੁਰ ਰਹੀ ਕੈਪਟਨ ਸਰਕਾਰ ਨੇ ਸਰਕਾਰ ਦੀ ਗੱਡੀ ਚੌਥੇ ਗੇਅਰ 'ਚ ਪਾ ਦਿਤੀ ਹੈ ਅਤੇ ਨਿੱਤ ਨਵੇਂ ਫ਼ੈਸਲੇ ਲੈ ਕੇ ਪੰਜਾਬ ਦੇ ਲੋਕਾਂ ਨੂੰ ਖੁਸ਼ ਕਰਨ ਦੇ ਰਾਹ ਤੁਰੀ ਹੈ। ਕੁਝ ਦਿਨ ਪਹਿਲਾਂ ਸਰਕਾਰ ਨੇ 250 ਉਹਨਾ ਕਿਸਾਨ ਪਰਿਵਾਰਾਂ ਨੂੰ ਰਾਹਤ ਦੇ ਕੇ ਉਹਨਾ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਲਈ ਕਾਰਵਾਈ ਆਰੰਭ ਦਿੱਤੀ ਹੈ। ਬੇਜ਼ਮੀਨੇ ਮਜ਼ਦੂਰਾਂ, ਖੇਤ ਮਜ਼ਦੂਰਾਂ, ਛੋਟੇ ਕਿਸਾਨਾਂ ਦੇ ਕਰੋੜਾਂ ਦੇ ਕਰਜ਼ੇ ਮੁਆਫ਼ ਕਰਨ ਲਈ ਅਮਰਿੰਦਰ ਸਿੰਘ ਸਰਕਾਰ ਨੇ ਬਿਆਨ ਦਾਗ ਦਿੱਤਾ ਹੈ।ਇਥੇ ਹੀ ਬੱਸ ਨਹੀਂ, ਪੰਜਾਬ 'ਚ ਐਫ਼ ਸੀ ਵੈਲਫੇਅਰ ਬੋਰਡ ਦੀ ਸਥਾਪਨਾ ਦਾ ਬਿੱਲ ਲਿਆਉਣ ਦਾ ਪੰਜਾਬ ਸਰਕਾਰ ਨੇ ਫ਼ੈਸਲਾ ਕਰ ਲਿਆ ਹੈ।



ਪਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਇੱਕ ਮੰਤਰੀ ਐਸ.ਸੀ ਵਜੀਫ਼ਿਆਂ ਦੇ ਘਪਲੇ 'ਚ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰੇਗਾ, ਜਿਸ ਉਤੇ 64.11 ਕਰੋੜ ਵਜੀਫ਼ੇ ਇਧਰ-ਉਧਰ ਕਰਨ ਦਾ ਦੋਸ਼ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਐਸ.ਸੀ. ਕਾਂਗਰਸੀ ਵਿਧਾਇਕਾਂ ਨਾਲ ਮੀਟਿੰਗਾਂ ਕਰਕੇ ਉਹਨਾ ਦੀ ਹਿਮਾਇਤ ਲੈਣ ਦੇ ਚੱਕਰਾਂ 'ਚ ਪਿਆ ਹੈ ਅਤੇ ਮੁੱਦਿਆਂ ਨੂੰ ਉਭਾਰਨ 'ਚ ਲੱਗਿਆ ਹੈ, ਕੈਪਟਨ ਅਮਰਿੰਦਰ ਸਿੰਘ ਮੁੱਦਿਆਂ ਨੂੰ ਉਹਨਾ ਤੋਂ ਖੋਹਣ ਦਾ ਕੰਮ ਕਰ ਰਹੇ ਹਨ। ਪੰਜਾਬ ਕਾਂਗਰਸ 'ਚ 23 ਐਸ.ਸੀ ਵਿਧਾਇਕ ਹਨ। ਉਹਨਾ ਨੂੰ ਪੰਜਾਬ ਕੈਬਨਿਟ ਵਿੱਚ ਬਣਦਾ ਹੱਕ ਨਹੀਂ ਮਿਲਿਆ। ਉਹ ਬੋਰਡਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਨਹੀਂ ਬਣ ਸਕੇ। ਹੁਣ ਉਹਨਾ ਵਿਚੋਂ ਕਿਸੇ ਨੂੰ ਸੂਬੇ ਦੇ ਉਪ ਮੁੱਖਮੰਤਰੀ ਬਨਾਉਣ ਲਈ ਵੀ ਦੋਵੇਂ ਕਾਂਗਰਸੀ ਧਿਰਾਂ ਹਾਈ ਕਮਾਂਡ ਕੋਲ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਪਰ ਇਸ ਨਾਲ ਕੀ ਬਣੇਗਾ? ਕੀ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ, ਜਿਸ ਦਾ ਵਾਇਦਾ ਚੋਣ ਮੈਨੀਫੈਸਟੋ 'ਚ ਕਾਂਗਰਸ ਨੇ ਕੀਤਾ ਸੀ? ਕੀ ਲੋਕਾਂ ਨੂੰ ਤੇਜ਼ ਤਰਾਰ ਪ੍ਰਸ਼ਾਸ਼ਨ ਮਿਲੇਗਾ, ਜਿਸ ਸਬੰਧੀ ਫੌਜੀ ਅਫ਼ਸਰ ਤੇ ਵੱਡੇ ਕੱਦ ਬੁੱਤ ਵਾਲੇ ਸਿਆਸਤਦਾਨ ਕੈਪਟਨ ਅਮਰਿੰਦਰ ਸਿੰਘ ਤੋਂ ਪੰਜਾਬੀ ਤਵੱਜੋ ਕਰੀ ਬੈਠੈ ਸਨ?

ਪੰਜਾਬ ਦੇ ਮਸਲੇ ਵੱਡੇ ਹਨ। ਪੰਜਾਬ ਦੇ ਮੁੱਦਿਆਂ ਨੂੰ, 18 ਨੁਕਤੀ ਪ੍ਰੋਗਰਾਮ, ਜੋ ਕਾਂਗਰਸ ਹਾਈ ਕਮਾਂਡ ਨੇ ਦਿੱਤਾ ਹੈ, ਕੀ ਉਹਨਾ 'ਚ ਸਮੇਟਿਆ ਜਾ ਸਕਦਾ ਹੈ? ਪੰਜਾਬ ਦਾ ਕਿਸਾਨ ਪ੍ਰੇਸ਼ਾਨ ਹੈ। ਦਿੱਲੀ ਦੀਆਂ ਬਰੂਹਾਂ 'ਤੇ ਹੈ। ਜੰਤਰ-ਮੰਤਰ 'ਤੇ ਸਮਾਨੰਤਰ ਪਾਰਲੀਮੈਂਟ ਲਾਈ ਬੈਠਾ ਹੈ। ਉਹ ਕਿਸਾਨੀ ਦੀ ਨਹੀਂ, ਪੰਜਾਬ ਦੀ ਹੋਂਦ ਦੀ ਲੜਾਈ ਲੜ ਰਿਹਾ ਹੈ।ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਵਿਰੋਧੀ ਤਿੰਨੋ ਕਾਲੇ ਕਾਨੂੰਨਾਂ ਵਿਰੁੱਧ ਆਪਣੀ ਸਰਕਾਰ ਵਲੋਂ ਪੇਸ਼, ਵਿਧਾਨ ਸਭਾ 'ਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਹੈ। ਇਸ ਤੋਂ ਪਹਿਲਾ ਪੰਜਾਬ ਦੇ ਪਾਣੀਆਂ ਦੇ ਸਬੰਧ 'ਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਸਮਝੌਤਾ ਵਿਧਾਨ ਸਭਾ 'ਚ ਉਸਦੀ ਸਰਕਾਰ ਵਲੋਂ ਰੱਦ ਕੀਤਾ ਗਿਆ ਸੀ। ਹੁਣ ਮੰਗ ਉਠ ਰਹੀ ਹੈ ਕਿ ਖੇਤੀ ਕਾਨੂੰਨ ਵੀ ਵਿਧਾਨ ਸਭਾ 'ਚ ਰੱਦ ਕੀਤੇ ਜਾਣ ਦਾ ਮਤਾ ਪਾਸ ਕੀਤਾ ਜਾਵੇ।

ਕੈਪਟਨ ਅਮਰਿੰਦਰ ਵਲੋਂ ਬਿਨ੍ਹਾਂ ਸ਼ੱਕ ਕਿਸਾਨ ਵਿਰੋਧੀ ਕਾਨੂੰਨ ਅਤੇ ਪੰਜਾਬ ਦੇ ਪਾਣੀਆਂ ਸਬੰਧੀ ਸਪਸ਼ਟ ਸਟੈਂਡ ਲਿਆ ਗਿਆ ਹੈ, ਪਰ ਉਹ ਵਾਇਦੇ, ਜਿਹਨਾ ਦੀ ਪੂਰਤੀ ਦਾ ਉਹ ਦਾਅਵਾ ਕਰ ਰਹੇ ਹਨ, ਉਹਨਾ ਸਬੰਧੀ ਉਹ ਲੋਕਾਂ 'ਚ ਆਪਣੇ ਬਿੰਬ ਨਹੀਂ ਬਣਾ ਸਕੇ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਉਹਨਾ ਦੀ ਵੱਡੀ ਕਿਰਕਿਰੀ ਹੋਈ ਹੈ। ਭਾਵੇਂ ਉਹ ਕਹਿੰਦੇ ਹਨ ਕਿ ਇਹ ਅਦਾਲਤੀ ਮਾਮਲਾ ਹੈ, ਪਰ ਜਿਸ ਢੰਗ ਨਾਲ ਬਣਾਈ ਗਈ "ਸਿੱਟ" ਦੀ ਕਾਰਗੁਜ਼ਾਰੀ ਤੇ ਸਵਾਲ ਉਠੇ ਅਤੇ ਉਹਨਾ ਦੇ ਐਡਵੋਕੇਟ ਜਨਰਲ ਆਫ਼ ਪੰਜਾਬ ਵਲੋਂ ਇਸ ਮਸਲੇ ਅਤੇ ਹੋਰ ਮਸਲਿਆਂ ਨਾਲ ਨਿਪਟਿਆ ਗਿਆ, ਉਸ ਨਾਲ ਵੱਡੇ ਸੁਆਲ ਖੜੇ ਹੋਏ। ਇਲਜ਼ਾਮ ਲੱਗੇ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਉਸ ਪਰਿਵਾਰ ਨਾਲ ਰਲੀ ਹੋਈ ਹੈ। ਇਹ ਇਲਜ਼ਾਮ ਤਾਂ ਪ੍ਰਤੱਖ ਲੱਗਿਆ ਕਿ ਪੰਜਾਬ ਵਿੱਚ ਸਿਆਸੀ ਲੋਕ ਨਹੀਂ ਸਗੋਂ ਅਫ਼ਸਰਸ਼ਾਹੀ ਰਾਜ ਕਰਦੀ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਕਿਸੇ ਸਿਆਸੀ ਕਾਰਕੁੰਨ ਜਾਂ ਵਿਧਾਇਕਾਂ ਨੂੰ ਨਹੀਂ ਮਿਲਦੇ ਅਤੇ ਲੋਕਾਂ ਵਿੱਚ ਨਹੀਂ ਵਿਚਰਦੇ। ਇਹ ਵੀ ਇਲਜ਼ਾਮ ਲੱਗਿਆ ਕਿ ਅਕਾਲੀ-ਬਾਜਪਾ ਸਰਕਾਰ ਵੇਲੇ ਜੋ ਮਾਫੀਆ ਸਰਗਰਮ ਸੀ, ਉਹਨੇ 75:25 ਦਾ ਫਾਰਮੂਲਾ ਅਪਨਾ ਕੇ ਆਪਣੇ "ਬੌਸ" ਅਕਾਲੀਆਂ ਤੋਂ ਕਾਂਗਰਸੀਆਂ ਵੱਲ ਬਦਲ ਲਏ ਹਨ। ਦੋਸ਼ ਇਹ ਵੀ ਲੱਗਿਆ ਕਿ ਪ੍ਰਾਈਵੇਟ ਬੱਸ ਕੰਪਨੀਆਂ ਬਿਨ੍ਹਾਂ ਪਰਮਿੱਟ ਪੰਜਾਬ 'ਚ ਸਵਾਰੀਆਂ ਢੋਂਦੀਆਂ ਹਨ ਅਤੇ ਇਹਨਾ 'ਚ ਵੱਡੀ ਗਿਣਤੀ ਬਾਦਲ ਪਰਿਵਾਰ ਦੀਆਂ ਬੱਸਾਂ ਦੀ ਹੈ।

ਇਹੋ ਸਾਰੇ ਮੁੱਦੇ ਭਾਵੇਂ ਪਹਿਲਾਂ ਪੰਜਾਬ ਦੀ ਵਿਰੋਧੀ ਧਿਰ 'ਚ ਬੈਠੀ ਆਮ ਆਦਮੀ ਪਾਰਟੀ ਉਠਾਉਂਦੀ ਰਹੀ ਪਰ ਬਾਅਦ 'ਚ ਨਵਜੋਤ ਸਿੰਘ ਸਿੱਧੂ, ਜੋ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿੱਚ ਸਥਾਨਕ ਸਰਕਾਰਾਂ ਮੰਤਰੀ ਬਣਿਆ, ਫਿਰ ਅਸਤੀਫ਼ਾ ਦੇ ਗਿਆ, ਵਲੋਂ ਵੀ ਚੁੱਕੇ ਗਏ। ਉਸ ਨਾਲ ਕਾਂਗਰਸ ਹਾਈ ਕਮਾਂਡ ਦੇ ਆਖਣ 'ਤੇ ਪੰਜਾਬ ਕੈਬਨਿਟ ਦੇ ਮੰਤਰੀ ਅਤੇ ਵਿਧਾਇਕ ਉਦੋਂ ਜੁੜ ਗਏ ਜਦੋਂ ਪੰਜਾਬ ਹਰਿਆਣਾ ਹਾਈਕੋਰਟ ਵਲੋਂ "ਸਿੱਟ' ਦੀ ਕੋਟਕਪੂਰਾ ਗੋਲੀਕਾਂਡ ਨਾਲ ਰਿਪੋਰਟ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਮਾਮਲਾ ਵਧਿਆ। ਕਾਂਗਰਸ ਹਾਈ ਕਾਂਡ ਤੱਕ ਪੁੱਜਿਆ। ਕਾਂਗਰਸੀਆਂ 'ਚ ਖੋਹ-ਖਿੱਚ ਹੋਈ। ਕਲੇਸ਼ ਵਧਿਆ। ਜੋ ਹੁਣ ਤੱਕ ਵੀ ਜਾਰੀ ਹੈ। ਪਰ ਇਸ ਸਭ ਕੁਝ ਨਾਲ ਪੰਜਾਬ ਦੇ ਮਸਲੇ ਹੱਲ ਕਰਨ ਵੱਲ ਕਿੰਨੇ ਕੁ ਸਾਰਥਕ ਯਤਨ ਹੋਣਗੇ? ਕੀ ਇਸ ਨਾਲ ਪੰਜਾਬੀਆਂ ਨੂੰ ਕੋਈ ਰਾਹਤ ਮਿਲੇਗੀ। ਜਾਂ ਕਾਰਪੋਰੇਟੀ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਕਾਂਗਰਸੀਆਂ ਨੂੰ ਪੰਜਾਬ 'ਚੋਂ ਇੱਕ ਵੇਰ ਫਿਰ ਜਿਤਾਉਣ ਦੀ ਨੀਤੀ ਦੇ ਭੁਲੇਖਿਆਂ 'ਚ ਪੰਜਾਬੀ ਫਸ ਜਾਣਗੇ। ਰਾਜ ਭਾਗ ਉਹਨਾ ਲੋਕਾਂ ਦੇ ਹੱਥ 'ਚ ਮੁੜ ਫਿਰ ਆ ਜਾਏਗਾ, ਜਿਹਨਾ ਦੇ ਹੱਥਾਂ 'ਚ ਪੰਜਾਬ ਸੁਰੱਖਿਅਤ ਨਹੀਂ ਹੈ।



ਗੁਰਮੀਤ ਪਲਾਹੀ
91-98158-02070

ਪੰਜਾਬ 'ਚ ਮਾਫੀਏ ਦਾ ਰੰਗ ਤਾਂ ਹਰ ਪਾਰਟੀ 'ਚ ਦਿਖਾਈ ਦਿੰਦਾ ਹੀ ਹੈ, ਇਥੋਂ ਦੇ ਸਿਆਤਸਤਦਾਨਾਂ ਦੇ ਅਕਸ ਵੀ ਸਾਫ਼-ਸੁਥਰੇ ਨਹੀਂ ਹਨ। ਜਿਵੇਂ ਦੇਸ਼ ਭਾਰਤ ਉਸ ਪਾਰਟੀ ਦੇ ਹੱਥਾਂ 'ਚ ਸੁਰੱਖਿਅਤ ਨਹੀਂ, ਜਿਸਦੀ ਕੇਂਦਰੀ ਵਜਾਰਤ ਦੇ 42 ਫ਼ੀਸਦੀ ਮੰਤਰੀਆਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਉਵੇਂ ਹੀ ਪੰਜਾਬ ਉਹਨਾ ਸਿਆਸਤਾਨਾਂ ਹੱਥ ਸੁਰੱਖਿਅਤ ਨਹੀਂ, ਜਿਥੋਂ ਦੇ 117 ਪੰਜਾਬ ਵਿਧਾਨ ਸਭਾ ਵਿਧਾਇਕਾਂ ਵਿਚੋਂ 27 ਵਿਧਾਇਕਾਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਜਿਹਨਾ ਵਿਚੋਂ ਗਿਆਰਾਂ ਉਤੇ ਅਤਿ ਗੰਭੀਰ ਅਪਰਾਧਿਕ ਮਾਮਲੇ ਹਨ। ਉਂਵੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੰਜਾਬ, ਹਰਿਆਣਾ ਨਾਲ ਸਬੰਧਤ 96 ਵਿਧਾਇਕਾਂ, ਸਾਂਸਦਾਂ ਉਤੇ 163 ਮਾਮਲੇ ਦਰਜ਼ ਹਨ।

ਇਹਨਾ ਵਿੱਚ ਸੁਖਬੀਰ ਸਿੰਘ ਬਾਦਲ (ਅਕਾਲੀ), ਰਵਨੀਤ ਸਿੰਘ ਬਿੱਟੂ(ਕਾਂਗਰਸ), ਸੁਖਪਾਲ ਖਹਿਰਾ(ਕਾਂਗਰਸ), ਸੁੱਚਾ ਸਿੰਘ ਲੰਗਾਹ, ਸਿਕੰਦਰ ਸਿੰਘ ਮਲੂਕਾ, ਮੋਹਨ ਲਾਲ, ਗੁਲਜ਼ਾਰ ਸਿੰਘ ਰਣੀਕੇ, ਬਿਕਰਮਜੀਤ ਸਿੰਘ ਮਜੀਠੀਆ, ਰਵਿੰਦਰ ਸਿੰਘ ਬ੍ਰਹਮਪੁਰਾ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਸ਼ਾਮਲ ਹਨ। ਨਵਜੋਤ ਸਿੰਘ ਸਿੱਧੂ ਉਤੇ ਇੱਕ ਕੇਸ ਹੈ ਜੋ ਸੁਪਰੀਮ ਕੋਰਟ ਵਿੱਚ ਰਵੀਊ ਅਧੀਨ ਲੰਬਿਤ ਹੈ। ਸਭ ਤੋਂ ਵੱਧ ਅਪਰਾਧਿਕ 15 ਮਾਮਲੇ ਸਿਮਰਨਜੀਤ ਸਿੰਘ ਬੈਂਸ ਵਿਧਾਇਕ ਉਤੇ ਹਨ।

ਜਾਪਦਾ ਹੈ ਪੰਜਾਬ ਦੀ ਸਰਕਾਰ ਉਨੀਂਦਰੇ ਤੋਂ ਉੱਠੀ ਹੈ। ਭਲਾ ਹੋਵੇ, ਚਲੋ ਕੁੰਭਕਰਨੀ ਨੀਂਦ ਤਾਂ ਸਰਕਾਰ ਦੀ ਖੁੱਲ੍ਹੀ ਹੈ। ਜਿੰਨਾ ਚਿਰ ਬਚਿਆ ਹੈ, ਪੰਜਾਬ ਹਿਤੈਸ਼ੀ ਫ਼ੈਸਲੇ ਜੇਕਰ ਅਮਰਿੰਦਰ ਸਿੰਘ ਕਰ ਸਕਣ, ਬਿਜਲੀ ਦਾ ਬੋਝ ਪੰਜਾਬੀਆਂ ਸਿਰੋਂ ਲਾਹ ਸਕਣ, ਪੈਟਰੋਲ-ਡੀਜ਼ਲ ਤੋਂ ਐਕਸਾਈਜ਼ ਡਿਊਟੀ ਘਟਾ ਸਕਣ, ਮੁਲਾਜ਼ਮਾਂ, ਬੇਰੁਜ਼ਗਾਰਾਂ ਦੇ ਮਸਲੇ ਹੱਲ ਕਰ ਸਕਣ, ਰੇਤ ਮਾਫੀਏ ਨੂੰ ਠੱਲ ਪਾ ਸਕਣ, ਕਿਸਾਨਾਂ ਦੇ ਹੱਕ ਵਿੱਚ ਅਵਾਜ਼ ਉਠਾ ਸਕਣ ਤਾਂ ਸ਼ਾਇਦ ਪੰਜਾਬ ਦੇ ਲੋਕ ਉਹਨਾ ਨੂੰ ਵੀ,ਅੱਠ-ਨੌਂ ਮਹੀਨੇ ਪੰਜਾਬ ਦੇ ਮੁੱਖ ਮੰਤਰੀ ਰਹੇ ਲਛਮਣ ਸਿੰਘ ਗਿੱਲ ਵਾਂਗਰ ਯਾਦ ਰੱਖਣਗੇ, ਜਿਹਨਾ ਨੇ ਪੰਜਾਬ ਦੇ ਪਿੰਡਾਂ 'ਚ ਸੜਕਾਂ ਦਾ ਜਾਲ ਵਿਛਾ ਦਿੱਤਾ ਸੀ ਅਤੇ ਪੰਜਾਬੀ ਬੋਲੀ ਨੂੰ ਪੰਜਾਬ ਦੇ ਦਫ਼ਤਰਾਂ 'ਚ ਲਾਜ਼ਮੀ ਲਾਗੂ ਕਰਕੇ ਵੱਡਾ ਨਾਮਣਾ ਖਟਿਆ ਸੀ।

## ਕੰਪਿਊਟਰ ਟੀਚਰ ਰਮੇਸ਼ ਕੁਮਾਰ ਨੇ ਬਲਾਕ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ

ਸਿੱਖਿਆ ਵਿਭਾਗ ਵੱਲੋਂ ਬੀਤੇ ਦਿਨੀਂ TEACHER FEST ਕਰਵਾਇਆ ਗਿਆ, ਜਿਸ ਅਧੀਨ Teaching Learning Process ਨੂੰ ਹੋਰ ਗੁਣਾਤਮਕ, ਆਸਾਨ ਅਤੇ ਵਿਦਿਆਰਥੀਆਂ ਦੀ ਪਕੜ ਵਿੱਚ ਲਿਆਉਣ ਲਈ ਵੱਖ-ਵੱਖ ਅਧਿਆਪਕਾਂ ਦੁਆਰਾ ਆਪਣੇ ਪੱਧਰ ਤੇ Teaching Learning Material ਤਿਆਰ ਕੀਤੇ ਗਏ ਜਿਸ ਵਿੱਚ model/Teaching Aids, Apps, Games, Innovative Charts, flash cards, kits, handwriting, calligraphy competitions, IT tools ਆਦਿ ਸ਼ਾਮਿਲ ਸਨ।ਵਿਭਾਗ ਵਿੱਚ ਕੰਮ ਕਰ ਰਹੇ ਵੱਖ-ਵੱਖ ਵਿਸ਼ਾ ਅਧਿਆਪਕਾਂ ਦੁਆਰਾ ਜੋ Innovations ਕੀਤੀਆਂ ਗਈਆਂ, ਉਹ ਦੂਸਰੇ ਵਿਸ਼ਾ ਅਧਿਆਪਕਾਂ-ਵਿਦਿਆਰਥੀਆਂ ਲਈ ਕਿਵੇਂ ਲਾਭਦਾਇਕ ਹੋ ਸਕਦੇ ਹਨ, ਸਾਝਾਂ ਕਰਨ ਦਾ ਮੌਕਾ ਦਿੱਤਾ ਗਿਆ।



ਇਸ ਫੈਸਟ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਕਰਾਲਾ (ਨਾਭਾ) ਤੋਂ ਸ੍ਰੀ ਰਮੇਸ਼ ਕੁਮਾਰ ਕੰਪਿਊਟਰ ਟੀਚਰ ਨੇ ਬਲਾਕ ਭਾਦਸੋਂ-1 ਅਧੀਨ ਆਪਣੇ ਹੱਥੀ ਬਣਾਏ ਨੈਟਵਰਕ ਟੋਪੋਲੋਜੀ ਉੱਪਰ ਮਾਡਲ ਨਾਲ ਭਾਗ ਲਿਆ ਅਤੇ ਬਲਾਕ ਭਾਦਸੋਂ-1 ਵਿੱਚੋਂ ਪਹਿਲਾ ਸ਼ਥਾਨ ਵੀ ਪ੍ਰਾਪਤ ਕੀਤਾ ।ਇਹ ਪ੍ਰਾਪਤੀ ਦਾ ਸਿਹਰਾ ਸ੍ਰੀ ਰਮੇਸ਼ ਕੁਮਾਰ ਦੇ ਨਾਲ ਨਾਲ ਸਕੂ.ਲ ਮੁੱਖੀ ਸ੍ਰੀਮਤੀ ਕੁਮਾਰੀ ਹੇਮਾ ਨੂੰ ਜਾਂਦਾ ਹੈ ਜਿਹਨਾਂ ਦੀ ਯੋਗ ਅਗਵਾਈ ਅਧੀਨ ਕਰਮਚਾਰੀਆਂ ਦੀ ਹੌਂਸਲਾ ਅਫ਼ਜਾਈ ਕੀਤੀ ਗਈ।

**– ਮੇਜਰ ਸਿੰਘ ਨਾਭਾ**

## ਲੋਕ ਸਾਹਿਤ ਸੰਗਮ ਵਿਚ ਰਮਿੰਦਰ ਰੰਮੀ ਦੀ ਪੁਸਤਕ 'ਕਿਸ ਨੂੰ ਆਖਾਂ' ਲੋਕ ਅਰਪਣ

**ਰਾਜਪੁਰਾ–** ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਵਿਚ ਹੋਈ। ਜਿਸ ਵਿਚ ਕੈਨੇਡਾ ਵਸਦੀ ਰਮਿੰਦਰ ਰੰਮੀ ਦੀ ਪੁਸਤਕ 'ਕਿਸ ਨੂੰ ਆਖਾਂ 'ਦੀ ਘੁੰਡ ਚੁਕਾਈ ਹੋਈ। ਇਸ ਮੌਕੇ ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਨੇ ਲੇਖਕਾ ਨੂੰ ਜਿੱਥੇ ਵਧਾਈ ਦਿਤੀ ਉੱਥੇ ਕਿਹਾ ਕਿ ਵਿਦੇਸ਼ਾ ਵਿਚ ਬੈਠੇ ਪੰਜਾਬੀ ਸਾਹਿਤਕਾਰ ਪਹਿਲਾਂ ਰੁਜਗਾਰ ਲਈ ਮਿਹਨਤ ਕਰਦੇ ਸਨ ਹੁਣ ਉਹ ਇਸ ਤੋਂ ਉਪਰ ਉੱਠਕੇ ਆਪਣੀ ਮਾਤਭੂਮੀ ਦੇ ਮੋਹ ਵਿਚ ਚੰਗਾ ਸਾਹਿਤ ਨਿੱਠ ਕੇ ਰਚ ਰਹੇ ਹਨ। ਇਸ ਪੁਸਤਕ ਬਾਰੇ ਹਰਜਿੰਦਰ ਕੌਰ ਨੇ ਦੱਸਿਆ ਕਿ ਲੇਖਿਕਾ ਰੰਮੀ ਇਕ ਸਹਿਜ ਸੋਚ ਵਾਲੀ ਸੰਵੇਦਨਸ਼ੀਲ ਲੇਖਿਕਾ ਹੈ ਜਿਸ ਨੇ ਸਾਹਿਤਕਾਰਾਂ ਦਾ ਸੰਗਠਨ ਬਣਾਇਆ ਹੋਇਆ ਹੈ ਤੇ ਨਿਰੰਤਰ ਸਾਹਿਤ ਨਾਲ ਸਾਂਝ ਰੱਖੀ ਹੋਈ ਹੈ। ਇਸ ਮੌਕੇ ਸਾਵਣ ਕਵੀ ਦਰਬਾਰ ਵਿਚ ਅਮਰਜੀਤ ਸਿੰਘ ਲੁਬਾਣਾ ਦੀ ਕਵਿਤਾ ਨਾਲ ਸ਼ੁਰੂਆਤ ਹੋਈ। ਕਰਮ ਸਿੰਘ ਹਕੀਰ ਨੇ 'ਦੱਸੋ ਦੱਸੋ ਵੇ ਲੋਕੋ ਮੈਂ ਕਿਧਰ ਨੂੰ ਜਾਵਾਂ 'ਸੁਣਾਕੇ ਚੰਗਾ ਰੰਗ ਬੰਨਿਆ। ਅਵਤਾਰ ਪੁਆਰ ਦੀ ਗ਼ਜ਼ਲ 'ਮੌਸਮ ਖੁਸ਼ਗਵਾਰ ਹੋਇਆ ਬਰਸਾਤ ਪਿੱਛੋਂ 'ਸੁਣਾਈ। ਗੀਤਕਾਰ ਸੁਰਿੰਦਰ ਸੋਹਣਾ ਦਾ ਗੀਤ 'ਸੌਣ ਦਾ ਮਹੀਨਾ ਆਜਾ ਬੂੰਦਾਂ ਪੈਂਦੀਆਂ ' ਸੁਣਾਕੇ ਸਾਵਣ ਵਿਚ ਅਲੰਕਾਰਾਂ ਰਾਹੀਂ ਇਕ ਮਹਿਬੂਬ ਨੂੰ ਸੰਬੋਧਿਤ ਕੀਤਾ। ਪ੍ਰੋ ਭੁਪਿੰਦਰ ਸ਼ਾਹੀ ਦੀ ਕਵਿਤਾ 'ਕੁਦਰਤ ਖਿੜ ਪਈ ਰੁੱਤਾਂ ਆਈਆਂ ,ਪਾਰ ਮਾਨਸ ਨੇ ਨਾ ਖਿੜਨਾ ਕਦੇ ਵੀ 'ਸੁਣਾਈ। ਅੰਗਰੇਜ ਕਲੇਰ ਨੇ 'ਮਨ ਦੇ ਬਸੰਤੀ ਰੰਗ ਜਦੋਂ ਸ਼ੋਖ ਹੁੰਦੇ ਨੇ ' ਸੁਣਾਈ। ਬੀਬੀ ਹਰਜਿੰਦਰ ਕੌਰ 'ਔਰਤ ਹਾਂ ਇਕ ਵਹਿੰਦੀ ਨਦੀ 'ਸੁਣਾਕੇ ਬਿਰਹਾ ਤੇ ਚਾਨਣਾ ਪਾਇਆ। ਬੀਬੀ ਸੁਨੀਤਾ ਦੇਸਰਾਜ ਨੇ ਚੁੱਪ ਕੁੱਝ ਨਾ ਕੁੱਝ ਕਹਿਕੇ ਵੀ ਕਹਿ ਜਾਂਦੀ ਏ 'ਸੁਣਾਈ। ਕੁਲਵੰਤ ਜੱਸਲ ਨੇ 'ਜੰਡ ਥੱਲੇ ਮਿਰਜ਼ਾ ਕਿਉਂ ਮਰਦਾ ਸੁਣਕੇ ਵਾਹ ਵਾਹ ਖੱਟੀ। ਬੀਬੀ ਸ਼ਰਨਜੀਤ ਕੌਰ 'ਅੱਗ ਦੀ ਮੰਡੀ ਜਦ ਮੈ ਆਈ 'ਸੁਣਾਕੇ ਮਾਹੌਲ ਖੁਸ਼ਗਵਾਰ ਕਰ ਦਿੱਤਾ। ਡਾ ਹਰਜੀਤ ਸਿੰਘ ਸੱਧਰ ਨੇ 'ਸਾਵਣਾ ਵੇ ਸਾਵਣਾ ਦਾਸ ਹੁਣ ਕਦੋਂ ਆਵਣਾ' ਸੁਣਾਕੇ ਮੰਤਰਮੁਗਧ ਕਰ ਦਿੱਤਾ। ਪੱਤਰਕਾਰ ਗੁਰਵਿੰਦਰ ਪਾਲ ਸਿੰਘ ਜੀਪੀ 'ਸੁਰਖ ਪੱਤਿਆਂ ਦਾ ਸਾਵਣ 'ਪੇਸ਼ ਕੀਤੀ ਤੇ ਵਾਹ ਵਾਹ ਖੱਟੀ। ਬਲਦੇਵ ਸਿੰਘ ਖੁਰਾਣਾ ਮਧੁਰ ਆਵਾਜ਼ ਵਿਚ ਤੂੰ ਪੀਂਘ ਤੇ ਮੈ ਪਰਛਾਵਾਂ ਗੀਤ ਸੁਣਾਇਆ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਅਲੋਪ ਹੋ ਰਹੇ ਵਿਰਸੇ ਨੂੰ ਸੰਬੋਧਿਤ 'ਆਖਾਂ ਜਾਂਦੀ ਸਦੀ ਨੂੰ ਇਕ ਕਰਮ ਕਮਾਂਦੇ ,ਵਿਰਸਾ ਮੇਰੇ ਪੰਜਾਬ ਦਾ ਨੀ ਮੋੜ ਲਿਆਂਦੇ। ਸੁਣਕੇ ਚੰਗਾ ਰੰਗ ਬੰਨਿਆ ਅਤੇ ਰਮਿੰਦਰ ਰੰਮੀ ਦੀ ਕਿਤਾਬ ਵਿਮੋਚਨ ਤੇ ਵਧਾਈ ਦਿਤੀ।



# ਔਰਤਾਂ ਦੇ ਹੱਕਾਂ ਲਈ ਲੜਨ ਵਾਲੇ ਮਹਾਨ ਯੋਧੇ



ਸੰਤੋਖ ਸਿੰਘ ਜੱਸੀ
91-70876–19800

ਬਾਲਕ ਭੀਮ ਰਾਓ ਦਾ ਜਨਮ 14 ਅਪ੍ਰੈਲ, 1891 ਨੂੰ ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਸੂਬੇਦਾਰ ਰਾਮਜੀ ਸਕਪਾਲ ਜੀ ਦੇ ਗ੍ਰਹਿ ਵਿਖੇ ਮਹੂ ਛਾਉਣੀ, ਇੰਦੌਰ, ਮੱਧ ਪ੍ਰਦੇਸ਼ ਵਿਚ ਹੋਇਆ। ਬਾਬਾ ਸਾਹਿਬ ਮਾਪਿਆਂ ਦੀ 14ਵੇਂ ਰਤਨ ਸਨ।ਬਾਬਾ ਸਹਿਬ ਡਾ.ਅੰਬੇਡਕਰ ਨੇ ਅਖੌਤੀ ਅਛੂਤ ਜਾਤ ਮੁਹਾਰ ਵਿੱਚ ਜਨਮ ਲੈ ਕਿ ਸ਼ਿਆ ਜੀ ਰਾਓ ਗਾਇਕਵਾੜ ਮਹਾਰਾਜ (ਬੜੌਦਾ ਰਿਆਸਤ) ਦੇ ਆਰਥਿਕ ਸਹਿਯੋਗ ਨਾਲ ਦੁਨੀਆ ਭਰ ਦਾ ਗਿਆਨ ਵੱਖ ਵੱਖ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਪਾਸੋਂ ਪ੍ਰਾਪਤ ਕੀਤਾ ਜਿਸ ਦੀ ਬਦੌਲਤ ਉਹਨਾਂ ਵੱਖ ਵੱਖ ਵਿਸ਼ਿਆਂ ਦਾ ਅਧਿਐਨ ਕੀਤਾ, ਖੋਜ ਪੱਤਰ ਲਿਖੇ।ਮਨੁੱਖੀ ਹੱਕਾਂ ਦੀ ਬਹਾਲੀ ਲਈ ਆਪਣੇ ਆਪ ਨੂੰ ਸਮਾਜ ਲਈ ਸਮਰਪਿਤ ਕੀਤਾ। ਉਹਨਾਂ 27 ਦਸੰਬਰ, 1927 ਨੂੰ ਉਹਨਾਂ ਨੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਔਰਤਾਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ, ਤੁਸੀਂ ਆਪਣੇ-ਆਪ ਨੂੰ ਅਛੂਤ ਨਾ ਸਮਝੋ, ਸਵਰਣ ਹਿੰਦੂ ਔਰਤਾਂ ਦੀ ਤਰ੍ਹਾਂ ਕੱਪੜੇ ਪਹਿਨੋ, ਇਸ ਗੱਲ ਦੀ ਪਰਵਾਹ ਨਾ ਕਰੋ ਕਿ ਤੁਹਾਡੇ ਕੱਪੜਿਆਂ ਨੂੰ ਟਾਕੀਆਂ ਲੱਗੀਆਂ ਹੋਈਆਂ ਹਨ। ਪਰ ਇਸ ਗੱਲ ਦਾ ਧਿਆਨ ਰੱਖੋ ਕਿ ਇਹ ਸਾਫ-ਸੁਥਰੇ ਹੋਣ। ਕੋਈ ਵੀ ਤੁਹਾਡੇ ਮਨ ਭਾਉਂਦੀਆਂ ਟੂੰਬਾਂ, ਬਰਤਨ, ਕੱਪੜੇ ਅਤੇ ਸਵੈ ਸਹਾਇਤਾ ਅਤੇ ਸੱਭਿਆਚਾਰਕ ਪ੍ਰਗਤੀ ਦੇ ਹੱਕਾਂ 'ਤੇ ਕੋਈ ਰੋਕ ਨਹੀਂ ਲਾ ਸਕਦਾ। ਆਪਣੇ ਪਤੀ, ਪੁੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਸ਼ਰਾਬੀ ਹੋਣ 'ਤੇ ਖਾਣਾ ਨਾ ਦਿਓ, ਆਪਣਿਆਂ ਬੱਚਿਆਂ ਨੂੰ ਸਕੂਲ ਜਰੂਰ ਭੇਜੋ। ਵਿੱਦਿਆ ਜਿੰਨੀ ਜਰੂਰੀ ਪੁਰਸ਼ਾਂ ਲਈ ਹੈ, ਉਨੀ ਹੀ ਔਰਤਾਂ ਲਈ ਲੋੜੀਂਦੀ ਹੈ। ਜੇ ਤੁਸੀਂ ਪੜ੍ਹ-ਲਿਖ ਜਾਵੋ ਤਾਂ ਬਹੁਤ ਤਰੱਕੀ ਹੋ ਸਕਦੀ ਹੈ। ਇਸ ਲਈ ਹਰ ਇਸਤਰੀ ਨੂੰ ਘੱਟੋ-ਘੱਟ 10 ਜਮਾਤਾਂ ਜਰੂਰ ਪੜ੍ਹਨੀਆਂ ਚਾਹੀਦੀਆਂ ਹਨ। ਜਿਵੇਂ ਤੁਸੀਂ ਹੋਵੋਗੇ, ਤਿਵੇਂ ਹੀ ਤੁਹਾਡੇ ਬੱਚੇ ਹੋਣਗੇ। ਉਹਨਾਂ ਦੇ ਜੀਵਨ ਨੂੰ ਨੇਕ ਬਣਾਓ, ਕਿਉਂਕਿ ਬੱਚੇ ਅਜਿਹੇ ਹੋਣੇ ਚਾਹੀਦੇ ਹਨ, ਜੋ ਦੁਨੀਆਂ 'ਤੇ ਆਪਣੇ ਚਿੰਨ੍ਹ ਛੱਡ ਜਾਣ।ਉਹਨਾਂ ਨੇ ਕਿਹਾ ਕਿ ਜਦ ਤੱਕ ਔਰਤਾਂ ਨੂੰ ਦੂਜੇ ਦਰਜੇ ਦੀ ਨਾਗਰਿਕ ਸਮਝਿਆ ਜਾਂਦਾ ਰਹੇਗਾ ਅਤੇ ਮਰਦਾਂ ਦੇ ਬਰਾਬਰ ਆਉਣ ਨਹੀਂ ਦਿੱਤਾ ਜਾਵੇਗਾ, ਤਦ ਤੱਕ ਦੇਸ਼ ਦਾ ਅੱਧਾ ਭਾਗ ਗੁਲਾਮ ਹੀ ਰਹੇਗਾ। ਉਹਨਾਂ ਨੇ ਸਪੱਸ਼ਟ ਕਿਹਾ ਜਦ ਤੱਕ ਔਰਤਾਂ ਕ੍ਰਾਂਤੀ ਵਿੱਚ ਹਿੱਸੇਦਾਰ ਨਹੀਂ ਹੁੰਦੀਆ, ਕ੍ਰਾਂਤੀ ਸਮਾਜਿਕ ਹੋਵੇ ਜਾਂ ਆਰਥਿਕ ਅਧੂਰੀ ਹੀ ਹੋਵੇਗੀ।"

ਬਾਬਾ ਸਾਹਿਬ ਦੀ ਬਦੌਲਤ ਅਤੇ ਸੰਵਿਧਾਨ ਵਿੱਚ ਬਰਾਬਰਤਾ ਦੇ ਅਧਿਕਾਰਾਂ ਤਹਿਤ ਅੱਜ ਸਮੁੱਚੇ ਭਾਰਤ ਦੀਆਂ ਔਰਤਾਂ ਨੂੰ ਜਾਇਦਾਦ ਦਾ ਅਧਿਕਾਰ, ਵਾਰਸ ਚੁਣਨ ਦਾ ਅਧਿਕਾਰ, ਦੂਜਾ ਵਿਆਹ ਕਰਾਉਣ ਦਾ ਅਧਿਕਾਰ, ਬੱਚਾ ਗੋਦ ਲੈਣ ਦਾ ਅਧਿਕਾਰ, ਮਾਲਕ ਬਣਨ ਦਾ ਅਧਿਕਾਰ, ਪੜ੍ਹਨ-ਲਿਖਣ ਅਤੇ ਹਰ ਖੇਤਰ ਵਿੱਚ ਬਰਾਬਰਤਾ ਦਾ ਅਧਿਕਾਰ ਸੰਵਿਧਾਨ ਲਾਗੂ ਹੋਣ ਕਾਰਨ ਬਣੇ ਵੱਖ ਵੱਖ ਕਾਨੂੰਨਾਂ ਕਾਰਨ ਮਿਲੇ ਹਨ।




ਉਹਨਾਂ ਭਾਰਤ ਵਾਸੀਆਂ ਨੂੰ ਅਪੀਲ ਕੀਤੀ ਕਿ ਜਾਤ-ਪਾਤ, ਜੋ ਸਮਾਜਿਕ ਜੀਵਨ ਵਿੱਚ ਵਖਰੇਵਾਂ ਪੈਦਾ ਕਰਦੀ ਹੈ ਅਤੇ ਜਾਤਾਂ ਵਿਚਕਾਰ ਈਰਖਾ ਅਤੇ ਵੈਰ-ਵਿਰੋਧ ਪੈਦਾ ਕਰਦੀ ਹੈ, ਉਸਨੂੰ ਛੱਡ ਕੇ ਸਮਾਜਿਕ ਅਤੇ ਮਾਨਸਿਕ ਅਰਥਾਂ ਵਿੱਚ ਇੱਕ ਕੌਮ ਬਣਨ ਦਾ ਯਤਨ ਕਰਨਾ ਚਾਹੀਦਾ ਹੈ।

ਦਸੰਬਰ 1940 ਵਿੱਚ ਇੱਕ ਪੁਸਤਕ, "ਪਾਕਿਸਤਾਨ 'ਤੇ ਵਿਚਾਰ" ਬਾਬਾ ਸਾਹਿਬ ਨੇ ਆਪਣੀ ਪਤਨੀ ਰਮਾਬਾਈ ਨੂੰ ਜਿਸ ਨੂੰ ਉਹ ਰਾਮੋ ਕਰਕੇ ਪੁਕਾਰਿਆ ਕਰਦੇ ਸਨ ਨੂੰ ਸਮਰਪਿਤ ਕਰਦੇ ਹੋਏ ਇਹ ਸ਼ਬਦ ਕਹੇ ਕਿ "ਮੈਂ ਇਹ ਪੁਸਤਕ ਰਾਮੋ ਨੂੰ ਉਸ ਦੇ ਦਿਲ ਦੀ ਚੰਗਿਆਈ, ਮਨ ਦੀ ਨੀਤੀ, ਸਦਾਚਾਰ ਦੀ ਪਵਿੱਤਰਤਾ ਅਤੇ ਮੇਰੇ ਨਾਲ ਦੁੱਖ ਕੱਟਣ ਵਿੱਚ, ਥੁੜ੍ਹ ਅਤੇ ਪ੍ਰੇਸ਼ਾਨੀ ਦੇ ਦਿਨਾਂ ਵਿੱਚ ਜਦ ਸਾਡਾ ਕੋਈ ਮਦਦਗਾਰ ਨਹੀਂ ਸੀ, ਅੱਤ ਦੀ ਸਹਿਣਸ਼ੀਲਤਾ ਅਤੇ ਰਜ਼ਾਮੰਦੀ ਦਿਖਾਉਣ ਦੀ ਪ੍ਰੰਸ਼ਸਾ ਵਜੋਂ ਭੇਂਟ ਕਰਦਾ ਹਾਂ।"

ਇਸੇ ਤਰ੍ਹਾਂ ਬਾਬਾ ਸਾਹਿਬ ਨੇ ਆਪਣੀ ਦੂਸਰੀ ਪਤਨੀ ਡਾ. ਸਵਿਤਾ ਅੰਬੇਡਕਰ ਨੂੰ ਇੱਕ ਪੱਤਰ ਵਿਚ ਲਿਖਿਆ ਕਿ, "ਮੈਂ ਔਰਤਾਂ ਦੇ ਹੱਕਾਂ ਲਈ ਲੜਨ ਵਾਲਾ ਯੋਧਾ ਹਾਂ।" ਬਾਬਾ ਸਾਹਿਬ ਨੇ ਕਿਹਾ ਕਿ ਜੇਕਰ ਮੈਨੂੰ ਪੁੱਛਿਆ ਜਾਵੇ ਕਿ ਸੰਵਿਧਾਨ ਦੀ ਸਭ ਤੋਂ ਮਹੱਤਵਪੂਰਨ ਧਾਰਾ ਕਿਹੜੀ ਹੈ ਤਾਂ ਮੈਂ ਕਹਾਂਗਾ "ਧਾਰਾ 20 ਸੰਵਿਧਾਨਿਕ ਹੱਕ" ਭਾਵ ਆਪਣੀ ਸ਼ਿਕਾਇਤ ਲਈ ਸੰਵਿਧਾਨ ਦੀ ਸ਼ਰਨ ਵਿੱਚ ਜਾਣਾ। ਭਾਵ ਭਾਰਤ ਦਾ ਹਰ ਨਾਗਰਿਕ ਚਾਹੇ ਉਹ ਪੁਰਸ਼ ਹੋਵੇ ਜਾਂ ਔਰਤ ਆਪਣੇ ਇਨਸਾਫ ਲਈ ਥਾਣੇ, ਅਦਾਲਤਾਂ 'ਚ ਜਾਣ ਦਾ ਅਧਿਕਾਰ ਰੱਖਦਾ ਹੈ।

26 ਜਨਵਰੀ 1950 ਤੋਂ ਲਾਗੂ ਸੰਵਿਧਾਨ ਰਾਹੀਂ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਵਿਚ ਲਿੰਗ, ਜਾਤ-ਪਾਤ, ਧਰਮ, ਨਸਲ, ਭਾਸ਼ਾ ਦੇ ਵਿਤਕਰੇ ਹਮੇਸ਼ਾਂ ਲਈ ਬੰਦ ਕਰਨ ਦੀ ਵਿਵਸਥਾ ਕੀਤੀ ਗਈ ਹੈ। ਜਿਸ ਕਰਕੇ ਸਮੇਂ-ਸਮੇਂ ਦੀਆਂ ਸਰਕਾਰਾਂ ਨੂੰ ਔਰਤਾਂ ਨੂੰ ਅੱਗੇ ਵੱਧਣ ਦੇ ਮੌਕੇ ਅਤੇ ਰਾਖਵਾਂਕਰਨ ਦੇਣਾ ਪਿਆ। ਜਿਸ ਕਾਰਨ ਅੱਜ ਕਰੋੜਾਂ ਸ਼ੋਸ਼ਿਤ ਸਮਾਜ ਦੀਆਂ ਅਤੇ ਸਮੁੱਚੇ ਦੇਸ਼ ਦੀਆਂ ਔਰਤਾਂ ਗੁਣਵੱਤਾ ਵਾਲੀ ਸਿੱਖਿਆ ਲੈ ਕੇ ਅਸਮਾਨ ਨੂੰ ਛੂਹਣ ਲੱਗੀਆਂ ਹਨ। ਉਹਨਾਂ ਹੱਕਾਂ ਕਰਕੇ ਹੀ ਲੜਕੀਆਂ/ਔਰਤਾਂ ਵਿਦਿਅੱਕ ਖੇਤਰ 'ਚ ਲੜਕਿਆਂ ਨਾਲੋਂ ਮੋਹਰੀ ਹੋ ਨਿਕਲ ਗਈਆਂ ਹਨ। ਅੱਜ ਲੜਕੀਆਂ ਅੰਗਰੇਜ਼ੀ ਬੋਲਣ, ਲਿਖਣ, ਪੜ੍ਹਨ-ਸੁਣਨ ਦੀ ਪ੍ਰੀਖਿਆ (IELTS) ਪਾਸ ਕਰਕੇ ਵਿਦੇਸ਼ਾਂ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ। ਖੇਡ ਖੇਤਰ, ਸੰਗੀਤਕ ਖੇਤਰ, ਮੀਡੀਆ, ਖੋਜ ਖੇਤਰ, ਲੇਖਕ, ਸਿਵਲ, ਜੁਡੀਸ਼ੀਅਲ ਪ੍ਰਸ਼ਾਸਨਿਕ ਖੇਤਰ, ਸਿਆਸੀ ਖੇਤਰ, ਸਿੱਖਿਆ ਵਿਭਾਗ, ਬੈਂਕਿੰਗ ਪ੍ਰਣਾਲੀ, ਬਿਊਟੀ ਖੇਤਰ, ਸੁਰੱਖਿਆ ਵਿਭਾਗ, ਕੰਪਨੀਆਂ ਦੀਆਂ CEO, ਜੰਗ, ਯੁੱਧ, ਦੇਸ਼-ਭਗਤੀ, ਦੁਨੀਆਂ ਦੀ ਸਭ ਤੋਂ ਉੱਚੀ ਚੋਟੀ (Mount Everest) ਨੂੰ ਸਰ ਕਰਨਾ, ਵਿਗਿਆਨਿਕ ਖੇਤਰ ਚਾਹੇ ਉਹ ਭਾਰਤ ਦੀ ISRO (Indian Space Research Organization) ਹੋਵੇ ਜਾਂ ਦੁਨੀਆਂ ਦੀ NASA (National Aeronautics and Space Administration) ਹੋਵੇ, ਹਰ ਖੇਤਰ 'ਚ ਭਾਰਤੀ ਔਰਤਾਂ ਜ਼ਿੰਦਗੀ 'ਚ ਅੱਗੇ ਵੱਧ ਰਹੀਆਂ ਹਨ। ਵਿਗਿਆਨ ਭਵਨ ਦਿੱਲੀ ਵਿਖੇ ਮਿਤੀ 04 ਸਤੰਬਰ 2014 ਨੂੰ ਮਾਣਯੋਗ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ "ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਮੈਮੋਰੀਅਲ ਲੈਕਚਰ" ਵਿਸ਼ੇ 'ਤੇ ਸੰਬੋਧਨ ਕਰਦੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ, ਸਾਡੇ ਸੁਤੰਤਰਤਾ ਸੰਘਰਸ਼ ਦੇ ਇੱਕ ਮੋਹਰੀ ਆਗੂ ਅਤੇ ਸਮਾਜ ਦੇ ਦਲਿਤ ਅਤੇ ਪੱਛੜੇ ਵਰਗਾਂ ਦੇ ਅਧਿਕਾਰਾਂ ਦੇ ਲਈ ਲੜ੍ਹਨ ਵਾਲੇ ਜੁਝਾਰੂ ਨੇਤਾ ਸਨ। ਦੇਸ਼ ਦੇ ਸਰਵ ਉੱਚ ਸਿਵਲ ਸਨਮਾਨ ਭਾਰਤ ਰਤਨ ਨਾਲ ਸਨਮਾਨਿਤ, ਉਹ ਵਿਦਵਾਨ, ਪੱਤਰਕਾਰ, ਸਿੱਖਿਆ ਸ਼ਾਸਤਰੀ, ਕਾਨੂੰਨ ਦੇ ਮਾਹਿਰ, ਸਮਾਜ ਸੁਧਾਰਿਕ ਅਤੇ ਰਾਜਨੀਤਿਕ ਆਗੂ ਸਨ। ਉਹ ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਸਨ ਅਤੇ ਇਸ ਮੂਲ ਦਸਤਾਵੇਜ਼ (ਭਾਰਤੀ ਸੰਵਿਧਾਨ) ਦੀ ਕਾਇਮੀ ਲਈ ਉਹਨਾਂ ਦੀ ਭੂਮਿਕਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਦੇਸ਼, ਸਮਾਜ, ਤੇ ਕੌਮ ਦੀ ਚੜਦੀ ਕਲਾ ਲਈ ਸੰਘਰਸ਼ ਕਰਨ ਵਾਲਾ ਕਰੋੜਾਂ ਲੋਕਾਂ ਦਾ ਰਹਿਨੁਮਾ ਆਖਿਰ 6 ਦਸੰਬਰ 1956 ਨੂੰ ਅਲਵਿਦਾ ਆਖ ਗਿਆ। ਆਓ, ਭਾਰਤ ਦੇ ਇੱਕ ਨਾਗਰਿਕ ਹੋਣ ਦੇ ਨਾਂ 'ਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਉਹਨਾਂ ਦੀਆਂ ਭਾਰਤ, ਔਰਤਾਂ, ਸ਼ੋਸ਼ਿਤਾਂ ਪ੍ਰਤੀ ਕੀਤੇ ਸੰਘਰਸ਼ਾਂ ਨੂੰ ਯਾਦ ਕਰੀਏ ਅਤੇ ਆਪਣੇ ਆਪ ਨੂੰ ਵੀ ਮਨੁੱਖਤਾ ਉਸ ਰਹਿਬਰ ਨੂੰ ਸਮਰਪਿਤ ਕੁਝ ਪਲ ਆਪਣੇ ਜੀਵਨ ਵਿਚੋਂ ਦਿੰਦੇ ਹੋਏ ਆਪਣੇ ਸਮਾਜ ਲਈ, ਆਪਣਾ ਬਣਦਾ ਯੋਗਦਾਨ ਪਾਈਏ।



# ਭਾਰਤ ਹਾਕੀ ਵਿੱਚ ਪੂਰੇ 49 ਸਾਲ ਬਾਅਦ ਸੈਮੀ ਫਾਈਨਲ ਵਿੱਚ ਪੁੱਜਿਆ

## 1972 ਮਿਊਨਿਖ਼ ਓਲੰਪਿਕ ਵਿੱਚ ਖੇਡਿਆ ਸੀ ਆਖ਼ਰੀ ਸੈਮੀਫਾਈਨਲ




ਟੋਕੀਓ ਓਲੰਪਿਕ 2021 ਵਿੱਚ ਭਾਰਤੀ ਹਾਕੀ ਟੀਮ ਨੇ ਨਵਾਂ ਇਤਿਹਾਸ ਰਚਦਿਆਂ ਪੂਰੀ ਅੱਧੀ ਸਦੀ ਦੇ ਵਕਫੇ ਬਾਅਦ 1972 ਮਿਊਨਖ ਓਲੰਪਿਕ ਤੋਂ ਬਾਅਦ ਸੈਮੀਫਾਈਨਲ ਵਿੱਚ ਪੁੱਜਿਆਂ ਅੱਜ ਭਾਰਤ ਨੇ ਟੋਕੀਓ ਓਲੰਪਿਕ 2021 ਦੇ ਚੌਥੇ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਆਪਣੇ ਰਵਾਇਤੀ ਵਿਰੋਧੀ ਇੰਗਲੈਂਡ ਨੂੰ 3-1 ਗੋਲਾ ਨਾ ਹਰਾ ਕੇ 49 ਸਾਲ ਬਾਅਦ ਸੈਮੀਫਾਈਨਲ ਖੇਡਣ ਦਾ ਮਾਣ ਹਾਸਲ ਕੀਤਾ। ਮਿਊਨਖ ਓਲੰਪਿਕ ਦੇ ਸੈਮੀ ਫਾਈਨਲ ਮੁਕਾਬਲੇ ਵਿੱਚ ਭਾਰਤ ਪਾਕਿਸਤਾਨ ਹੱਥੋਂ 0-2 ਗੋਲਾਂ ਦੇ ਮੁਕਾਬਲੇ ਨਾਲ ਹਾਰ ਗਿਆ ਸੀ ਅਤੇ ਕਾਂਸੀ ਤਗ਼ਮੇ ਲਈ ਹੋਏ ਮੁਕਾਬਲੇ ਵਿੱਚ ਭਾਰਤ ਨੇ ਹਾਲੈਂਡ ਨੂੰ 2-1 ਨਾਲ ਹਰਾਕੇ ਆਖ਼ਰੀ ਵਾਰ ਓਲੰਪਿਕ ਖੇਡਾਂ ਵਿੱਚ ਹਾਕੀ ਖੇਡ ਵਿਚ ਕੋਈ ਤਮਗਾ ਜਿੱਤਿਆ ਸੀ । 1976 ਮਾਂਟਰੀਅਲ ਓਲੰਪਿਕ ਵਿੱਚ ਭਾਰਤ ਪਹਿਲੀ ਵਾਰ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਸੈਮੀ ਫਾਈਨਲ ਮੁਕਾਬਲੇ ਤੋਂ ਬਾਹਰ ਹੋਇਆ ਸੀ ਜਿੱਥੇ ਭਾਰਤ ਨੂੰ 7ਵਾਂ ਸਥਾਨ ਨਸੀਬ ਹੋਇਆ ਸੀ। ਜਦਕਿ 1980 ਮਾਸਕੋ ਓਲੰਪਿਕ ਵਿੱਚ ਪ੍ਰਮੁੱਖ ਵੱਡੀਆਂ ਟੀਮਾਂ ਦੇ ਬਾਈਕਾਟ ਕਾਰਨ ਸਿਰਫ਼ 6 ਟੀਮਾਂ ਲੀਗ ਦੇ ਆਧਾਰ ਤੇ ਖੇਡੀਆਂ ਸਨ। ਉਪਰਲੀਆਂ 2 ਟੀਮਾਂ ਭਾਰਤ ਅਤੇ ਸਪੇਨ ਵਿਚਕਾਰ ਫਾਈਨਲ ਮੁਕਾਬਲਾ ਖੇਡਿਆ ਗਿਆ ਸੀ ਮਾਸਕੋ ਓਲੰਪਿਕ ਵਿੱਚ ਸੈਮੀਫਾਈਨਲ ਮੁਕਾਬਲੇ ਨਹੀਂ ਹੋਏ ਸਨ। ਫਾਈਨਲ ਮੁਕਾਬਲੇ ਵਿੱਚ ਭਾਰਤ ਸਪੇਨ ਤੋਂ 4-3 ਨਾਲ ਜੇਤੂ ਰਹਿ ਕੇ ਭਾਰਤ ਨੇ ਆਖ਼ਰੀ ਅਤੇ ਅੱਠਵਾਂ ਓਲੰਪਿਕ ਸੋਨ ਤਗ਼ਮਾ ਜਿੱਤਿਆ ਸੀ । ਅੱਜ ਪਹਿਲੇ ਅੱਧ ਵਿੱਚ ਭਾਰਤੀ ਹਾਕੀ ਟੀਮ ਨੇ ਪੂਰੀ ਮੁਸਤੈਦੀ ਨਾਲ ਮੈਚ ਦੀ ਸ਼ੁਰੂਆਤ ਕੀਤੀ, ਪਹਿਲੇ ਅੱਧ ਵਿੱਚ ਭਾਰਤੀ ਹਾਕੀ ਟੀਮ ਨੇ ਗੋਰਿਆਂ ਦੀਆਂ ਰੱਖਿਆ ਪੰਕਤੀ ਦੀਆਂ ਗ਼ਲਤੀਆਂ ਦਾ ਭਰਪੂਰ ਫਾਇਦਾ ਉਠਾਉਂਦਿਆਂ ਉਪਰੋਥਲੀ 2 ਗੋਲ ਕੀਤੇ ,ਪਹਿਲਾ ਗੋਲ ਦਿਲਪ੍ਰੀਤ ਸਿੰਘ ਨੇ ਅਤੇ ਦੂਸਰਾ ਗੋਲ ਗੁਰਜੰਟ ਸਿੰਘ ਵਿਰਕ ਦੇ ਹਿੱਸੇ ਆਇਆ ਹਾਲਾਂਕਿ ਗੋਰਿਆਂ ਨੇ ਵੀ ਪੂਰਾ ਦਬਦਬਾ ਭਾਰਤੀ ਖਿਡਾਰੀਆਂ ਤੇ ਬਣਾਇਆ ਪਰ ਭਾਰਤ ਦੀ ਰੱਖਿਆ ਪੰਕਤੀ ਪੂਰੀ ਪੂਰੀ ਚੁਕੰਨੀ ਹੋ ਕੇ ਖੇਡੀ। ਇੰਗਲੈਂਡ ਨੇ ਤੀਸਰੇ ਅਤੇ ਚੌਥੇ ਕੁਆਰਟਰ ਵਿੱਚ ਪੂਰੀ ਤਰ੍ਹਾਂ ਭਾਰਤੀ ਰੱਖਿਆ ਪੰਕਤੀ ਤੇ ਤਾਬੜਤੋੜ ਹਮਲੇ ਕਰਦਿਆਂ ਦਬਾ ਦਾ ਰੁੱਖ ਬਣਾਇਆ ਅਤੇ ਤੀਸਰੇ ਕੁਆਰਟਰ ਦੇ ਆਖ਼ਰੀ ਮਿੰਟ ਵਿੱਚ ਉਪਰੋਥੱਲੀ ਮਿਲੇ 3 ਪੈਨਲਟੀ ਕਾਰਨਰਾਂ ਵਿਚੋਂ ਇਕ ਨੂੰ ਗੋਲ ਵਿੱਚ ਬਦਲ ਕੇ ਬੜ੍ਹਤ ਨੂੰ 1-2 ਕੀਤਾ ਜਦਕਿ ਆਖ਼ਰੀ ਕੁਆਟਰ ਵਿੱਚ ਇੰਗਲੈਂਡ ਨੇ ਬਰਾਬਰੀ ਤੇ ਆਉਣ ਲਈ ਪੂਰਾ ਵਾਹ ਲਈ ਅਤੇ ਕੁੱਲ 7 ਪੈਨਲਟੀ ਕਾਰਨਰ ਹਾਸਲ ਕੀਤੇ ਪਰ ਭਾਰਤ ਦੀ ਰੱਖਿਆ ਪੰਕਤੀ ਨੇ ਗੋਰਿਆਂ ਦੀ ਇੱਕ ਵੀ ਨਾ ਚੱਲਣ ਦਿੱਤੀ। ਭਾਰਤੀ ਹਾਕੀ ਟੀਮ ਦੇ ਇੱਕ ਜਵਾਬੀ ਹਮਲੇ ਵਿੱਚ ਹਾਰਦਿਕ ਸਿੰਘ ਨੇ ਬਹੁਤ ਹੀ ਕਲਾਸਿਕ ਗੋਲ ਕਰਕੇ ਭਾਰਤ ਦੀ ਜਿੱਤ ਦਾ ਡੰਕਾ ਵਜਾਉਂਦਿਆਂ ਪੂਰੇ 49 ਸਾਲ ਬਾਅਦ ਭਾਰਤ ਦੀ ਸੈਮੀਫਾਈਨਲ ਵਿੱਚ ਐਂਟਰੀ ਪੱਕੀ ਕੀਤੀ। ਇਸ ਤੋਂ ਪਹਿਲਾਂ 1988 ਸਿਓਲ ਓਲੰਪਿਕ ਵਿੱਚ ਇੰਗਲੈਂਡ ਨੇ ਭਾਰਤ ਨੂੰ 3-0 ਗੋਲਾਂ ਨਾਲ ਹਰਾ ਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਕੀਤਾ ਸੀ ਅਤੇ ਭਾਰਤ ਨੂੰ ਸੈਮੀਫਾਈਨਲ ਵਿੱਚੋਂ ਬਾਹਰ ਦਾ ਰਸਤਾ ਵਿਖਾਇਆ ਸੀ ਅੱਜ ਭਾਰਤ ਨੇ 33 ਸਾਲ ਬਾਅਦ ਉਸ ਹਾਰ ਦਾ ਬਦਲਾ ਲੈ ਲਿਆ ਹੈ ।

ਅੱਜ ਇਸ ਤੋਂ ਪਹਿਲਾਂ ਖੇਡੇ ਗਏ ਕੁਆਟਰ ਫਾਈਨਲ ਮੁਕਾਬਲਿਆਂ ਵਿਚ ਸਾਬਕਾ ਓਲੰਪਿਕ ਚੈਂਪੀਅਨ ਜਰਮਨੀ ਨੇ ਵਰਤਮਾਨ ਚੈਂਪੀਅਨ ਅਰਜਨਟੀਨਾ ਨੂੰ 3-1 ਗੋਲਾਂ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ ਜਦਕਿ ਦੁਨੀਆਂ ਦੀ ਨੰਬਰ ਇੱਕ ਟੀਮ ਆਸਟ੍ਰੇਲੀਆ ਨੂੰ ਹਾਲੈਂਡ ਨੂੰ ਹਰਾਉਣ ਲਈ ਪੂਰਾ ਪਸੀਨਾ ਵਹਾਉਣਾ ਪਿਆ ਨਿਰਧਾਰਤ ਸਮੇਂ ਤੱਕ ਆਸਟਰੇਲੀਆ ਅਤੇ ਹਾਲੈਂਡ 2-2 ਗੋਲਾਂ ਤੇ ਬਰਾਬਰ ਸਨ ਪਰ ਪੈਨਲਟੀ ਸ਼ੂਟਆਊਟ ਵਿੱਚ ਆਸਟ੍ਰੇਲੀਆ 3-0 ਗੋਲਾਂ ਨਾਲ ਜੇਤੂ ਰਿਹਾ। ਤੀਸਰੇ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਵਿਸ਼ਵ ਚੈਂਪੀਅਨ ਬੈਲਜੀਅਮ ਨੇ ਸਪੇਨ ਨੂੰ 3-1 ਗੋਲਾਂ ਨਾਲ ਹਰਾ ਕੇ ਦੂਸਰੀ ਵਾਰ ਓਲੰਪਿਕ ਖੇਡਾਂ ਦੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਸੈਮੀਫਾਈਨਲ ਵਿੱਚ ਭਾਰਤ ਦਾ ਮੁਕਾਬਲਾ ਬੈਲਜੀਅਮ ਨਾਲ ਜਦਕਿ ਆਸਟਰੇਲੀਆ ਦਾ ਮੁਕਾਬਲਾ ਜਰਮਨੀ ਨਾਲ 3 ਅਗਸਤ ਨੂੰ ਹੋਵੇਗਾ।

# ਅੱਜ ਸਵੇਰੇ ਓਲੰਪਿਕ ਖੇਡਾਂ ਦੇਖਣ ਦਾ ਵੱਖਰਾ ਹੀ ਮਜ਼ਾ ਆਇਆ

ਟੋਕੀਉ ਦੇ ਓਲੰਪਿਕ ਸਟੇਡੀਅਮ ਚ ਅੱਜ ਇੱਕ ਅਜਿਹੀ ਘਟਨਾ ਵਾਪਰੀ ਜਿਸਨੂੰ ਦੇਖ ਕੇ ਆਪ ਮੁਹਾਰੇ ਅੱਖਾਂ ਚੋਂ ਪਾਣੀ ਵਹਿ ਤੁਰਿਆ... ਅਤੇ ਟੋਕੀਉ ਦੇ ਓਲੰਪਿਕ ਸਟੇਡੀਅਮ ਚ ਬੈਠੇ ਕਈ ਸਾਰੇ ਲੋਕ ਵੀ ਅੱਖਾਂ ਪੂੰਝਦੇ ਦੇਖੇ ਗਏ।

ਹੋਇਆ ਇਹ ਕੇ ਕਤਰ ਦੇਸ਼ ਦਾ ਉੱਚੀ ਛਾਲ ਲਾਉਣ ਵਾਲਾ ਖਿਡਾਰੀ "ਮੁਤਾਜ਼ ਈਸਾ ਬਰਸ਼ਿਮ" ਅਤੇ ਇਟਲੀ ਦਾ ਉੱਚੀ ਲਾਉਣ ਵਾਲਾ ਖਿਡਾਰੀ "ਜਿਅੰਮਾਰਕੋ ਤੰਬਰੀ" ਮੁਕਾਬਲੇ 'ਚ ਬਰਾਬਰ ਬਰਾਬਰ ਚੱਲ ਰਹੇ ਸਨ।

ਜਦੋਂ ਦੋਵਾਂ ਨੇ ਬਾਕੀ ਸਭ ਤੋਂ ਉੱਚੀ ਛਾਲ 2.37 ਮੀਟਰ ਦੀ ਮਾਰ ਲਈ ਸੀ।

ਦੋਨਾਂ ਨੇ ਇਸਤੋਂ ਅਗਲੇ ਨਿਸ਼ਾਨੇ 2.39 ਮਿੱਤਰ ਲਈ ਕੋਸ਼ਿਸ਼ ਕੀਤੀ, ਪਰ ਦੋਵੇਂ ਨਾਕਾਮ ਰਹੇ।

ਇਸ ਆਖਰੀ ਛਾਲ ਲਾਉਂਦੇ ਸਮੇਂ ਇਟਲੀ ਵਾਲੇ ਖਿਡਾਰੀ ਦੇ ਸੱਟ ਲੱਗ ਗਈ।

ਉਸਤੋਂ ਬਾਅਦ ਰੈਫਰੀ ਨੇ ਦੋਵਾਂ ਚੋਂ ਪਹਿਲੇ ਅਤੇ ਦੂਜੇ ਸਥਾਨ ਲਈ ਇੱਕ ਆਖਰੀ ਕੋਸ਼ਿਸ਼ ਕਰਨ ਲਈ ਕਿਹਾ।

ਪਰ ਕਤਰ ਵਾਲਾ ਖਿਡਾਰੀ "ਮੁਤਾਜ਼ ਈਸਾ ਬਰਸ਼ਿਮ" ਜਾਣ ਗਿਆ ਸੀ ਕੇ ਇਟਲੀ ਵਾਲੇ ਖਿਡਾਰੀ "ਜਿਅੰਮਾਰਕੋ ਤੰਬਰੀ" ਦੇ ਸੱਟ ਲੱਗ ਚੁੱਕੀ ਹੈ ਅਤੇ ਉਹ ਸ਼ਾਇਦ ਇਹ ਆਖ਼ਿਰੀ ਕੋਸ਼ਿਸ਼ ਨਹੀਂ ਕਰ ਸਕੇਗਾ...ਅਤੇ ਜੇਕਰ ਕੋਸ਼ਿਸ਼ ਕਰੇਗਾ ਵੀ ਤਾਂ ਜਿੱਤ ਨਹੀਂ ਸਕੇਗਾ।

ਸੋ ਕਤਰ ਵਾਲੇ ਖਿਡਾਰੀ? ਮੁਤਾਜ਼ ਈਸਾ ਬਰਸ਼ਿਮ" ਨੇ ਰੈਫਰੀ ਨੂੰ ਪੁੱਛਿਆ ਕੇ

"ਕੀ ਸੋਨ ਤਮਗ਼ਾ ਸਾਨੂੰ ਦੋਵਾਂ ਨੂੰ ਨਹੀਂ ਮਿਲ ਸਕਦਾ"?

ਕਿਉਂਕੇ ਮੈਂ ਕਿਸੇ ਸੱਟ ਲੱਗੀ ਖਿਡਾਰੀ (ਜਿਸਨੇ ਪਤਾ ਨਹੀਂ ਇੱਥੇ ਤੱਕ ਪਹੁੰਚਣ ਲਈ ਕਿੰਨੀ ਮੇਹਨਤ ਕੀਤੀ ਹੋਵੇਗੀ) ਤੋਂ ਇਹ ਮੌਕਾ ਖੋਹ ਕੇ ਸੋਨ ਤਮਗ਼ਾ ਹਾਸਿਲ ਨਹੀਂ ਕਰਨਾ ਚਾਹੁੰਦਾ। ...

ਰੈਫਰੀ ਨੇ ਖੇਡ੍ਹ ਨਿਯਮਾਂ ਵਾਲੀ ਕਿਤਾਬ ਫਰੋਲੀ।

ਉੱਨੀ ਦੇਰ ਤੱਕ ਸਭ ਹੈਰਾਨ ਸਨ ਕੇ ਕੀ ਹੋ ਰਿਹਾ ਹੈ।

ਅਖੀਰ ਰੈਫਰੀ ਨੇ ਆ ਕੇ ਦੱਸਿਆ ਕੇ

"ਹਾਂ ਇਹ ਸੰਭਵ ਹੈ, ਤੁਹਾਨੂੰ ਦੋਵਾਂ ਨੂੰ ਸੋਨ ਤਮਗ਼ਾ ਦਿੱਤਾ ਜਾ ਸਕਦਾ ਹੈ"

ਜਦੋਂ ਇਹ ਇਹ ਗੱਲ ਇਟਲੀ ਵਾਲੇ ਖਿਡਾਰੀ ਨੂੰ ਦੱਸੀ ਗਈ ਤਾਂ ਉਹ ਇੱਕ ਦੱਮ ਕਤਰ ਵਾਲੇ ਖਿਡਾਰੀ ਦੇ ਗਧੇੜੇ ਜਾ ਚੜ੍ਹਿਆ ਅਤ ਖੁਸ਼ੀ ਚ ਉਸਦੇ ਹੰਝੂ ਨਹੀਂ ਰੁਕ ਰਹੇ ਸਨ। ਚਾਰੇ ਪਾਸੇ ਤਾੜੀਆਂ ਦੀ ਗੂੰਜ ਇਸ ਇਤਿਹਾਸਿਕ ਪਲ ਨੂੰ ਮਾਣਦੀ ਹੈ ਅਤੇ ਇੱਕ ਇਤਿਹਾਸ ਸਿਰਜ ਦਿੱਤਾ ਜਾਂਦਾ ਹੈ। ਸੋ ਟੋਕੀਓ ਓਲੰਪਿਕ ਦਾ ਇਹ ਉੱਚੀ ਛਾ.ਲ ਦਾ ਸੋਨ ਤਮਗ਼ਾ ਦੋ ਖਿਡਾਰੀਆਂ ਕਤਰ ਦੇ "ਮੁਤਾਜ਼ ਈਸਾ ਬਰਸ਼ਿਮ" ਅਤੇ ਇਟਲੀ ਦੇ "ਜਿਅੰਮਾਰਕੋ ਤੰਬਰੀ" ਨੂੰ ਮਿਲਿਆ।

ਇਹ ਘਟਨਾ ਖੇਡ੍ਹ ਭਾਵਨਾ ਦੀ, ਭਰਾਤਰੀ ਪਿਆਰ ਦੀ, ਬਰਾਬਰਤਾ ਦੀ ਅਤੇ ਇਨਸਾਨੀ ਕਦਰਾਂ ਦੀ ਜਿਉਂਦੀ ਜਾਗਦੀ ਮਿਸਾਲ ਬਣ ਗਈ।

ਮੇਰੀ ਜਾਚੇ ਇਹ ਇੱਕ ਇਤਿਹਾਸਿਕ ਘਟਨਾ ਹੈ ਅਤੇ ਇਸ ਘਟਨਾ ਨੇ ਸਾਡੇ ਸਭ ਲਈ ਇੱਕ ਬਹੁਤ ਵੱਡਾ ਸੁਨੇਹਾ ਦਿੱਤਾ ਹੈ ਅਤੇ ਸਾਂਨੂੰ ਸਭ ਨੂੰ ਬਹੁਤ ਵੱਡਾ ਸਬਕ ਦਿੱਤਾ ਹੈ ਸਬਕ ਦਿੱਤਾ ਹੈ। ਤੇ ਇਹ ਕਿਹੜਾ ਸੁਨੇਹਾ ਦਿੱਤਾ ਹੈ ਅਤੇ ਕਿਹੜਾ ਸਬਕ ਦਿੱਤਾ ਹੈ, ਇਸ ਬਾਰੇ ਮੈਂ ਕੁਝ ਨਹੀਂ ਕਹਿਣਾ।

**(ਧੰਨਵਾਦ ਸਹਿਤ)**

## ਪੰਜਾਬ 'ਚ ਰੌਣਕਾਂ ਮੁੜ ਪਰਤਣ ਲੱਗੀਆਂ..

# ਸਪੋਰਟਸ ਕਲੱਬ ਜੀਂਦੋਵਾਲ (ਬੰਗਾ) ਵਲੋਂ ਕਰਵਾਏ ਫੁੱਟਬਾਲ ਟੂਰਨਾਮੈਂਟ 'ਚ 50 ਟੀਮਾਂ ਨੇ ਭਾਗ ਲਿਆ ਲੜਕਿਆਂ ਦੀ ਟੀਮ 'ਚ ਲੜਕੀ ਮਨੀਸ਼ਾ ਨੇ ਖੇਡਕੇ ਇਤਿਹਾਸ ਸਿਰਜਿਆ

**ਬੰਗਾ-(ਸੰਤੋਖ ਸਿੰਘ ਜੱਸੀ)** ਜਿਉਂ ਹੀ ਕੋਰੋਨਾ ਮਹਾਂਮਾਰੀ ਦਾ ਪੰਜਾਬ 'ਚੋਂ ਕਰੋਪ ਘਟਣ ਲੱਗਿਆ ਤਿਉਂ ਹੀ ਖੇਡ ਮੈਦਾਨ 'ਚ ਮੁੜ ਦਰਸ਼ਕਾਂ ਤੇ ਖੇਡ ਪ੍ਰੇਮੀਆਂ ਦੀਆਂ ਰੌਣਕਾਂ ਪਰਤਣ ਲੱਗੀਆਂ ਹਨ। ਇਲਾਕੇ ਦੇ ਪ੍ਰਸਿੱਧ ਵਿੱਦਿਅਕ ਅਦਾਰੇ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਵਿਸ਼ਾਲ ਗਰਾਉਂਡ 'ਚ ਸਥਾਨਕ ਪਿੰਡ ਜੀਂਦੋਵਾਲ ਦੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਪੋਰਟਸ ਕਲੱਬ ਵਲੋਂ ਚੌਥਾ 7 ਸਾਇਡ ਡੇ-ਨਾਇਟ ਫੁੱਟਬਾਲ ਟੂਰਨਾਮੈਂਟ 10 ਦਿਨ ਤੱਕ ਕਰਵਾਇਆ ਗਿਆ। ਸਪੋਰਟਸ ਕਲੱਬ ਦੇ ਮਾਨਤਾ ਪ੍ਰਾਪਤ ਕੋਚ ਤਸਵੀਰ ਸਿੰਘ ਸੱਤੀ ਅਤੇ ਪ੍ਰਬੰਧਕ ਸੁਖਨਿੰਦਰ ਸਿੰਘ ਬਿੱਟਾ (ਕੈਨੇਡਾ), ਸਮੁੱਚੀ ਜੀਂਦੋਵਾਲ ਦੀ ਟੀਮ ਅਤੇ ਹੋਰ ਜਿੰਮੇਵਾਰ ਪ੍ਰਬੰਧਕਾਂ ਦੀ ਦੇਖ-ਰੇਖ ਹੇਠ ਹੋਏ ਇਸ ਟੂਰਨਾਮੈਂਟ ਵਿੱਚ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਲੁਧਿਆਣਾ, ਫਤਿਹਗੜ੍ਹ ਸਾਹਿਬ ਅਤੇ ਜਲੰਧਰ ਦੀਆਂ ਕਰੀਬ 50 ਟੀਮਾਂ ਨੇ ਭਾਗ ਲਿਆ।



ਖੇਡੇ ਗਏ ਸੈਮੀ ਫਾਈਨਲ ਵਿੱਚ ਮੁਗੋਵਾਲ ਨੇ ਕਾਹਮਾ ਨੂੰ 1-0 ਨਾਲ ਹਰਾਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ, ਦੂਜੀ ਸੈਮੀਫਾਈਨਲ ਟੀਮ ਧਮਾਈ ਦੀ ਟੀਮ ਨੇ ਨਵਾਂ ਸ਼ਹਿਰ ਨੂੰ 4-2 ਨਾਲ ਹਰਾਇਆ ਅਤੇ ਫਾਈਨਲ ਵਿੱਚ ਪ੍ਰੇਵਸ਼ ਕੀਤਾ। ਖਚਾਖਚ ਭਰੇ ਇਸ ਖੇਡ ਮੈਦਾਨ ਵਿੱਚ ਸਿੱਖ ਨੈਸ਼ਨਲ ਕਾਲਜ ਦੇ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਬਾਬਾ ਜਗਦੀਪ ਸਿੰਘ ਬੰਗਾ। ਪ੍ਰਿੰਸੀਪਲ ਹਰਜੀਤ ਸਿੰਘ ਮਾਹਲ, ਦਰਬਜੀਤ ਸਿੰਘ ਪੂੰਨੀ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਉਂਕਾਰ ਸਿੰਘ ਤਾਰੀ, ਸਮੁੱਚੀ ਪੰਚਾਇਤ, ਨੰਬਰਦਾਰ ਅਤੇ ਸਮੂਹ ਨਗਰ ਨਿਵਾਸੀ ਤੇ ਪ੍ਰਬੰਧਕਾਂ ਦੇ ਇਸ ਟੂਰਨਾਮੈਂਟ ਕਰਵਾਉਣ ਤੇ ਹੌਂਸਲਾ ਅਫਜਾਈ ਕੀਤੀ, ਉੱਥੇ ਜਿੱਤੀਆਂ ਟੀਮਾਂ ਨੂੰ ਮੁਬਾਰਕਬਾਦ ਦਿੰਦੀਆਂ ਭਵਿੱਖ ਲਈ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਫਾਈਨਲ ਮੈਚ ਵਿੱਚ ਪਿੰਡ ਮੁਗੋਵਾਲ ਨੇ ਧਮਾਈ ਦੀ ਟੀਮ ਨੂੰ 4-1 ਨਾਲ ਹਰਾਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਪਹਿਲੇ ਸਥਾਨ ਤੇ ਮੁਗੋਵਾਲ ਟੀਮ ਨੂੰ 25000/- ਰੁਪਏ ਨਕਦ ਤੇ ਟਰਾਫੀ, ਦੂਜੇ ਸਥਾਨ ਤੇ ਰਹੀ ਟੀਮ ਨੂੰ 3100/-ਰੁਪਏ ਨਕਦ ਅਤੇ ਟਰਾਫੀ ਬਾਬਾ ਜਸਦੀਪ ਸਿੰਘ ਮੰਗਾ, ਸ੍ਰੀ ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਨੇ ਤਕਸੀਮ ਕੀਤੀ। ਟੂਰਨਾਮੈਂਟ ਵਿੱਚ ਬੀ ਟੀਮ (ਬੱਚਿਆਂ ਦੀਆਂ) 4 ਟੀਮਾਂ ਨੇ ਭਾਗ ਲਿਆ ਜਿਸ ਵਿੱਚ ਜੀਂਦੋਵਾਲ ਦਾ ਫਾਈਨਲ ਮੁਕਾਬਲਾ ਜਗਤਪੁਰ ਨਾਲ ਹੋਇਆ। ਜੀਂਦੋਵਾਲ ਦੀ ਜੇਤੂ ਟੀਮ ਨੂੰ 3100/- ਰੁਪਏ ਅਤੇ ਜਗਤਪੁਰ ਨੂੰ 2100/- ਰੁਪਏ ਨਕਦ ਇਨਾਮ ਤੇ ਟਰਾਫੀ ਦਿੱਤੀ ਗਈ। ਟੀਮ ਸੀ (ਕੁੜੀਆਂ ਅਤੇ ਮੁੰਡਿਆਂ ਦੀ ਸਾਂਝੀ ਵਿੱਚ ਜੀਂਦੋਵਾਲ ਦਾ ਮੁਕਾਬਲਾ ਵੀ ਜੀਂਦੋਵਾਲ ਦੀ ਦੂਜੀ ਟੀਮ ਨਾਲ ਹੋਇਆ। ਦੋਵਾਂ ਟੀਮਾਂ ਨੂੰ ਪੂਰੀ ਕਿੱਟ ਨਾਲ ਸਨਮਾਨਤ ਕੀਤਾ ਗਿਆ।

ਇਹ ਟੂਰਨਾਮੈਂਟ ਜਿੱਥੇ ਰਾਤ ਨੂੰ ਹੋਏ, ਉੱਥੇ ਸਭ ਤੋਂ ਅਹਿਮ, ਵਿਲੱਖਣ ਤੇ ਫੁੱਟਬਾਲ ਖੇਡ ਜਗਤ ਵਿੱਚ ਨਵਾਂ ਇਤਿਹਾਸ ਉਦੋਂ ਸਿਰਜਿਆ ਗਿਆ, ਜਦੋਂ ਮਨੀਸ਼ਾ ਨਾਮ ਦੀ ਲੜਕੀ ਨੇ ਲੜਕਿਆਂ ਦੀ ਏ ਟੀਮ ਵਿੱਚ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੁੱਖ ਖਿੱਚ ਦਾ ਕੇਂਦਰ ਬਣੀ ਰਹੀ। ਵਰਨਣਯੋਗ ਹੈ ਕਿ ਮਨੀਸ਼ਾ ਮੁਗੋਵਾਲ ਭਾਰਤੀ ਟੀਮ ਦੀ ਮੈਂਬਰ ਹੈ ਤੇ ਸਾਲ 2022 ਵਿੱਚ ਏਸ਼ੀਅਨ ਖੇਡਾਂ ਲਈ ਚੁਣੀ ਜਾ ਚੁੱਕੀ ਹੈ। ਇਸ ਮੌਕੇ ਪ੍ਰਬੰਧਕਾਂ ਤੇ ਐਨ.ਆਰ.ਆਈ ਲੀਗ ਵਲੋਂ ਮਨੀਸ਼ਾ ਨੂੰ ਬੈਸਟ ਪਲੇਅਰ ਆਫ ਟੂਰਨਾਮੈਂਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਪਹਿਲਾ ਤੇ ਦੂਜਾ ਇਨਾਮ ਕ੍ਰਮਵਾਰ 25,000/- ਅਤੇ 20,000/- ਰੁਪਏ ਅਤੇ 10 ਦਿਨ ਲੰਗਰ ਦੀ ਸੇਵਾ ਬਾਬਾ ਜਗਦੀਪ ਸਿੰਘ ਮੰਗਾ ਝੰਡਾ ਜੀ ਵਾਲਿਆਂ





ਸਪੋਰਟਸ ਕਲੱਬ ਜੀਂਦੋਵਾਲ (ਬੰਗਾ) ਵਲੋਂ ਕਰਵਾਏ ਗਏ ਫੁੱਟਬਾਲ ਟੂਰਨਾਮੈਂਟ ਦੌਰਾਨ ਮੁੱਖ ਮਹਿਮਾਨ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਅਤੇ ਖੇਡਾਂ ਦੀਆਂ ਹੋਰ ਤਸਵੀਰਾਂ।

# ਭਾਰਤੀ ਹਾਕੀ ਟੀਮ ਨੂੰ ਅੱਠ ਕਪਤਾਨ ਦੇਣ ਵਾਲਾ ਸਾਡਾ ਕਾਲਿਜ ਸਾਥੀ ਬਲਦੇਵ ਸਿੰਘ ਜ਼ਿੰਦਾਬਾਦ !



ਗੁਰਭਜਨ ਗਿੱਲ

ਭਾਰਤੀ ਹਾਕੀ ਟੀਮ ਨੂੰ ਅੱਠ ਕਪਤਾਨ ਟਰੇਂਡ ਕਰਕੇ ਦੇਣ ਵਾਲੇ ਜੀ ਜੀ ਐੱਨ ਖਾਲਸਾ ਕਾਲਿਜ ਲੁ-ਧਿਆਣਾ ਦੇ ਪੁਰਾਣੇ ਵਿਦਿਆਰਥੀ ਬਲਦੇਵ ਸਿੰਘ ਦੀ ਤਪੱਸਿਆ ਰੰਗ ਲਿਆਈ ਹੈ। ਰਾਣੀ ਰਾਮਪਾਲ ਟੋਕੀਓ ਉਲ-ਪਿਕਸ ਚ ਖੇਡ ਰਹੀ ਵਰਤਮਾਨ ਹਾਕੀ ਟੀਮ ਦੀ ਕਪਤਾਨ ਇਸ ਲੜੀ ਦਾ ਸੱਜਰਾ ਮਹਿੰਗਾ ਮੋਤੀ ਹੈ।

ਮੈਨੂੰ ਯਾਦ ਹੈ ਜਦੋਂ 1972-73 ਚ ਬਲਦੇਵ ਸਿੰਘ ਹੈਬੋਵਾਲ ਤੋਂ ਖਾਲਸਾ ਕਾਲਿਜ ਪੜਨ ਆਉਂਦਾ ਹੁੰਦਾ ਸੀ। ਕਾਲਿਜ ਚ ਹਾਕੀ ਟੀਮ ਬਣਾਉਣ ਲਈ ਉਤਸ਼ਾਹਿਤ ਸੀ। ਸ਼ਾਇਦ ਮਾਲਵਾ ਸਕੂਲੋਂ ਪੜ ਕੇ ਆਇਆ ਹੋਣ ਕਰਕੇ। ਸ: ਮੰਗਲ ਸਿੰਘ ਨੇ ਉਥੇ ਹਾਕੀ ਦੇ ਅਨੇਕਾਂ ਖਿਡਾਰੀ ਪੈਦਾ ਕੀਤੇ ਸਨ।



ਕਾਲਿਜ ਦੀ ਗਰਾਉਂਡ ਕਾਲਿਜ ਤੋਂ ਦੂਰ ਹੋਣ ਕਾਰਨ ਇਥੇ ਗਰੁੱਪ ਖੇਡਾਂ ਦਾ ਉਹ ਮਾਹੌਲ ਨਾ ਬਣ ਸਕਿਆ ਜੋ ਚਾਹੀਦਾ ਸੀ। ਮੇਜਰ ਸ਼ਮਸ਼ੇਰ ਸਿੰਘ ਰੰਗੀ ਸਾਡੇ ਖੇਡ ਅਧਿਆਪਕ ਸਨ ਤੇ ਪ੍ਰੋ: ਸੁਰਜੀਤ ਸਿੰਘ ਬੈਂਸ ਹਾਕੀ ਦੇ ਇੰਚਾਰਜ।

ਗੌਰਮਿੰਟ ਕਾਲਿਜ ਚ ਗਰਾਉਂਡ ਵੀ ਸੋਹਣੀ ਸੀ ਪਰ ਕਿਸੇ ਗੱਲੋਂ ਨਾਰਾਜ਼ ਹੋ ਕੇ ਦੋਹਾਂ ਕਾਲਜਾਂ ਦੇ ਸਿਰਕੱਢ ਖਿਡਾਰੀ ਅਚਨਚੇਤ ਆਰੀਆ ਕਾਲਿਜ ਚਲੇ ਗਏ।

1974-75 ਚ ਏਥੇ ਦੀ ਗਰਾਉਂਡ ਨੇ ਚੰਗੇ ਨਤੀਜੇ ਦਿੱਤੇ। ਪਰਿੰਸੀਪਲ ਸ਼ਾਂਤੀ ਲਾਲ ਢੱਲ ਖੇਡ ਅਧਿਆਪਕ ਪ੍ਰੇਮ ਵਾਲੀਆ ਦੀ ਹਰ ਗੱਲ ਮੰਨਦੇ। 1975 ਵਿਸ਼ਵ ਕੱਪ ਜੇਤੂ ਟੀਮ ਦੇ ਤਿੰਨ ਖਿਡਾਰੀ ਸੁਰਜੀਤ ਬਲਦੇਵ ਤੇ ਵਰਿੰਦਰ ਜਦ ਇੰਡੀਆ ਕੈਂਪ ਛੱਡ ਕੇ ਆਏ ਤਾਂ ਜੀਵਨ ਸਾਥਣ ਚੰਚਲ ਦੀ ਨੌਕਰੀ ਕਾਰਨ ਸੁਰਜੀਤ ਲੁਧਿਆਣੇ ਰਹਿਣ ਲੱਗ ਪਏ। ਸੁਖਬੀਰ ਗਰੇਵਾਲ, ਬਲਦੇਵ ਸਿੰਘ ਤੇ ਕਿੰਨੇ ਹੋਰ ਉਨੈਹਾਂ ਨਾਲ ਆਰੀਆ ਕਾਲਿਜ ਦੀ ਗਰਾਉਂਡ ਚ ਹਾਕੀ ਖੇਡਦੇ। ਨੁਕਤੇ ਸਿੱਖਦੇ, ਭਰਾਵਾਂ ਵਾਂਗ ਰਹਿੰਦੇ।

ਬਲਦੇਵ ਬਹੁਤ ਸਿਰੜੀ ਤੇ ਸਵੈਮਾਣ ਵਾਲਾ ਸੱਜਣ ਸੀ।

ਹਰਿਆਣਾ ਖੇਡ ਵਿਭਾਗ 'ਚ ਕਦੋਂ ਕਿਵੇਂ ਗਿਆ, ਇਸ ਬਾਰੇ ਤਾਂ ਪਤਾ ਨਹੀਂ ਸਾਰੀਆਂ ਬਰਕਤਾਂ ਨਾਲ ਲੈ ਗਿਆ। ਬਲਦੇਵ, ਸ਼ਾਹਬਾਦ ਮਾਰਕੰਡਾ ਤੇ ਹਾਕੀ ਹਮਨਾਮ ਬਣ ਗਏ। ਅੱਜ ਸਵੇਰੇ ਮੇਰੇ ਭਤੀਜੇ ਨਵਜੀਤ ਨੇ ਭਾਰਤੀ ਹਾਕੀ ਟੀਮ ਦੀ ਕਰਤਾਨ ਰਾਣੀ ਰਾਮਪਾਲ ਦੀ ਪੋਸਟ ਭੇਜੀ ਤਾਂ ਮਨ ਗਦਗਦ ਹੋ ਗਿਆ।

ਬਲਦੇਵ ਜ਼ਿੰਦਾਬਾਦ ਮੂੰਹੋਂ ਨਿਕਲਿਆ।

ਬਲਦੇਵ ਦੇ ਵਡੇਰਿਆਂ ਦਾ ਪਿੱਛਾ ਸਿਆਲਕੋਟ ਦਾ ਹੈ ਜਿੱਥੇ ਦੇਸ਼ ਵੰਡ ਤੋਂ ਪਹਿਲਾਂ ਵੀ ਹਾਕੀ ਬਣਾਉਣ ਵਾਲੇ ਕਾਰੀਗਰ ਸਨ।

1936 ਦੀ ਉਲੰਪਿਕਸ ਵੇਲੇ ਧਿਆਨ ਚੰਦ ਜੀ ਸਿਆਲਕੋਟ ਦੀ ਬਣੀ ਹਾਕੀ ਨਾਲ ਖੇਡੇ ਸਨ।

ਬਲਦੇਵ ਦੀ ਸ਼ਾਗਿਰਦ ਰਾਣੀ ਲਿਖਦੀ ਹੈ।

*Indian woman's Hockey team captain Rani Rampal*

"I wanted an escape from my life; from the electricity shortages, to the mosquitoes buzzing in our ear when we slept, from barely having two square meals to seeing our home getting flooded when it rained. My parents tried their best, but there was only so much they could do–Papa was a cart puller and Maa worked as a maid.



ਬਲਦੇਵ ਸਿੰਘ ਆਪਣੀ ਸ਼ਾਗਿਰਦ ਤੇ ਟੋਕੀਓ ਉਲੰਪਿਕਸ ਖੇਡ ਰਹੀ ਭਾਰਤੀ ਹਾਕੀ ਟੀਮ ਦੀ ਕਪਤਾਨ ਰਾਣੀ ਰਾਮਪਾਲ ਨਾਲ

There was a hockey academy near my home, so I'd spend hours watching players practice–I really wanted to play. Papa would earn Rs.80 a day and couldn't afford to buy me a stick. Everyday, I'd ask the coach to teach me too. He'd reject me because I was malnourished. He'd say, 'You aren't strong enough to pull through a practice session.'

So, I found a broken hockey stick on the field and began practicing with that– I didn't have training clothes, so I was running around in a salwar kameez. But I was determined to prove myself. I begged the coach for a chance– maine bahut mushkil se convince kiya unko finally!

But when I told my family, they said, 'Ladkiya ghar ka kaam hi karti hai,' and 'Hum tumhe skirt pehen kar khelne nahi denge.' I'd plead with them saying, 'Please mujhe jaane do. If I fail, I'll do whatever you want.' My family reluctantly gave in.

Training would start early in the morning. We didn't even have a clock, so mom would stay up and look at the sky to check if it was the right time to wake me.

At the academy, it was mandatory for each player to bring 500 ml of milk. My family could only afford milk worth 200 ml; without telling anyone, I'd mix the milk with water and drink it because I wanted to play.



ਬਲਦੇਵ ਸਿੰਘ ਭਾਰਤ ਦੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਤੋਂ ਦਰੋਣਾਚਾਰੀਆ ਐਵਾਰਡ ਪ੍ਰਾਪਤ ਕਰਦੇ ਹੋਏ।

My coach supported me through thick and thin; he'd buy me hockey kits and shoes. He even allowed me to live with his family and took care of my dietary needs. I'd train hard and wouldn't miss a single day of practice.

I remember earning my first salary; I won Rs.500 after winning a tournament and gave the money to Papa. He hadn't ever held so much money in his hands before. I promised my family, 'One day, we're going to have our own home'; I did everything in my power to work towards that.

After representing my state and playing in several championships, I finally got a national call up at the age of 15! Still, my relatives would only ask me when I was planning on getting married. But Papa told me, 'Play until your heart's content.' With my family's support, I focused on doing my best for India and eventually, I became captain of the Indian hockey team!

Soon after, while I was at home, a friend papa used to work with visited us. He brought along his granddaughter and told me, 'She's inspired by you and wants to become a hockey player!' I was so happy; I just started crying.

And then in 2017, I finally fulfilled the promise I made to my family and bought them a home. We cried together and held each other tightly! And I'm not done yet; this year, I'm determined to repay them and Coach with something they've always dreamed of– a gold medal from Tokyo."

ਦੋਸਤੋ!

ਰਾਣੀ ਰਾਮਪਾਲ ਵਰ-ਗੀਆਂ ਹਰਿਆਣਾ ਦੇ ਸ਼ਾਹਬਾਦ ਨਾਲ ਸਬੰਧਤ ਦਰਜਨਾਂ ਹਾਕੀ ਅੰਤਰ-ਰਾਸ਼ਟਰੀ ਪੱਧਰ ਦੀਆਂ ਖਿਡਾਰਨਾਂ ਦੀ ਕਹਾਣੀ ਰਾਣੀ ਰਾਮਪਾਲ ਨਾਲ ਮੇਲ ਖਾਂਦੀ ਹੈ। ਭਾਰਤੀ ਹਾਕੀ ਟੀਮ ਵਿੱਚ ਸ਼ਾਹਬਾਦ ਮਾਰਕੰਡਾ ਦੀਆਂ ਖਿਡਾਰਨਾਂ ਦਹਾਕਿਆਂ ਤੋਂ ਆਪਣੀ ਖੇਡ ਕਲਾ ਅਤੇ ਬਹੁਗਿਣਤੀ ਕਾਰਨ ਚਰਚਾ ਵਿੱਚ ਰਹੀਆਂ ਹਨ।

ਇਹ ਖਿਡਾਰਨਾਂ ਰਾਣੀ ਵਾਂਗ ਕਾਮਿਆਂ ਦੇ ਗਰੀਬ ਘਰਾਂ ਨਾਲ ਸਬੰਧਤ ਹਨ। ਹਰ ਇੱਕ ਕੁੜੀ ਦੇ ਨਾਮ ਨਾਲ ਕੌਰ ਲੱਗਿਆਂ ਹੋਇਆ ਹੈ, ਪਰ ਇੰਨਾਂ ਵਿੱਚੋਂ ਇੱਕ ਵੀ ਸਿੱਖ ਪਰਿਵਾਰ ਵਿੱਚ ਨਹੀਂ ਜੰਮੀ ਪਲੀ।

ਇੰਨਾਂ ਦਾ ਕੋਚ ਹੀ ਨਹੀਂ, ਬਾਬਲ ਹੈ ਬਲਦੇਵ ਸਿੰਘ, ਜੋ ਲੁਧਿਆਣਾ ਨਾਲ ਸਬੰਧਤ ਹੈ। ਉਸਨੇ ਨਾ ਸਿਰਫ ਇੰਨਾਂ ਖਿਡਾਰਨਾਂ ਨੂੰ ਕੁੱਲੀਆਂ ਵਿੱਚੋਂ ਕੱਢਕੇ ਕੌਮੀ ਅਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਖਿਡਾਰਨਾਂ ਬਣਾਇਆ, ਸਗੋਂ ਨਵਾਂ ਨਾਮਕਰਨ ਵੀ ਕੀਤਾ।

ਪੰਜਾਬਣਾਂ ਵਾਲੇ ਨਾਮ ਰੱਖਣ ਤੇ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਬਹੁਤੀਆਂ ਕੁੜੀਆਂ ਦੇ ਨਾਮ ਰਾਣੀ ਅਤੇ ਗੁੜੀਆ ਹੀ ਸਨ ਅਤੇ ਮੈਂ ਉਨਾਂ ਨੂੰ ਵੱਡੇ ਟੂਰਨਾਮੈਂਟਾਂ ਵਿੱਚ ਖੇਡਣ ਸਮੇਂ ਵੱਡੇ ਨਾਮ ਦਿੱਤੇ।

ਦੂਜਾ ਇਹ ਕਿ ਇੰਨਾਂ ਕੁੜੀਆਂ ਨੂੰ ਖੇਡ ਕਿੱਟਾਂ ਤੋਂ ਲੈ ਕੇ ਪੜਾਈ ਵਿੱਚ ਵੀ ਮਦਦ ਮੈਂ ਆਪਣੀਆਂ ਧੀਆਂ ਦੇ ਬਰਾਬਰ ਦੀ ਦਿੱਤੀ। ਇਸ ਲਈ ਇੰਨਾਂ ਨੂੰ ਪੰਜਾਬਣਾਂ ਵਾਲੇ ਨਾਮ ਦਿੱਤੇ।

ਭਾਰਤ ਸਰਕਾਰ ਨੇ ਉਸ ਨੂੰ ਸ਼ਾਨਦਾਰ ਸੇਵਾਵਾਂ ਲਈ ਦਰੋਣਾਚਾਰੀਆ ਐਵਾਰਡ ਦਿੱਤਾ ਸੀ ਕਦੇ ਪਰ ਉਹ ਕਿੱਤੇ ਵਡੇਰੇ ਸਨਮਾਨ ਦਾ ਹੱਕਦਾਰ ਹੈ। ਸਾਨੂੰ ਮਾਣ ਹੈ ਕਿ ਉਹ ਸਾਡੇ ਸੱਜਣਾਂ ਚ ਸ਼ੁਮਾਰ ਹੈ। ਪੰਜਾਬ ਸਰਕਾਰ ਨੂੰ ਬਲਦੇਵ ਸਿੰਘ ਦੀਆਂ ਸੇਵਾਵਾਂ ਦਾ ਉਮਰ ਭਰ ਲਈ ਕੋਚ ਬਣਾ ਕੇ ਲਾਭ ਉਠਾਉਣਾ ਚਾਹੀਦਾ ਹੈ।

# ਅਮਰੀਕੀ ਮਹਿਲਾ ਐਥਲੀਟ ਕੇਨੀ ਹੈਰੀਸਨ ਨੇ ਟੋਕੀਓ ਉਲੰਪਿਕ 'ਚ ਜਿੱਤਿਆ ਸਿਲਵਰ ਮੈਡਲ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ)**

ਅਮਰੀਕੀ 100 ਮੀਟਰ ਹਰਡਲ ਐਥਲੀਟ ਕੇਨੀ ਹੈਰੀਸਨ ਨੇ ਟੋਕਿਓ ਉਲੰਪਿਕ ਵਿੱਚ ਇਸ ਦੌੜ 'ਚ ਦੂਜੇ ਸਥਾਨ 'ਤੇ ਰਹਿ ਕੇ ਸਿਲਵਰ ਮੈਡਲ 'ਤੇ ਕਬਜਾ ਕੀਤਾ ਹੈ। ਕੇਨੀ ਨੇ 2016 ਦੇ ਯੂ ਐਸ ਓਲੰਪਿਕ ਟ੍ਰੈਕ ਅਤੇ ਫੀਲਡ ਟਰਾਇਲਾਂ ਵਿੱਚ 100 ਮੀਟਰ ਦੀ ਹਰਡਲ ਰੇਸ 'ਚ ਆਪਣੀ ਉਲੰਪਿਕ ਮੈਡਲ ਦੀ ਦੌੜ ਸ਼ੁਰੂ ਕੀਤੀ। ਪਰ ਰੀਓ ਉਲੰਪਿਕ ਵਿੱਚ ਉਹ ਛੇਵੇਂ ਸਥਾਨ 'ਤੇ ਆਉਣ ਕਾਰਨ ਅਸਫਲ ਰਹੀ। ਫਿਰ ਵੀ ਉਸਨੇ ਆਪਣੀ ਮਿਹਨਤ ਜਾਰੀ ਰੱਖੀ ਅਤੇ ਇਸ ਵਾਰ ਟੋਕਿਓ ਉਲੰਪਿਕ ਵਿੱਚ ਸੋਮਵਾਰ ਨੂੰ, ਉਸਨੇ ਆਖਰਕਾਰ ਆਪਣਾ ਟੀਚਾ ਪੂਰਾ ਕੀਤਾ। ਇਸ 28 ਸਾਲਾਂ ਐਥਲੀਟ ਨੇ ਟੋਕੀਓ ਓਲੰਪਿਕ ਵਿੱਚ 12.52 ਸਕਿੰਟ ਦੇ ਸਮੇਂ ਨਾਲ ਚਾਂਦੀ ਦਾ ਤਮਗਾ ਜਿੱਤਿਆ, ਕੇਨੀ




ਨੇ ਕਾਂਸੀ ਦਾ ਤਮਗਾ ਜਿੱਤਣ ਵਾਲੀ ਜਮੈਕਾ ਦੀ ਮੇਗਨ ਟੇਪਰ ਨੂੰ ਆਸਾਨੀ ਨਾਲ ਹਰਾਇਆ ਅਤੇ ਗੋਲਡ ਮੈਡਲ ਜਿੱਤਣ ਵਾਲੀ ਪੋਰਟੋ ਰੀਕੋ ਦੀ ਜੈਸਮੀਨ ਕੈਮਾਚੋ-ਕੁਇਨ ਤੋਂ ਪਿੱਛੇ ਰਹੀ। ਹੈਰੀਸਨ ਨੇ ਆਪਣੀ ਇਸ ਜਿੱਤ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਹੈਰੀਸਨ ਦਾ ਜਨਮ ਟੈਨੇਸੀ ਵਿੱਚ ਹੋਇਆ ਸੀ ਅਤੇ ਉਸਨੂੰ ਇੱਕ ਬੱਚੇ ਵਜੋਂ ਗੋਦ ਲਿਆ ਗਿਆ ਸੀ। ਉਸਦੇ ਮਾਪਿਆਂ, ਕੈਰਨ ਅਤੇ ਗੈਰੀ ਦੇ 11 ਬੱਚੇ ਹਨ, ਜਿਨ੍ਹਾਂ ਵਿੱਚੋਂ 9 ਗੋਦ ਲਏ ਗਏ ਸਨ। ਹੈਰੀਸਨ ਨੇ ਆਪਣਾ ਧਿਆਨ ਟ੍ਰੈਕ ਵੱਲ ਬਦਲਣ ਤੋਂ ਪਹਿਲਾਂ ਇੱਕ ਫੁਟਬਾਲ ਖਿਡਾਰੀ ਵਜੋਂ ਸ਼ੁਰੂਆਤ ਕੀਤੀ। ਉਹ ਕੈਂਟਕੀ ਯੂਨੀਵਰਸਿਟੀ ਲਈ ਸਾਂਝੇ ਤੌਰ 'ਤੇ ਦੌੜੀ ਅਤੇ ਸੀਨੀਅਰ ਵਜੋਂ ਰਾਸ਼ਟਰੀ ਚੈਂ-ਪੀਅਨਸ਼ਿਪਾਂ ਜਿੱਤੀਆਂ। ਫਿਰ ਉਸਨੂੰ ਰੀਓ ਉਲੰਪਿਕ ਵਿੱਚ ਭਾਗ ਲੈਣ ਦਾ ਮੌਕਾ ਪ੍ਰਾਪਤ

# ਸਰਕਾਰੀ ਖ਼ਜ਼ਾਨੇ ਨੂੰ ਮਾਲੋਮਾਲ ਕਰਨ ਲਈ ਮਾਫ਼ੀਆ ਰਾਜ ਖ਼ਤਮ ਕਰਨ ਦੀ ਲੋੜ

ਇੱਕ ਸਮਾਂ ਸੀ ਜਦ ਪੰਜਾਬ ਸਭ ਤੋਂ ਵੱਧ ਅਮੀਰ ਸੂਬਾ ਸੀ। ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਨਾਲੋਂ ਵੀ ਵੱਧ ਹੁੰਦੀਆਂ ਸਨ। ਪਰ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਆਰਥਿਕ ਹਾਲਤ ਵਿਗੜਦੀ ਜਾ ਰਹੀ ਹੈ ਤੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ।ਹੁਣ ਵਿਆਜ ਦੇਣ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ।

ਸਾਬਕਾ ਕੈਬਨਿਟ ਮੰਤਰੀ ਸ. ਨਵਜੋਤ ਸਿੰਘ ਸਿੱਧੂ ਨੇ ਮਾੜੀ ਆਰਥਿਕ ਅਵਸਥਾ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। 30 ਜੂਨ 2020 ਨੂੰ ਇੱਕ ਬਿਆਨ ਵਿੱਚ ਉਨ੍ਹਾਂ ਕਿਹਾ ਸੀ ਕਿ 1997 ਵਿੱਚ ਪੰਜਾਬ ਸਿਰ 15 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਕਿ 2017 ਵਿੱਚ ਜਦ ਕਾਂਗਰਸ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਤਾਂ ਇਹ ਕਰਜ਼ੇ ਦੀ ਰਕਮ ਵੱਧ ਕੇ ਤਕਰੀਬਨ ਢਾਈ ਲੱਖ ਕਰੋੜ ਰੁਪਏ ਹੋ ਗਈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਤਾਮਿਲਨਾਡੂ ਆਬਕਾਰੀ ਤੇ ਰੇਤ ਖਣਜ਼ ਤੋਂ ਹਜ਼ਾਰਾਂ ਕਰੋੜ ਰੁਪਏ ਕਮਾ ਸਕਦਾ ਹੈ ਤਾਂ ਪੰਜਾਬ ਅਜਿਹਾ ਕਿਉਂ ਨਹੀਂ ਕਰ ਸਕਦਾ? ਸਾਡੀ ਧਰਤੀ ਪੰਜ ਦਰਿਆਵਾਂ ਦੀ ਹੈ। ਅਸੀਂ ਇਨ੍ਹਾਂ ਦਾ ਲਾਭ ਕਿਉਂ ਨਹੀਂ ਉਠਾਅ ਰਹੇ। ਸਿੱਧੂ ਨੇ ਪ੍ਰਵਾਸੀ ਪੰਜਾਬੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੇ ਹਾਕਮਾਂ ਨੇ ਰਾਜ ਨੂੰ ਗਹਿਣੇ ਰੱਖ ਦਿੱਤਾ ਹੈ। ਮੈਂ ਉਸ ਦਿਨ ਖੁਸ਼ ਹੋਵਾਂਗਾ ਜਦ ਇੱਕ ਰਿਕਸ਼ਾ ਚਾਲਕ ਦਾ ਲੜਕਾ ਸਰਕਾਰੀ ਸਕੂਲ ਵਿੱਚੋਂ ਪੜ੍ਹ ਕੇ ਆਈ ਏ ਐਸ ਅਫ਼ਸਰ ਬਣੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਿਆਸਤ ਇੱਕ ਗ਼ੰਦੀ ਖੇਡ ਬਣ ਗਈ ਹੈ।

ਇਸ ਤੋਂ ਪਹਿਲਾਂ ਸ. ਪ੍ਰਤਾਪ ਸਿੰਘ ਬਾਜਵਾ ਨੇ ਵੀ ਟਵੀਟ ਕਰਕੇ ਕਿਹਾ ਕਿ ਰਾਜ ਵਿੱਚ ਸ਼ਰਾਬ ਮੀਆ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਹੁਣ ਸਮਾਂ ਆ ਗਿਆ ਹੈ ਕਿ ਕਿਸੇ ਕੇਂਦਰੀ ਏਜੰਸੀ ਜਾਂ ਕਿਸੇ ਮੌਜੂਦਾ ਜੱਜ ਕੋਲੋਂ ਇਸ ਦੀ ਫੌਰੀ ਆਜ਼ਾਦਾਨਾ ਪੜਤਾਲ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਸ਼ਰਾਬ ਦੀ ਸਮਗਲਿੰਗ ਨਾਲ ਪੰਜਾਬ ਦੀ ਆਬਕਾਰੀ ਆਮਦਨ ਵਿੱਚ ਭਾਰੀ ਘਾਟਾ ਪੈ ਰਿਹਾ ਹੈ।

ਜਲੰਧਰ ਤੋਂ ਵਿਧਾਇਕ ਸ. ਪਰਗਟ ਸਿੰਘ ਦਾ ਕਹਿਣਾ ਹੈ ਕਿ ਸ਼ਰਾਬ ਦੀ ਇਕ ਬੋਤਲ ਦੀ ਲਾਗਤ 150 ਰੁਪਏ ਹੈ 100 ਰੁਪਏ ਐਕਸਇਜ਼ ਡਿਊਟੀ ਹੈ। ਬਜ਼ਾਰ ਵਿਚ ਇਕ ਬੋਤਲ 800 ਰੁਪਏ ਵਿਚ ਵਿਕਦੀ ਹੈ। ਇਸ ਤਰ੍ਹਾਂ 550 ਰੁਪਏ ਠੇਕੇਦਾਰ ਤੇ ਵਪਾਰੀ ਖਾ ਰਹੇ ਹਨ। ਜੇ ਇਹ ਸ਼ਰਾਬ ਦੀ ਕਾਰਪੋਰੇਸ਼ਨ ਬਣਾ ਦਿੱਤੀ ਜਾਵੇ ਜਿਵੇਂ ਕਿ ਤਾਮਿਲਨਾਇਡੂ ਵਿਚ ਹੈ ਤਾਂ ਇਹ ਰਕਮ ਸਰਕਾਰੀ ਖ਼ਜ਼ਾਨੇ ਵਿਚ ਜਾਏਗੀ। ਹੈਰਾਨੀ ਵਾਲੀ ਗੱਲ ਹੈ ਕਿ ਤਾਮਿਨਾਡੂ ਨੇ 1983 ਦਾ ਕਾਰੋਬਾਰ ਸਰਕਾਰੀ ਕੀਤਾ ਹੈ ਤਾਂ 1983 ਤੋਂ ਪਿੱਛੋਂ ਪੰਜਾਬ ਵਿਚ ਜਿਹੜੀਆਂ ਸਰਕਾਰਾਂ ਆਈਆਂ ਉਨ੍ਹਾਂ ਨੇ ਕਿਉਂ ਨਹੀਂ ਕੀਤਾ?

16 ਜੂਨ 2020 ਨੂੰ ਸ. ਨਵਜੋਤ ਸਿੰਘ ਸਿੱਧੂ ਨੇ 2017 ਦੀਆਂ ਅਸੈਂਬਲੀ ਚੋਣਾਂ ਸਮੇਂ ਜਾਰੀ ਕੀਤੀਆਂ ਵੀਡਿਓ ਰਾਹੀਂ ਦੱਸਿਆ ਕਿ ਸਰਕਾਰੀ ਖਜ਼ਾਨੇ ਵਿੱਚ ਪੈ ਰਹੇ ਘਾਟੇ ਨੂੰ ਰੋਕਣ ਲਈ ਤਾਮਿਲਨਾਡੂ ਵਾਂਗ ਇੱਕ ਸ਼ਰਾਬ ਕਾਰਪੋਰੇਸ਼ਨ ਸਥਾਪਿਤ ਕਰਨ ਦੀ ਮੰਗ 'ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਅਨੁਸਾਰ ਅਕਾਲੀ ਸਰਕਾਰ ਦੇ ਸਮੇਂ ਤੋਂ ਚਲ ਰਹੇ ਕੇਬਲ, ਰੇਤ ਤੇ ਸ਼ਰਾਬ ਮਾਫ਼ੀਆ ਨੂੰ ਖ਼ਤਮ ਕਰਕੇ ਸਰਕਾਰੀ ਖਜ਼ਾਨੇ ਨੂੰ ਪੈ ਰਹੇ ਘਾਟੇ ਨੂੰ ਪੂਰਾ ਕੀਤਾ ਜਾ ਸਕਦਾ ਹੈ ।

16 ਅਗਸਤ 2020 ਨੂੰ ਕਾਂਗਰਸ ਪਾਰਲੀਮੈਂਟ ਮੈਂਬਰ ਸ. ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਰੋਪੜ ਨੇੜੇ ਹੋ ਰਹੀ ਗ਼ੈਰ-ਕਾਨੂੰਨੀ ਮਾਈਨਿੰਗ ਲਈ ਨਜਾਇਜ਼ ਨਾਕੇ (ਚੈਕ ਪੋਸਟ) ਦਾ ਨੋਟਿਸ ਲੈਣ ਦਾ ਸੁਆਗਤ ਕਰਦੇ ਹੋਏ ਦੋਸ਼ ਲਾਇਆ ਕਿ ਪੰਜਾਬ ਦਾ ਗ੍ਰਹਿ ਵਿਭਾਗ ਤੇ ਖਣਿਜ ਤੇ ਭੂਗੋਲਿਕ ਵਿਭਾਗ ਗ਼ੈਰ-ਕਾਨੂੰਨੀ ਰੇਤ ਮਾਫ਼ੀਆ ਨੂੰ ਰੋਕਣ ਵਿੱਚ ਅਸਫ਼ਲ ਰਿਹਾ ਹੈ ਤੇ ਇਸ ਦਾ ਦਾਇਰਾ ਵਧਾ ਕੇ ਸਾਰੇ ਰਾਜ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇ।

ਆਮ ਪਾਰਟੀ ਦੇ ਲੋਕ ਸਭਾ ਮੈਂਬਰ ਸ੍ਰੀ ਭਗਵੰਤ ਮਾਨ ਅਨੁਸਾਰ ਗ਼ੈਰ-ਕਾਨੂੰਨੀ ਰੇਤ ਮਾਫ਼ੀਆ ਦਾ ਕਾਰੋਬਾਰ 2007 ਦਾ ਚੱਲ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਾਈਕੋਰਟ ਨੂੰ ਇਸ ਕਰਕੇ ਦਖ਼ਲ ਦੇਣਾ ਪੈ ਰਿਹਾ ਹੈ ਕਿਉਂਕਿ ਮੌਜੂਦਾ ਕਾਂਗਰਸ ਸਰਕਾਰ ਪਹਿਲੀ ਸਰਕਾਰ ਦੀਆਂ ਲੀਹਾਂ 'ਤੇ ਚਲ ਰਹੀ ਹੈ ਤੇ ਰੇਤ ਮਾਫ਼ੀਆ ਨੂੰ ਰੋਕਣ ਵਿੱਚ ਨਾਕਾਮਯਾਬ ਹੋਈ ਹੈ। ਸ. ਸੁਖਪਾਲ ਸਿੰਘ ਖਹਿਰਾ ਨੇ ਵੀ ਇਸ ਪੜਤਾਲ ਦਾ ਦਾਇਰਾ ਵਧਾਉਣ ਦੀ ਮੰਗ ਕੀਤੀ।

ਜਦ ਅਸੀਂ ਤਾਮਿਲਨਾਡੂ ਸਰਕਾਰ ਵੱਲੋਂ ਕਾਇਮ ਕੀਤੀ ਗਈ ਤਾਮਿਲਨਾਡੂ ਸਟੇਟ ਮਾਰਕਿਟਿੰਗ ਕਾਰਪੋਰੇਸ਼ਨ ਦੇ ਇਤਿਹਾਸਕ ਪਿਛੋਕੜ 'ਤੇ ਝਾਤ ਪਾਉਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਕਾਰਪੋਰੇਸ਼ਨ 1983 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਐਮ.ਜੀ. ਰਾਮਾਚੰਦਰਨ ਵੱਲੋਂ ਕਾਇਮ ਕੀਤੀ ਗਈ ਸੀ, ਜਿਸ ਨੇ ਸ਼ਰਾਬ ਦਾ ਥੋਕ ਦਾ ਕਾਰੋਬਾਰ ਆਪਣੇ ਹੱਥ ਵਿੱਚ ਲਿਆ। ਪ੍ਰਚੂਨ ਦਾ ਕਾਰੋਬਾਰ ਪ੍ਰਾਈਵੇਟ ਹੱਥਾਂ ਵਿੱਚ ਰਿਹਾ।ਸਰਕਾਰ ਨੇ ਪ੍ਰਚੂਨ ਦੀਆਂ ਦੁਕਾਨਾਂ ਤੇ ਬਾਰਾਂ ਨੀਲਾਮੀ ਰਾਹੀਂ ਠੇਕੇਦਾਰਾਂ ਨੂੰ ਦਿੱਤੀਆਂ। ਪਰ ਬਾਅਦ ਵਿੱਚ ਵੇਖਣ ਵਿੱਚ ਆਇਆ ਕਿ ਪ੍ਰਚੂਨ ਵਾਲਿਆ ਨੇ ਆਪਣੇ ਜੁਟ (ਕਾਰਟਲ) ਬਣਾ ਲਏ ਹਨ ਜਿਸ ਨਾਲ ਸਰਕਾਰ ਨੂੰ ਘਾਟਾ ਪੈਣਾ ਸ਼ੁਰੂ ਹੋ ਗਿਆ। ਸਰਕਾਰ ਨੇ 2001-02 ਵਿੱਚ ਦੁਕਾਨਾਂ ਦੇ ਆਮਦਨੀ ਦੇ ਗਰੁੱਪ ਬਣਾ ਕੇ ਬੋਲੀਆਂ ਕਰਵਾਈਆਂ ਗਈਆਂ ਪਰ ਇਸ ਵਿੱਚ ਵੀ ਠੇਕੇਦਾਰ ਆਪਸ ਵਿੱਚ ਵਿੱਚ ਰਲ ਕੇ ਬੋਲੀਆਂ ਦੇਣ ਲੱਗੇ ਜਿਸ ਨਾਲ ਸਰਕਾਰ ਨੂੰ ਘਾਟਾ ਪੈਣ ਲੱਗ ਗਿਆ। ਅਕਤੂਬਰ 2003 ਵਿੱਚ ਸਰਕਾਰ ਨੇ ਤਾਮਿਲਨਾਡੂ ਪ੍ਰੋਹਿਬਸ਼ਨ ਐਕਟ 1937 ਵਿੱਚ ਸੋਧ ਕਰਕੇ ਪ੍ਰਚੂਨ ਦਾ ਕਾਰੋਬਾਰ ਵੀ ਆਪਣੇ ਹੱਥ ਵਿੱਚ ਲੈ ਲਿਆ। 2004 ਤੀਕ ਪ੍ਰਾਈਵੇਟ ਦੁਕਾਨਾਂ ਜਾਂ ਤਾਂ ਬੰਦ ਹੋ ਗਈਆਂ ਜਾਂ ਸਰਕਾਰ ਨੇ ਆਪਣੇ ਕੰਟਰੋਲ ਵਿੱਚ ਲੈ ਲਈਆਂ। ਇਹ ਏਕਾਅਧਿਕਾਰ ਦੀ ਨੀਤੀ 29 ਨਵੰਬਰ 2003 ਨੂੰ ਜੈ ਲਲਿਤਾ ਸਰਕਾਰ ਵੱਲੋਂ ਲਾਗੂ ਕੀਤੀ ਗਈ। ਆਲ ਇੰਡੀਆ ਅੰਨਾ ਡੀ ਐਮ ਕੇ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨੀਤੀ ਨੂੰ ਬਾਅਦ ਦੀ 2006 ਈ. ਵਿੱਚ ਕਰੁਣਾਨਿਧੀ ਦੀ ਅਗਵਾਈ ਵਿੱਚ ਬਣੀ ਡੀ ਐਮ ਕੇ ਸਰਕਾਰ ਨੇ ਵੀ ਚਾਲੂ ਰੱਖਿਆ।

ਸ਼ਰਾਬ ਦੀ ਇਸ ਕਾਰਪੋਰੇਸ਼ਨ ਨੂੰ ਇੱਕ ਬੋਰਡ ਚਲਾਉਂਦਾ ਹੈ ਜਿਸ ਦੇ ਮੈਂਬਰ ਆਈ ਏ ਐਸ ਅਫ਼ਸਰ ਹਨ। ਇਸ ਦਾ ਮੁੱਖ ਦਫ਼ਤਰ ਚੇਨਈ ਵਿੱਚ ਹੈ।ਇਸ ਕੰਪਨੀ ਨੂੰ ਪੰਜ ਇਲਾਕਿਆਂ ਵਿੱਚ ਵੰਡਿਆ ਹੋਇਆ ਹੈ। ਚੇਨਈ, ਕੋਇੰਬਟੋਰ, ਮਥੁਰਾਈ, ਤ੍ਰਿਚੀ ਤੇ ਸਲੇਮਾ ।ਹਰੇਕ ਦਾ ਇੱਕ ਇੱਕ ਇਲਾਕਾ ਮੈਨੇਜਰ ਹੈ। ਇਨ੍ਹਾਂ ਇਲਾਕਿਆਂ ਨੂੰ 33 ਜ਼ਿਲ੍ਹਿਆ ਵਿੱਚ ਵੰਡਿਆ ਗਿਆ ਹੈ। ਹਰੇਕ ਜ਼ਿਲ੍ਹਾ ਦਾ ਜ਼ਿਲ੍ਹਾ ਮੈਨੇਜਰ ਹੈ। 2010 ਈ. ਵਿੱਚ ਕੰਪਨੀ ਪਾਸ 6800 ਪ੍ਰਚੂਨ ਦੁਕਾਨਾਂ ਸਨ ਤੇ 30 ਹਜ਼ਾਰ ਕਰਮਚਾਰੀ ਸਨ। ਇਹ ਮੁਲਾਜ਼ਮ ਸਰਕਾਰੀ ਮੁਲਾਜ਼ਮ ਨਹੀ ਹਨ ਤੇ ਨਾ ਹੀ ਇਨ੍ਹਾਂ ਨੂੰ ਸਰਕਾਰੀ ਕਰਮਚਾਰੀਆਂ ਵਾਲੀਆਂ ਸਹੂਲਤਾਂ ਮਿਲਦੀਆਂ ਹਨ। ਇਨ੍ਹਾਂ ਦੁਕਾਨਾਂ ਨੂੰ ਵਾਇਨ ਸ਼ਾਪ ਕਿਹਾ ਜਾਂਦਾ ਹੈ ਭਾਵੇਂ ਕਿ ਇਹ ਹਰ ਤਰ੍ਹਾਂ ਦੀ ਸ਼ਰਾਬ ਵੇਚਦੀਆਂ ਹਨ। ਇਨ੍ਹਾਂ ਵਿੱਚੋਂ ਅੱਧੀਆਂ ਨਾਲ ਅਹਾਤੇ (ਬਾਰ) ਹਨ।

ਸ਼ਰਾਬ ਦਾ ਕਾਰੋਬਾਰ ਸਰਕਾਰੀ ਕਰਨ ਨਾਲ ਰਾਜ ਨੂੰ ਕਈ ਤਰ੍ਹਾਂ ਦੇ ਲਾਭ ਹੋਣ ਲੱਗੇ। ਨਕਲੀ ਸ਼ਰਾਬ, ਸ਼ਰਾਬ ਵਿੱਚ ਮਿਲਾਵਟ, ਕਾਲਾ ਬਜ਼ਾਰੀ ਤੇ ਭ੍ਰਿਸ਼ਟਾਚਾਰ ਵਰਗੀਆਂ ਲਾਹਨਤਾਂ ਖ਼ਤਮ ਹੋ ਗਈਆਂ। ਸਭ ਤੋਂ ਵੱਧ, ਆਮਦਨ ਵਿੱਚ ਬੇਹਤਾਸ਼ਾ ਵਾਧਾ ਹੋਇਆ। ਜਦ 1983 ਵਿੱਚ ਕਾਰਪੋਰੇਸ਼ਨ ਬਣੀ ਤਾਂ 183 ਕਰੋੜ ਰੁਪਏ ਦਾ ਕਾਰੋਬਾਰ ਸੀ। 2002-03 ਵਿੱਚ ਪ੍ਰਚੂਨ ਕਾਰੋਬਾਰ ਤੋਂ ਪਹਿਲਾਂ 3499.75 ਕਰੋੜ ਰੁਪਏ ਦਾ ਕਾਰੋਬਾਰ ਸੀ, ਜਿਸ ਵਿੱਚੋਂ ਸਰਕਾਰ ਨੂੰ 2828.09 ਕਰੋੜ ਰੁਪਏ ਬਤੌਰ ਟੈਕਸ ਪ੍ਰਾਪਤ ਹੋਏ।

ਪ੍ਰਚੂਨ ਕਾਰੋਬਾਰ ਆਪਣੇ ਹੱਥ ਵਿੱਚ ਲੈਣ ਪਿੱਛੋਂ ਟੈਕਸ ਦੀ ਇਹ ਰਕਮ 2003-04 ਵਿੱਚ ਵੱਧ ਕੇ 3639 ਕਰੋੜ ਰੁਪਏ ਹੋ ਗਈ। ਟੈਕਸ ਦੀ ਆਮਦਨ ਵਿੱਚ ਦੋ ਤਰ੍ਹਾਂ ਆਮਦਨ ਸੀ, ਇੱਕ ਸੀ ਆਬਕਾਰੀ ਕਰ (ਐਕਸਾਇਜ਼ ਟੈਕਸ) ਤੇ ਦੂਸਰਾ ਵਿਕਰੀ ਕਰ (ਸੇਲਜ਼ ਟੈਕਸ)। ਇਹ ਤਕਰੀਬਨ ਅੱਧੇ ਅੱਧੇ ਸਨ। ਆਉਂਦੇ ਚਾਰ ਸਾਲਾਂ ਕਰ ਦੀ ਆਮਦਨ ਵੱਧ ਕੇ ਕ੍ਰਮਵਾਰ 4872, 6087, 7300 ਅਤੇ 8822 ਕਰੋੜ ਰੁਪਏ ਹੋ ਗਈ।

2005-06 ਵਿੱਚ ਸ਼ਰਾਬ ਦੀ ਵਿਕਰੀ ਦੇ ਪਿਛਲੇ 23 ਸਾਲਾਂ ਦੇ ਰਿਕਾਰਡ ਟੁੱਟ ਗਏ। 2008-09 ਵਿੱਤੀ ਸਾਲ ਵਿੱਚ ਦਸ ਹਜ਼ਾਰ ਕਰੋੜ ਰੁਪਏ ਜਨੀ ਕਿ 10 ਅਰਬ ਰੁਪਏ ਦੀ ਸ਼ਰਾਬ ਦੀ ਵਿਕਰੀ ਹੋਈ ਜਦ ਕਿ ਕਰ 10601.5 ਕਰੋੜ ਰੁਪਏ ਹੋ ਗਿਆ। ਵਿੱਤੀ ਸਾਲ 2009-10 ਅਤੇ 2010-11 ਇਹ ਰਕਮ ਵੱਧ ਕੇ ਕ੍ਰਮਵਾਰ 12491 ਅਤੇ 14965 ਕਰੋੜ ਹੋ ਗਈ। ਵਿੱਤੀ ਸਾਲ 2011-12 ਵਿੱਚ ਆਮਦਨ 20.82% ਵੱਧ ਕੇ 18081.16 ਕਰੋੜ ਰੁਪਏ, 2012-13 ਵਿੱਚ 19.91ਗ਼ ਵੱਧ ਕੇ 21680.67, 2013-14 ਵਿੱਚ 7.93& ਵੱਧ ਕੇ 23401 ਕਰੋੜ ਰੁਪਏ, 2014-15 ਵਿੱਚ 11.91% ਵੱਧ ਕੇ 26188 ਕਰੋੜ ਰੁਪਏ, 2015-16 ਵਿੱਚ 6.76% ਘਟੀ ਤੇ ਇਹ ਘਟ ਕੇ 25845.58 ਕਰੋੜ, 2016-17 ਵਿੱਚ 6.97& ਦਾ ਵਾਧਾ ਹੋਇਆ ਤੇ ਇਹ ਵੱਧ ਕੇ 26995.25 ਕਰੋੜ ਰੁਪਏ, 2017-18 ਵਿੱਚ 0.73& ਘੱਟ ਕੇ 26797-96 ਕਰੋੜ ਰੁਪਏ, 2018-19 ਵਿੱਚ 8.39% ਵੱਧ ਕੇ 31157.83 ਕਰੋੜ ਰੁਪਏ ਹੋ ਗਈ।



ਡਾ. ਚਰਨਜੀਤ ਸਿੰਘ ਗੁਮਟਾਲਾ
0019375739812
919417533060

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ 2011 ਵਿੱਚ ਜਿਹੜੀ ਆਮਦਨ 18081 ਕਰੋੜ ਸੀ ਉਹ 2019 ਵਿੱਚ 31157 ਕਰੋੜ ਰੁਪਏ ਹੋ ਗਈ।

ਇਨ੍ਹਾਂ ਦੁਕਾਨਾਂ 'ਤੇ ਹਰ ਤਰ੍ਹਾਂ ਦੀ ਸ਼ਰਾਬ ਵਿਕਦੀ ਹੈ। ਬੀਅਰ ਤੋਂ 20% ਆਮਦਨ ਹੁੰਦੀ ਹੈ ਬਾਕੀ 80% ਵਿਸਕੀ, ਰਮ, ਬਰਾਂਡੀ, ਵੋਡਕਾ ਤੇ ਵਾਇਨ ਤੋਂ ਹੁੰਦੀ ਹੈ।

ਜੇ ਪੰਜਾਬ ਸਰਕਾਰ ਨੇ ਵੀ 1983 ਤੋਂ ਇਹ ਕਾਰੋਬਾਰ ਆਪਣੇ ਹੱਥਾਂ ਵਿੱਚ ਲਿਆ ਹੁੰਦਾ ਤਾਂ ਸਾਡੇ ਖਜ਼ਾਨੇ ਦੀ ਇਹ ਹਾਲਤ ਨਾ ਹੁੰਦੀ। ਏਸੇ ਤਰ੍ਹਾਂ ਸਰਕਾਰ ਭੂਮੀ ਮਾਫ਼ੀਆ, ਰੇਤ ਤੇ ਕੇਬਲ ਮਾਫੀਆ ਨੂੰ ਨੱਥ ਪਾ ਲਵੇ ਤਾਂ ਪੰਜਾਬ ਦਾ ਸਾਰਾ ਕਰਜ਼ਾ ਕੁਝ ਸਾਲਾਂ ਵਿੱਚ ਲੱਥ ਸਕਦਾ ਹੈ। ਜੇ ਬੱਸਾਂ ਦੇ ਪ੍ਰਮੁੱਖ ਰੂਟਾਂ ਦਾ ਸਰਕਾਰੀਕਰਨ ਕਰ ਦਿੱਤਾ ਜਾਵੇ ਤਾਂ ਇਸ ਨਾਲ ਵੀ ਵੱਡੀ ਆਮਦਨ ਹੋ ਸਕਦੀ ਹੈ। ਇੱਕ ਟੀ.ਵੀ. ਚੈਨਲ ਵੱਲੋਂ ਕਿਹਾ ਜਾ ਰਿਹਾ ਹੈ ਕਿ ਚੰਡੀਗੜ੍ਹ ਦੇ ਆਸ ਪਾਸ ਕਥਿਤ ਤੌਰ 'ਤੇ 30 ਹਜ਼ਾਰ ਏਕੜ ਦੇ ਕਰੀਬ ਸਰਕਾਰੀ ਪ੍ਰਾਇਮ ਲੈਂਡ ਲੋਕਾਂ ਦੱਬੀ ਹੋਈ ਹੈ, ਜਿਸਨੂੰ ਛੁਡਾ ਲਿਆ ਜਾਵੇ ਤਾਂ ਪੰਜਾਬ ਮਾਲਾ ਮਾਲ ਹੋ ਸਕਦਾ ਹੈ।

ਸ. ਨਵਜੋਤ ਸਿੰਘ ਸਿੱਧੂ ਵੱਲੋਂ ਚੋਣਾਂ ਵਿੱਚ ਮਾਫ਼ੀਆ ਰਾਜ ਨੂੰ ਮੁੱਦਾ ਬਣਾਇਆ ਸੀ। ਕਾਂਗਰਸ ਪਾਰਟੀ ਨੇ ਵੀ ਆਪਣੇ ਚੋਣ ਮੈਨੀਫੈਸਟੋ ਵਿੱਚ ਮਾਫ਼ੀਆ ਰਾਜ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਇਸ ਤੋਂ ਪਿੱਛੋਂ ਹੱਟਣਾਂ ਆਉਂਦੀਆਂ ਚੋਣਾਂ ਵਿੱਚ ਪਾਰਟੀ ਨੂੰ ਮਹਿੰਗਾ ਪੈ ਸਕਦਾ ਹੈ।

ਕਾਂਗਰਸ ਸਰਕਾਰ ਵੱਲੋਂ ਚੋਣਾਂ ਸਮੇਂ ਕੀਤੇ ਵਾਅਦੇ ਨਾ ਪੂਰੇ ਕਰਨ ਦੀ ਸਭ ਪਾਸਿਉਂ ਆਲੋਚਨਾ ਹੋ ਰਹੀ ਹੈ। ਏਥੋਂ ਤੀਕ ਕਾਂਗਰਸ ਪਾਰਟੀ ਦੇ ਆਪਣੇ ਵਿਧਾਇਕਾਂ, ਮੰਤਰੀ ਤੇ ਪਾਰਲੀਮੈਂਟ ਮੈਂਬਰ ਵੀ ਆਲੋਚਨਾ ਕਰ ਰਹੇ ਹਨ। ਇਸ ਲਈ ਕਾਂਗਰਸ ਹਾਈ ਕਮਾਂਡ ਨੂੰ ਚਾਹੀਦਾ ਹੈ ਕਿ ਉਹ ਦਖ਼ਲ ਦੇ ਕੇ ਕੀਤੇ ਵਾਅਦਿਆਂ ਨੂੰ ਲਾਗੂ ਕਰਵਾਏ ਨਹੀਂ ਤਾਂ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਦ੍ਰਿੜ ਇਰਾਦੇ ਵਾਲੇ ਆਨਰੇਰੀ ਕੈਪਟਨ ਦਲੇਰ ਸਿੰਘ ਬੁੱਟਰ



ਮੇਜਰ ਸਿੰਘ ਨਾਭਾ
91-94635-53962

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦੇ ਇਰਾਦਿਆਂ ਨੂੰ ਕੋਈ ਮੁਸ਼ਕਿਲ ਰੋਕ ਨਹੀਂ ਸਕਦੀ। ਇਹੋ ਜਿਹਾ ਹੀ ਦ੍ਰਿੜ ਇਰਾਦੇ ਵਾਲਾ ਇਨਸਾਨ ਹੈ ਦਲੇਰ ਸਿੰਘ ਬੁੱਟਰ ਜੋ ਬੜੇ ਜਜ਼ਬੇ ਨਾਲ ਮਿਲਟਰੀ ਸੇਵਾਵਾਂ ਵਿੱਚ ਵਿਲੱਖਣ ਸੇਵਾ ਨਿਭਾ ਚੁੱਕਿਆ ਹੈ।ਦੇਸ਼ ਦੀਆਂ ਹੱਦਾਂ ਦੀ ਰਾਖੀ ਸੀਸ ਤਲੀ ਤੇ ਰੱਖ ਕੇ ਹੀ ਕੀਤੀ ਜਾਂਦੀ ਹੈ,ਇਹ ਸ. ਬੁੱਟਰ ਵਰਗੇ ਇਨਸਾਨਾਂ ਦੇ ਹੀ ਹਿੱਸੇ ਆਉਂਦੀ ਹੈ। ਉਸ ਦਾ ਜਨਮ ਮੱਧ-ਵਰਗੀ ਕਿਸਾਨ ਪਿਤਾ ਸ੍ਰ. ਸ਼ੇਰ ਸਿੰਘ ਦੇ ਘਰ ਮਾਤਾ ਸ੍ਰੀਮਤੀ ਨਿਹਾਲ ਕੌਰ ਦੀ ਕੁੱਖੋਂ ਪਿੰਡ ਮਾਝੀ (ਸੰਗਰੂਰ) ਵਿਖੇ 10 ਮਈ 1970 ਨੂੰ ਹੋਇਆ। ਉਸ ਨੇ ਅੱਠਵੀਂ ਤੱਕ ਦੀ ਮੁੱਢਲੀ ਪੜ੍ਹਾਈ ਸਰਕਾਰੀ ਮਿਡਲ ਸਕੂਲ ਮਾਝੀ ਤੋਂ ਪ੍ਰਾਪਤ ਕਰਕੇ ਦਸਵੀਂ ਤੱਕ ਦੀ ਪੜ੍ਹਾਈ ਸ.ਸ.ਸ. ਬਾਲਦ ਕਲਾਂ (ਸੰਗਰੂਰ) ਤੋਂ ਮਾਰਚ 1989 'ਚ ਪੂਰੀ ਕਰ ਲਈ।ਦੇਸ਼ ਭਗਤੀ ਦੀ ਭਾਵਨਾ ਨੇ ਉਸ ਨੂੰ ਆਰਮੀ ਵਿੱਚ ਭਰਤੀ ਹੋਣ ਲਈ ਪਟਿਆਲੇ ਬੀ.ਆਰ.ਓ.ਤੋਂ ਸਾਰੇ ਟੈਸਟ ਪਾਸ ਕਰਕੇ 29 ਅਗਸਤ 1990 ਨੂੰ ਭਰਤੀ ਹੋ ਕੇ ਪੰਜਾਬ ਰੈਜਿਮੈਂਟ ਸੈਂਟਰ (ਪੀ. ਆਰ.ਸੀ.) ਰਾਮਗੜ੍ਹ ਰਾਂਚੀ ਤੋਂ ਇੱਕ ਸਾਲ ਦੀ ਟ੍ਰੇਨਿੰਗ ਕਰ ਲਈ ।ਇਸ ਉਪਰੰਤ ਉਸ ਦੀ ਪੋਸਟਿੰਗ 20 ਪੰਜਾਬ ਰੈਜਿਮੈਂਟ ਵਿੱਚ ਹੋ ਗਈ ਅਤੇ ਉਹ 4 ਨਵੰਬਰ 1991 ਨੂੰ ਯੂਨਿਟ 'ਚ ਸਾਮਲ ਹੋ ਗਿਆ ਉਸ ਸਮੇਂ ਇਹ ਯੂਨਿਟ ਨਾਗਾਲੈਂਡ ਸੀ। ਇਸ ਤੋਂ ਬਾਅਦ ਯੂਨਿਟ ਪਠਾਨਕੋਟ ਅਤੇ ਸਿੱਕਮ ਆ ਗਈ। ਦਲੇਰ ਸਿੰਘ ਦਾ ਵਿਆਹ ਦੰਦਰਾਲਾ ਢੀਂਡਸਾ ਦੇ ਸ. ਕਪੂਰ ਸਿੰਘ ਦੀ ਬੇਟੀ ਬਲਜੀਤ ਕੌਰ ਨਾਲ 22 ਫਰਵਰੀ 1997 ਨੂੰ ਹੋ ਗਿਆ। ਇਨ੍ਹਾਂ ਦੇ ਘਰ ਬੇਟੇ ਗੁਰਪਿੰਦਰ ਸਿੰਘ ਨੇ 16 ਸਤੰਬਰ 1998 ਨੂੰ ਜਨਮ ਲਿਆ। ਉਸ ਦੀ ਪੋਸਟਿੰਗ 2002 ਨੂੰ 53 ਆਰ.ਆਰ. ਵਿੱਚ ਹੋ ਗਈ ਜੋ ਕਿ ਸ੍ਰੀ ਨਗਰ ਸੀ । ਨਾਇਕ ਤੋਂ ਹਵਾਲਦਾਰ ਕਾਡਰ ਲਈ ਉਹ 20 ਪੰਜਾਬ ਵਿੱਚ ਚਲਿਆ ਗਿਆ। ਚਾਰ ਮਹੀਨੇ ਕੇਡਰ ਲਈ ਟ੍ਰੇਨਿੰਗ ਲੈ ਕੇ ਪਾਸ ਹੋਣ ਉਪਰੰਤ ਉਹ ਸਤੰਬਰ 2003 ਵਿੱਚ ਹਵਾਲਦਾਰ ਬਣ ਗਿਆ।ਉਸ ਦੀ ਪੋਸਟਿੰਗ 2004 ਵਿੱਚ '20 ਪੰਜਾਬ' ਵਿੱਚ ਹੋ ਗਈ ਅਤੇ ਯੂਨਿਟ ਦੀ ਪੋਸਟਿੰਗ 2005 ਵਿੱਚ ਗੁਰੇਜ਼ ਸੈਕਟਰ (ਜੇ.ਕੇ.) ਹਾਈ ਐਲਟੀਚਿਊਟ (ਬਰਫੀਲਾ ਅਤੇ ਮਿਲੀਟੈਂਟ ਏਰੀਆ ) ਐਲ.ਓ.ਸੀ. ਪਰ ਹੋ ਗਈ । ਇਥੇ ਉਨ੍ਹਾਂ ਨੇ ਬੜੀ ਸਖਤ ਡਿਊਟੀ ਨਿਭਾਈ। ਫਿਰ ਉਨ੍ਹਾਂ ਦੀ ਯੂਨਿਟ






2007 ਵਿੱਚ ਫਿਰੋਜ਼ਪੁਰ ਆ ਗਈ। ਹਾਰਡ ਵਰਕਰ ਦੇ ਤੋਰ ਤੇ ਕੰਮ ਕਰਨ ਬਦਲੇ ਉਨ੍ਹਾਂ ਨੂੰ ਜੀ.ਓ.ਸੀ. 7 ਡਿਵੀਜਨ ਵਲੋਂ ਡੀ.ਓ. ਲੈਟਰ ਨਾਲ ਸਨਮਾਨ ਕੀਤਾ। ਫਿਰ ਉਹ ਪਟਿਆਲਾ ਵਿਖੇ 5 ਐਨ.ਸੀ.ਸੀ., ਬੀ.ਐਨ. ਵਿਖੇ ਚਲੇ ਗਏ। ਇਥੇ ਉਨ੍ਹਾਂ ਬੱਚਿਆਂ ਨੂੰ ਫੋਜ 'ਚ ਭਰਤੀ ਹੋਣ ਮੋਟੀਵੇਟ ਕਰਨ ਦੇ ਨਾਲ ਉਨ੍ਹਾਂ ਨੂੰ ਟ੍ਰੇਨਿੰਗ ਵੀ ਦਿੱਤੀ।ਉਨ੍ਹਾਂ ਦੀ ਪੋਸਟਿੰਗ ਅਗਸਤ 2010 ਵਿੱਚ ਯੂਨਿਟ '20 ਪੰਜਾਬ' ਵਿੱਚ ਹੋ ਗਈ। ਉਨ੍ਹਾਂ ਦੀ ਯੂਨਿਟ ਦੀ ਪੋਸਟਿੰਗ 31 ਅਗਸਤ 2010 ਨੂੰ ਸੁੰਦਰ ਬਨੀ ( ਜੇ.ਕੇ.) ਰਜੌਰੀ ਏਰੀਏ 'ਚ ਐਲ.ਓ.ਸੀ. ਤੇ ਹੋ ਗਈ। ਇਥੇ ਉਨ੍ਹਾਂ ਨੇ ਜੇ.ਸੀ.ਓ. ਕੇਡਰ ਪਾਸ ਕਰ ਲਿਆ।ਉਨ੍ਹਾਂ ਦੀ ਸਿਲੈਕਸ਼ਨ ਯੂ. ਐਨ. ਮਿਸ਼ਨ ਲਈ ਹੋ ਗਈ। ਉਹ ਜੂਨ 2013 ਨੂੰ ਯੂਨਿਟ '26 ਪੰਜਾਬ' ਨਾਲ ਇਸ ਮਿਸ਼ਨ ਲਈ ਲਿਬਨਾਨ ਚਲੇ ਗਏ। ਇਥੇ ਉਨ੍ਹਾਂ ਨੂੰ 'ਸੈਕਟਰੀ ਜਨਰਲ ਆਫ ਦੀ ਯੂਨਾਈਟਿਡ ਨੇਸ਼ਨਜ਼' ਵਲੋਂ 'ਦਾ ਯੂਨਾਈਟਿਡ ਨੇਸ਼ਨਜ਼ ਪੀਸਕੀਪਿੰਗ ਮੈਡਲ' ਪ੍ਰਦਾਨ ਕੀਤਾ ਗਿਆ।ਇਥੋਂ 16 ਦਸੰਬਰ 2013 ਨੂੰ ਉਹ ਭਾਰਤ ਵਾਪਿਸ ਆ ਗਏ।ਫਿਰ ਉਨ੍ਹਾਂ ਦੀ ਪੋਸਟਿੰਗ '20 ਪੰਜਾਬ' ਵਿੱਚ ਹੋ ਗਈ ਉਸ ਸਮੇਂ ਉਨ੍ਹਾਂ ਦੀ ਇਹ ਯੂਨਿਟ ਸਾਬਾ ਸੈਕਟਰ ਵਿੱਚ ਆ ਗਈ।ਉਨ੍ਹਾਂ ਦੀ ਪੋਸਟਿੰਗ 2016 ਵਿੱਚ ਲੇਹ (ਐਸ.ਐਸ.ਐੱਨ) ਸੈਕਟਰ ਵਿਖੇ ਹੋ ਗਈ। ਇਹ ਥਾਂ ਤਕਰੀਬਨ ਉੱਨੀ ਹਜ਼ਾਰ ਫੁੱਟ ਉਚਾਈ 'ਤੇ ਹੈ ।ਇਹ ਸਭ ਤੋਂ ਵੱਧ ਉਚਾਈ ਵਾਲੀ ਪੋਸਟ (ਟਰੈਕ) ਹੈ।

ਇਥੇ ਉਨ੍ਹਾਂ ਦੀ ਸਖਤ ਮਿਹਨਤ ਨਾਲ ਨਿਭਾਈ ਡਿਊਟੀ ਕਰਕੇ ਨਾਰਥਨ ਕਮਾਂਡ ਵਲੋਂ 'ਜਨਰਲ ਆਫੀਸਰ ਕਮਾਂਡਿੰਗ ਕਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਯੂਨਿਟ 26 ਜੁਲਾਈ 2018 ਨੂੰ ਦਿੱਲੀ ਵਿਖੇ ਆ ਗਈ। ਉਨ੍ਹਾਂ ਦੇ ਕਮਾਂਡਰ ਨੇ ਕੋਰੋਨਾ ਦੇ ਪੂਰੇ ਜ਼ੋਰ ਸਮੇਂ ਉਨ੍ਹਾਂ ਨੂੰ ਕੋਰੋਨਾ ਦੇ ਨਰੇਲਾ ਕੈਂਪ ਵਿਖੇ 26 ਮਾਰਚ 2020 ਨੂੰ ਡਿਟੇਲ ਕਰ ਦਿੱਤਾ।ਇਸ ਕੈਂਪ ਲਈ ਸੇਵਾ ਨਿਭਾਉਣ ਲਈ ਉਨ੍ਹਾਂ ਨਾਲ 6 ਡਾਕਟਰ ,ਉਨ੍ਹਾਂ ਦੇ ਟਰੂਪ ਦੇ 25 ਜਵਾਨ ਸਨ। ਇਹ ਉਨ੍ਹਾਂ ਲਈ ਚੁਣੌਤੀ ਭਰਿਆ ਸਮਾਂ ਕਾਫੀ ਮੁਸਕਿਲਾਂ ਨਾਲ ਸਫਲਤਾ ਪੂਰਵਕ ਲੰਘਾਇਆ।ਇਸ ਕੈਂਪ ਦਾ ਕੰਮ ਵਧੀਆ ਹੋਣ ਕਰਕੇ ਬ੍ਰਿਗੇਡੀਅਰ ਅਸ਼ੋਕ ਰਾਣਾ ਵਲੋਂ ਦਿੱਲੀ 'ਚ ਉਨ੍ਹਾਂ ਨੂੰ ਸਪੈਸ਼ਲ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਸ. ਦਲੇਰ ਸਿੰਘ ਨੂੰ 15 ਅਗਸਤ 2020 ਨੂੰ ਉਨ੍ਹਾਂ ਦੀਆਂ ਅਣਥੱਕ ਵਧੀਆਂ ਸੇਵਾਵਾਂ ਕਰਕੇ ਆਨਰੇਰੀ ਲੈਫਟੀਨੈਂਟ ਦਾ ਰੈਂਕ ਮਿਲ ਗਿਆ। ਉਹ 30 ਸਾਲ ਦੋ ਦਿਨ ਦੀ ਬੇਦਾਗ ਸਰਵਿਸ ਕਰਕੇ 31 ਅਗਸਤ 2020 ਨੂੰ ਸੇਵਾ ਮੁਕਤ ਹੋ ਕੇ ਆਪਣੇ ਘਰ ਆ ਗਏ। ਉਨ੍ਹਾਂ ਨੂੰ 26 ਜਨਵਰੀ 2021 ਗਣਤੰਤਰ ਦਿਵਸ਼ ਤੇ ਆਨਰੇਰੀ ਕੈਪਟਨ ਦਾ ਰੈਂਕ ਮਿਲਿਆ। ਇਥੇ ਤੱਕ ਪਹੁੰਚਣਾ ਸੱਚਮੁੱਚ ਹਰੇਕ ਜਵਾਨ ਦੇ ਵੱਸ ਦੀ ਗੱਲ ਨਹੀਂ ਇਹੋ ਜਿਹੀ ਸਫਲਤਾ ਦਲੇਰ ਸਿੰਘ ਵਰਗੇ ਦ੍ਰਿੜ ਇਰਾਦੇ ਵਾਲੇ ਸਖਤ ਮੁਸ਼ਕਿਲਾਂ ਨੂੰ ਸਰ ਕਰਨ ਵਾਲਿਆਂ ਦੇ ਹਿੱਸੇ ਹੀ ਆਉਂਦੀ ਹੈ। ਇਥੇ ਤੱਕ ਪੁੱਜਣ ਲਈ ਉਨ੍ਹਾਂ ਦੀ ਪਤਨੀ ਸ੍ਰੀਮਤੀ ਬਲਜੀਤ ਕੌਰ ਦੇ ਸਹਿਯੋਗ ਦਾ ਵੀ ਪੂਰਾ ਹੱਥ ਹੈ, ਉਨ੍ਹਾਂ ਲਈ ਵੀ ਇਹ ਮਾਣ ਵਾਲੀ ਗੱਲ ਹੈ ।

ਆਪਣੀਆਂ ਭੈਣਾਂ ਦਲਜੀਤ ਕੌਰ,ਰਘਵੀਰ ਕੌਰ ਅਤੇ ਭਰਾ ਸ. ਗੁਰਮੇਲ ਸਿੰਘ ਦਾ ਲਾਡਲਾ ਛੋਟਾ ਭਰਾ ਆਨਰੇਰੀ ਕੈਪਟਨ ਦਲੇਰ ਸਿੰਘ ਆਪਣੀ ਪਤਨੀ ਬਲਜੀਤ ਕੌਰ , ਪਿਤਾ ਸ. ਸ਼ੇਰ ਸਿੰਘ ਨਾਲ ਭਾਖੜਾ ਇਨਕਲੇਵ ਪਟਿਆਲਾ ਵਿਖੇ ਵਧੀਆ ਜ਼ਿੰਦਗੀ ਬਤੀਤ ਕਰ ਰਿਹਾ ਹੈ।

ਉਹ ਮਿਲਣਸਾਰ ਸੁਭਾਅ ਵਾਲੇ ਅਨੁਸ਼ਾਸਿਤ ਜ਼ਿੰਦਗੀ ਜਿਊਣ ਵਾਲੇ ਇਨਸਾਨ ਹਨ। ਉਨ੍ਹਾਂ ਦਾ ਬੇਟਾ ਗੁਰਪਿੰਦਰ ਸਿੰਘ ਹਾਇਰ ਸਟੱਡੀ ਲਈ 17 ਅਪ੍ਰੈਲ 2018 ਨੂੰ ਕਨੈਡਾ ਵਿਖੇ ਚਲਾ ਗਿਆ ਜੋ ਹੁਣ ਵਰਕ ਪਰਮਿਟ ਤੇ ਕੰਮ ਕਰਦਾ ਹੋਇਆ ਵਿਨੀਪੈੱਗ ਵਿਖੇ ਰਹਿ ਰਿਹਾ ਹੈ।' ਹਾਸ਼ਮ ਫਤਿਹ ਨਸੀਬ ਉਹਨਾਂ ਨੂੰ, ਜਿੰਨ੍ਹਾਂ ਹਿੰਮਤ ਯਾਰ ਬਣਾਈ' ਇਨ੍ਹਾਂ ਸਤਰਾਂ ਦੀ ਸੱਚਾਈ ਨੂੰ ਸ਼. ਦਲੇਰ ਸਿੰਘ ਨੇ ਸੱਚ ਕਰ ਦਿਖਾਇਆ ਹੈ। ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਦੇਸ਼ ਕੌਮ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।




## ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਆਖਰੀ ਕਿਸ਼ਤ

# ਅਣਗੌਲੀਆਂ ਵਿਗਿਆਨਕ ਨਾਇਕਾਵਾਂ

## ਨੰਜਲੀ ਮੁਖਰਜੀ (Anjali Mookerjee) (1927 ਤੋਂ 30 ਮਈ, 2009 ਤੱਕ)



ਪ੍ਰਿੰ. ਸਤਵੰਤ ਕੌਰ ਕਲੋਟੀ





**ਜਾਣ-ਪਹਿਚਾਣ:** ਸੰਨ 1927 ਵਿੱਚ ਪੱਛਮੀ ਬੰਗਾਲ ਵਿੱਚ ਜਨਮੀ ਅੰਜਲੀ ਮੁਖਰਜੀ ਸਕੂਲ ਆਫ਼ ਐਨਵਾਇਰਨ-ਮੈਂਟਲ ਸਾਇੰਸਜ਼, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੀ ਡੀਨ (8 ਮਈ, 1984 - 7 ਮਈ, 1986) ਰਹੀ। ਉਸ ਨੇ ਨਿਊਕਲੀਅਰ ਫ਼ਿਜ਼ਿਕਸ ਵਿਸ਼ੇਸ਼ ਵਿਸ਼ੇ ਨਾਲ ਕਲਕੱਤਾ ਯੂਨੀਵਰਸਿਟੀ ਤੋਂ ਐਮ.ਐਸਸੀ. (M.Sc.) ਦੀ ਡਿਗਰੀ ਹਾਸਿਲ ਕੀਤੀ। ਉਸ ਨੇ ਸਾਹਾ ਇੰਸਟੀਚਿਊਟ ਆਫ਼ ਨਿਊਕਲੀਅਰ ਫ਼ਿਜ਼ਿਕਸ, ਕਲਕੱਤਾ ਤੋਂ ਬਾਇਓਫ਼ਿਜ਼ਿਕਸ ਵਿੱਚ ਪੀਐੱਚ.ਡੀ. (Ph.D.) ਕੀਤੀ।ਉਸ ਨੇ ਮੈਮੋਰੀਅਲ ਸਲੋਨ ਕੈਟਰਿੰਗ ਇੰਸਟੀਚਿਊਟ ਫ਼ਾਰ ਕੈਂਸਰ ਰੀਸਰਚ, ਨਿਊਯਾਰਕ, ਯੂ.ਐਸ.ਏ. (Memorial Sloan Kettering Institute for Cancer Research, New York, USA) ਤੋਂ ਐਡਵਾਂਸਡ ਟ੍ਰੇਨਿੰਗ ਲਈ। ਕੁੱਝ ਸਮਾਂ ਉਹ ਇੰਟਰਨੈਸ਼ਨਲ ਸੈਂਟਰ ਫ਼ਾਰ ਥਿਊਰੈਟੀਕਲ ਫ਼ਿਜ਼ਿਕਸ, ਟ੍ਰੀਐਸਟੇ, ਇਟਲੀ (International Centre for Theoretical Physics, Trieste, Italy) ਵਿਖੇ ਵੀ ਰਹੀ। 1991 ਈ. ਵਿੱਚ ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਰਿਟਾਇਰ ਹੋਈ। 1994 ਈ. ਵਿੱਚ ਉਹ ਸਿਵਤੋਸ਼ ਮੁਖਰਜੀ ਸਾਇੰਸ ਸੈਂਟਰ ਜੋ ਆਸ਼ੁਤੋਸ ਮੁਖਰਜੀ ਮੈਮੋਰੀਅਲ ਇੰਸਟੀਚਿਊਟ, ਕਲਕੱਤਾ ਦਾ ਇੱਕ ਹਿੱਸਾ ਹੈ, ਦੀ ਡਾਇਰੈਕਟਰ ਬਣੀ। ਉਹ 2002 ਈ. ਵਿੱਚ ਸਥਾਪਿਤ ਹੋਈ ਕੈਂਸਰ ਫਾਊਂਡੇਸ਼ਨ ਆਫ਼ ਇੰਡੀਆ (CFI) ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸੀ। ਉਸ ਦੀਆਂ ਵਿਗਿਆਨਿਕ ਲਿਖਤਾਂ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰੀਸਰਚ ਜਰਨਲਾਂ ਵਿੱਚ ਛਪੀਆਂ। ਉਸ ਨੇ ਕਈ ਕਿਤਾਬਾਂ ਲਿਖੀਆਂ। ਉਸ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਹਿੱਸਾ ਲਿਆ। 30 ਮਈ, 2009 ਨੂੰ ਉਸ ਦਾ ਦਿਹਾਂਤ ਹੋ ਗਿਆ।

# ਅੰਜਲੀ ਮੁਖਰਜੀ

ਅੰਜਲੀ ਮੁਖਰਜੀ ਦਾ ਜਨਮ 1927 ਈ. ਵਿੱਚ ਪੱਛਮੀ ਬੰਗਾਲ ਦੇ ਕਸਬੇ ਚੰਦਰਨਗਰ ਵਿੱਚ ਇੱਕ ਸੰਯੁਕਤ ਜਗੀਰਦਾਰ ਪਰਿਵਾਰ ਵਿੱਚ ਹੋਇਆ। ਪਰਿਵਾਰ ਵਿੱਚ ਅੰਜਲੀ, ਉਸ ਦੇ ਮਾਤਾ-ਪਿਤਾ, ਇੱਕ ਭਰਾ, ਦੋ ਭੈਣਾਂ, ਦਾਦੀ, ਦੋ ਬਜ਼ੁਰਗ ਅੰਟੀਆਂ, ਚਚੇਰੇ ਭੈਣਾਂ-ਭਰਾ ਅਤੇ ਉਸ ਦੇ ਪਿਤਾ ਦੇ ਦੋ ਵੱਡੇ ਭਰਾ ਵੀ ਇਕੱਠੇ ਰਹਿੰਦੇ ਸਨ। ਇਸ ਪਰਿਵਾਰ ਵਿੱਚ ਲੜਕੀਆਂ ਵੱਲ ਕਾਫ਼ੀ ਤਵੱਜੋਂ ਦਿੱਤੀ ਜਾਂਦੀ ਸੀ। ਅੰਜਲੀ ਦੇ ਪਿਤਾ ਬੌਧਿਕ ਜਾਣਕਾਰੀ ਦੀ ਖ਼ਾਸੀ ਚਾਹ ਰੱਖਣ ਵਾਲੇ ਸ਼ਾਂਤ-ਸੁਭਾਅ ਵਾਲੀ ਸਖਸ਼ੀਅਤ ਸਨ। ਉਸ ਦੀ ਮਾਂ ਦਾ ਵਿਆਹ 11 ਸਾਲ ਦੀ ਉਮਰ ਵਿੱਚ ਉਸਦੇ ਪਿਤਾ ਨਾਲ ਹੋ ਗਿਆ ਸੀ। ਪਤੀ ਦੁਆਰਾ ਸਿਖਾਏ ਜਾਣ ਤੇ ਉਹ ਟੈਗੋਰ ਦੀਆਂ ਰਚਨਾਵਾਂ ਦਾ ਪਾਠ ਬਿਨ੍ਹਾਂ ਅਟਕੇ ਕਰਨ ਦੇ ਯੋਗ ਹੋ ਗਈ ਸੀ। ਅੰਜਲੀ ਦੇ ਨਾਨਾ ਦਾ ਵੀ ਉਸ ਉੱਤੇ ਗਹਿਰਾ ਪ੍ਰਭਾਵ ਰਿਹਾ।

ਚੰਦਰਨਗਰ ਜਿਸ ਦਾ ਨਾਂ ਹੁਣ ਚੰਦਨਨਗਰ ਹੈ, 1673 ਈ. ਵਿੱਚ ਪੱਛਮੀ ਬੰਗਾਲ ਵਿੱਚ ਕਲਕੱਤਾ ਤੋਂ ਲੱਗਭਗ 35 ਕਿਲੋਮੀਟਰ ਦੂਰ ਹੁਗਲੀ ਨਦੀ ਦੇ ਕਿਨਾਰੇ ਤੇ ਸਥਾਪਿਤ ਹੋਈ ਇੱਕ ਫਰਾਂਸੀਸੀ ਬਸਤੀ ਸੀ। ਇੱਥੇ ਕੁੱਝ ਫਰਾਂਸੀਸੀ ਲੋਕ ਰਹਿੰਦੇ ਸਨ। ਇੱਥੇ ਕਾਨਵੈਂਟ ਸਕੂਲ ਅਤੇ ਚਰਚ ਤੋਂ ਇਲਾਵਾ ਕਈ ਹੋਰ ਸਕੂਲ ਕਾਲਜ ਵੀ ਮੌਜੂਦ ਸਨ। ਅੰਜਲੀ ਬਚਪਨ ਤੋਂ ਹੀ ਜਾਣਦੀ ਸੀ ਕਿ ਵਿਗਿਆਨ ਦੀ ਦੁਨੀਆਂ ਵਿੱਚ ਪੈਰ ਰੱਖਣ ਲਈ ਪਹਿਲਾ ਪੌਡਾ ਹਿਸਾਬ ਦਾ ਹੈ। ਉਸ ਦੇ ਕਹਿਣ ਅਨੁਸਾਰ ਉਸ ਦੇ ਵਡੇਰੇ ਵੀ ਸੰਸਕ੍ਰਿਤ ਦੇ ਨਾਲ ਹਿਸਾਬ ਪੜ੍ਹਦੇ ਆਏ ਸਨ ਅਤੇ ਉਸ ਨੇ ਵੀ ਇੰਝ ਹੀ ਕਰਨਾ ਸੀ। ਆਪਣੀ ਮਾਤ-ਭਾਸ਼ਾ ਬੰਗਾਲੀ ਉਸ ਨੇ ਆਪਣੀ ਮਾਂ ਪਾਸੋਂ ਸਿੱਖੀ। ਸਕੂਲ ਦੀ ਪੜ੍ਹਾਈ ਉਸ ਨੇ ਸੇਂਟ ਜੋਸਫ਼ ਕਾਨਵੈਂਟ ਸਕੂਲ ਤੋਂ ਕੀਤੀ। ਉੱਥੇ ਜੂਨੀਅਰ ਕੈਂਬਰਿਜ ਕੋਰਸ ਅਤੇ ਸੀਨੀਅਰ ਕੈਂਬਰਿਜ ਕੋਰਸ ਚੱਲਦੇ ਸਨ। ਜੂਨੀਅਰ ਕੈਂਬਰਿਜ ਕੋਰਸ ਦੌਰਾਨ ਅੰਜਲੀ ਕੋਲ ਇਤਿਹਾਸ, ਭੂਗੋਲ, ਅੰਗਰੇਜ਼ੀ ਅਤੇ ਫਰੈਂਚ ਤੋਂ ਇਲਾਵਾ ਹਿਸਾਬ ਅਤੇ 'ਹਾਈਜੀਨ ਐਂਡ ਫ਼ਿਜ਼ਿਆਲੋਜੀ' ਵਿਸ਼ੇ ਸਨ। ਇਨ੍ਹਾਂ ਵਿੱਚ ਨਾ ਬੰਗਾਲੀ ਅਤੇ ਨਾ ਹੀ ਸੰਸਕ੍ਰਿਤ ਸ਼ਾਮਿਲ ਸੀ। ਹਿਸਾਬ ਅਤੇ 'ਹਾਈਜੀਨ ਐਂਡ ਫ਼ਿਜ਼ਿਆਲੋਜੀ' ਦੇ ਸੁਮੇਲ ਨੇ ਉਸਨੂੰ ਭਵਿੱਖ ਲਈ ਵਿਗਿਆਨ ਦੀ ਚੇਟਕ ਲਗਾ ਦਿੱਤੀ। ਅੰਕ ਗਣਿਤ ਅਤੇ ਜਿਊਮੈਟਰੀ ਦੇ ਸਵਾਲ ਹੱਲ ਕਰਨ ਵਿੱਚ ਉਸ ਨੂੰ ਬਹੁਤ ਦਿਲਚਸਪੀ ਸੀ। ਉਹ ਆਪਣੀ ਅਧਿਆਪਕਾ ਨੂੰ ਡੱਡੂ ਦੀ ਚੀਰਫਾੜ ਕਰਕੇ ਅੰਦਰੂਨੀ ਅੰਗਾਂ ਨੂੰ ਪ੍ਰਦਰਸ਼ਿਤ ਕਰਦਿਆਂ ਤੱਕ ਕੇ ਹੈਰਾਨ ਹੁੰਦੀ ਸੀ। ਉਸ ਦੀ ਨਿੱਜੀ ਜ਼ਿੰਦਗੀ ਵਿੱਚ ਉਥਲ-ਪੁਥਲ ਸ਼ੁਰੂ ਹੋਈ ਜਦੋਂ ਜੂਨੀਅਰ ਕੈਂਬਰਿਜ ਪ੍ਰੀਖਿਆ ਤੋਂ ਪਹਿਲਾਂ ਹੀ ਉਸ ਦੀ ਸ਼ਾਦੀ ਹੋ ਗਈ ਅਤੇ ਉਸ ਨੂੰ ਕਲਕੱਤਾ ਜਾਣਾ ਪੈ ਗਿਆ। ਇਸ ਦੇ ਬਾਵਜੂਦ ਉਹ ਪ੍ਰੀਖਿਆ ਵਿੱਚ ਬੈਠੀ ਅਤੇ ਵਧੀਆ ਕਾਰਗੁਜ਼ਾਰੀ ਦਿਖਾਈ। ਉਸ ਦੇ ਪਤੀ ਦਾ ਨਾਂ ਸਿਵਤੋਸ਼ ਮੁਖਰਜੀ ਸੀ ਜੋ ਬਾਅਦ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਸਕੂਲ ਆਫ਼ ਲਾਈਫ਼ ਸਾਇੰਸਜ਼ ਵਿੱਚ ਪ੍ਰੋਫ਼ੈਸਰ ਬਣਿਆ।

ਅੰਜਲੀ ਦੀ ਠੀਕ-ਠਾਕ ਚੱਲ ਰਹੀ ਜ਼ਿੰਦਗੀ ਵਿੱਚ ਪਹਿਲਾਂ ਵਿਆਹ, ਫਿਰ ਬੱਚੇ ਦੀ ਪੈਦਾਇਸ਼ ਤੋਂ ਬਾਅਦ ਕਈ ਦੁਰਘਟਨਾਵਾਂ ਅਤੇ ਕਈ ਔਕੜਾਂ ਪੇਸ਼ ਆਈਆਂ। ਉਸ ਦੀ ਪੜ੍ਹਾਈ 5-6 ਸਾਲ ਲਈ ਅਟਕ ਗਈ। ਉਸ ਨੇ ਘਰ ਹੀ ਪੰਡਿਤ ਸ਼ਿਵ ਪ੍ਰਸਾਦਿ ਭੱਟਾਚਾਰੀਆ ਪਾਸੋਂ ਸੰਸਕ੍ਰਿਤ ਸਿੱਖਣੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ, ਉਸ ਸਮੇਂ ਪੂਰੇ ਦੇਸ਼ ਵਿੱਚ ਖ਼ਲਬਲੀ ਮਚੀ ਹੋਈ ਸੀ। ਦੂਜਾ ਵਿਸ਼ਵ ਯੁੱਧ, ਅਕਾਲ, ਗਾਂਧੀ ਜੀ ਦਾ ਭਾਰਤ ਛੱਡੋ ਅੰਦੋਲਨ, ਦੇਸ਼ ਦੀ ਵੰਡ, ਬ੍ਰਿਟਿਸ਼ ਸਾਮਰਾਜ ਦਾ ਅੰਤ ਅਤੇ ਭਾਰਤ ਦਾ ਆਜ਼ਾਦ ਹੋਣਾ ਆਦਿ ਕਈ ਕੁਝ ਚੱਲਿਆ। ਅੰਜਲੀ ਦਾ ਭਰਾ ਪ੍ਰੈਜ਼ੀਡੈਂਸੀ ਕਾਲਜ ਤੋਂ ਫ਼ਿਜ਼ਿਕਸ ਆਨਰਜ਼ ਦੀ ਪੜ੍ਹਾਈ ਕਰਨ ਲਈ ਕਲਕੱਤਾ ਆ ਗਿਆ ਅਤੇ ਅੰਜਲੀ ਕੋਲ ਠਹਿਰਿਆ। ਇਸ ਨਾਲ ਅੰਜਲੀ ਨੇ ਵੀ ਆਪਣੀ ਪੜ੍ਹਾਈ ਦੋਬਾਰਾ ਸ਼ੁਰੂ ਕਰਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਉਸ ਨੇ ਮੈਟ੍ਰਿਕ ਦੀ ਪ੍ਰੀਖਿਆ ਇੱਕ ਪ੍ਰਾਈਵੇਟ ਉਮੀਦਵਾਰ ਵਜੋਂ ਦਿੱਤੀ। ਉਸ ਕੋਲ ਇਤਿਹਾਸ, ਭੂਗੋਲ, ਹਿਸਾਬ, ਅੰਗਰੇਜ਼ੀ, ਬੰਗਾਲੀ ਅਤੇ ਸੰਸਕ੍ਰਿਤ ਵਿਸ਼ੇ ਰਹੇ। ਉਹ ਪਹਿਲੇ ਦਰਜੇ ਵਿੱਚ ਪਾਸ ਹੋ ਗਈ। ਉਸ ਸਮੇਂ ਪ੍ਰੈਜ਼ੀਡੈਂਸੀ ਕਾਲਜ ਵਿੱਚ ਬਾਰ੍ਹਵੀਂ ਭਾਵ ਇੰਟਰਮੀਡੀਏਟ ਸ਼੍ਰੇਣੀ ਵਿੱਚ ਲੜਕੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਂਦਾ ਸੀ। ਇਸ ਲਈ ਉਸ ਨੇ ਲੋਰੈਟੋ ਕਾਲਜ, ਕਲਕੱਤਾ ਵਿੱਚ ਦਾਖ਼ਲਾ ਲੈ ਲਿਆ ਅਤੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਹਿਸਾਬ, ਅੰਗਰੇਜ਼ੀ, ਬੰਗਾਲੀ ਅਤੇ ਫਰੈਂਚ (ਵਾਧੂ) ਵਿਸ਼ੇ ਲੈ ਲਏ। ਇੱਥੇ ਦੀਆਂ ਪ੍ਰਯੋਗਸ਼ਾਲਾਵਾਂ ਸਾਧਾਰਣ ਅਤੇ ਅਧਿਆਪਕ ਬਹੁਤ ਸੁਹਿਰਦ ਸਨ। ਘਰ ਉਸ ਦਾ ਭਰਾ ਪੜ੍ਹਾਈ ਵਿੱਚ ਉਸ ਦੀ ਬਹੁਤ ਮਦਦ ਕਰਦਾ ਸੀ। ਅੰਜਲੀ ਨੇ 12ਵੀਂ ਜਮਾਤ ਦੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕੀਤੀ। ਤਦ ਤੱਕ ਪ੍ਰੈਜ਼ੀਡੈਂਸੀ ਕਾਲਜ ਦੇ ਦੁਆਰ ਲੜਕੀਆਂ ਵਾਸਤੇ ਖੁੱਲ੍ਹ ਚੁੱਕੇ ਸਨ। ਉਸ ਨੇ ਫ਼ਿਜ਼ਿਕਸ ਮੇਜਰ ਅਤੇ ਕੈਮਿਸਟਰੀ ਮਾਈਨਰ ਵਿਸ਼ੇ ਰੱਖਦਿਆਂ ਦਾਖ਼ਲਾ ਲੈ ਲਿਆ। ਇੱਕ ਮਾਂ ਅਤੇ ਇੱਕ ਪਤਨੀ, ਦੋਵਾਂ ਦੀ ਭੂਮਿਕਾ ਨਿਭਾਉਂਦਿਆਂ ਕਈ ਮੁਸ਼ਕਿਲਾਂ ਪੇਸ਼ ਆਉਣ ਦੇ ਬਾਵਜੂਦ ਉਹ ਜਿਵੇਂ-ਕਿਵੇਂ ਕੰਮ ਚਲਾ ਲੈਂਦੀ ਸੀ। ਇੱਥੇ ਉਸ ਨੂੰ ਆਰ.ਐਲ. ਸੇਨਗੁਪਤਾ, ਪੀ.ਸੀ. ਮੁਖਰਜੀ, ਪੀ.ਸੀ. ਭੱਟਾਚਾਰੀਆ, ਐਸ.ਐਨ. ਬੋਸ, ਐਮ.ਐਨ. ਸਾਹਾ ਅਤੇ ਐਸ.ਐਨ. ਗੋਸ਼ਲ ਵਰਗੇ ਪ੍ਰੋਫ਼ੈਸਰਾਂ ਪਾਸੋਂ ਪੜ੍ਹਨ ਦਾ ਅਵਸਰ ਹਾਸਿਲ ਹੋਇਆ। ਉਸ ਨੇ ਨਿਊਕਲੀਅਰ ਫ਼ਿਜ਼ਿਕਸ ਵਿਸ਼ੇਸ਼ ਵਿਸ਼ੇ ਨਾਲ ਕਲਕੱਤਾ ਯੂਨੀਵਰਸਿਟੀ ਤੋਂ ਐਮ.ਐਸਸੀ. ਦੀ ਡਿਗਰੀ ਹਾਸਿਲ ਕਰ ਲਈ।

1945 ਈ. ਵਿੱਚ ਦੂਜੇ ਸੰਸਾਰ ਯੁੱਧ ਸਮੇਂ ਅਮਰੀਕਾ ਵਲੋਂ ਜਾਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਪ੍ਰਮਾਣੂ ਬੰਬ ਸੁੱਟੇ ਗਏ ਜਿਨ੍ਹਾਂ ਦੇ ਸਰੀਰਕ ਦੁਰਪ੍ਰਭਾਵ ਦਿਲ ਦਹਿਲਾ ਦੇਣ ਵਾਲੇ ਸਨ। ਇਸ ਲਈ ਉਸ ਸਮੇਂ ਨਵਾਂ ਖੋਜ ਖੇਤਰ 'ਬਾਇਓਫ਼ਿਜ਼ਿਕਸ' ਵਿਕਸਿਤ ਹੋ ਰਿਹਾ ਸੀ। ਪ੍ਰੋ. ਐਮ.ਐਨ. ਸਾਹਾ ਨੇ ਇੰਸਟੀਚਿਊਟ ਆਫ਼ ਨਿਊਕਲੀਅਰ ਫ਼ਿਜ਼ਿਕਸ, ਕਲਕੱਤਾ ਵਿੱਚ ਡਿਪਾਰਟਮੈਂਟ ਆਫ਼ ਬਾਇਓਫ਼ਿਜ਼ਿਕਸ ਸਥਾਪਿਤ ਕੀਤਾ। ਕਾਸਮਿਕ ਰੇਅ ਫਿਜ਼ੀਸਿਸਟ ਐਨ.ਐਨ. ਦਾਸਗੁਪਤਾ ਨੂੰ ਇਸ ਡਿਪਾਰਟਮੈਂਟ ਦਾ ਮੁਖੀ ਬਣਾਇਆ ਗਿਆ। ਅੰਜਲੀ ਨੇ 1957 ਈ. ਵਿੱਚ ਪ੍ਰੋ. ਐਨ.ਐਨ. ਦਾਸਗੁਪਤਾ ਦੀ ਅਗਵਾਈ ਹੇਠ ਪੀਐੱਚ.ਡੀ. ਆਰੰਭੀ। 1959 ਈ. ਵਿੱਚ ਉਸ ਦਾ ਪਹਿਲਾ ਰੀਸਰਚ ਨੋਟ 'ਨੇਚਰ' ਜਰਨਲ ਵਿੱਚ ਛਪਿਆ।

1960 ਈ. ਵਿੱਚ ਅੰਜਲੀ ਦਾ ਪਤੀ ਪ੍ਰੋ. ਸਿਵਤੋਸ਼ ਮੁਖਰਜੀ ਜੋ ਇੱਕ ਜੀਵ ਵਿਗਿਆਨੀ ਸੀ, ਵਿਜ਼ਿਟਿੰਗ ਫੈਲੋ ਵਜੋਂ ਰੌਕਫੈਲਰ ਇੰਸਟੀਚਿਊਟ, ਯੂ.ਐਸ.ਏ. ਚਲਾ ਗਿਆ। ਅੰਜਲੀ ਵੀ ਉਸ ਦੇ ਨਾਲ ਹੀ ਚਲੀ ਗਈ। ਕੁੱਝ ਮਹੀਨਿਆਂ ਬਾਅਦ ਉਸ ਨੂੰ ਕਿਸੇ ਨੇ ਮੈਮੋਰੀਅਲ ਸਲੋਨ ਕੈਟਰਿੰਗ ਇੰਸਟੀਚਿਊਟ ਫ਼ਾਰ ਕੈਂਸਰ ਰੀਸਰਚ, ਯੂ.ਐਸ.ਏ. ਵਿਖੇ ਜਾਣ ਦਾ ਮਸ਼ਵਰਾ ਦਿੱਤਾ, ਜਿੱਥੇ 'ਬਾਇਓਫ਼ਿਜ਼ਿਕਸ ਡਿਵੀਜ਼ਨ' ਵੀ ਚੱਲ ਰਹੀ ਸੀ। ਉਹ ਉੱਥੇ ਜਾਣ ਸਮੇਂ 'ਨੇਚਰ' ਵਿੱਚ ਪ੍ਰਕਾਸ਼ਿਤ ਹੋਏ ਆਪਣੇ ਰੀਸਰਚ ਆਰਟੀਕਲ ਦੀ ਕਾਪੀ ਵੀ ਆਪਣੇ ਨਾਲ ਹੀ ਲੈ ਗਈ। ਉਸ ਨੂੰ ਕੁੱਝ ਦਿਨਾਂ ਤੱਕ ਵੀਜ਼ਾ ਵਿੱਚ ਲੋੜੀਂਦੀ ਤਬਦੀਲੀ ਹੋ ਜਾਣ ਉਪਰੰਤ ਜੁਆਇਨ ਕਰਨ ਦੀ ਇਜਾਜ਼ਤ ਮਿਲ ਗਈ। ਇੱਥੇ ਉਸ ਨੇ ਬਾਇਓਫ਼ਿਜ਼ਿਕਸ ਵਿੱਚ ਐਡਵਾਂਸਡ ਟ੍ਰੇਨਿੰਗ ਲਈ ਅਤੇ ਖੋਜ-ਕਾਰਜ ਕੀਤਾ। ਡਿਵੀਜ਼ਨ ਦੇ ਮੁਖੀ ਡਾ. ਜੇ.ਐਸ. ਲਾਫਲਿਨ ਨੇ ਉਸ ਨੂੰ ਉਥੋਂ ਦੀ ਪ੍ਰਯੋਗਸ਼ਾਲਾ ਵਿੱਚੋਂ ਪ੍ਰਾਪਤ ਡਾਟਾ ਨੂੰ ਉਸ ਦੇ ਪੀਐੱਚ.ਡੀ. ਦੇ ਥੀਸਿਸ ਵਿੱਚ ਇਸਤੇਮਾਲ ਕਰਨ ਦੀ ਇਜ਼ਾਜਤ ਦੇ ਦਿੱਤੀ। ਭਾਰਤ ਵਾਪਿਸ ਪਰਤ ਕੇ ਉਸ ਨੇ ਆਪਣਾ ਥੀਸਿਸ ਸਬਮਿਟ ਕਰਵਾ ਦਿੱਤਾ ਜਿਸ ਤੇ ਉਸ ਨੂੰ ਕਲਕੱਤਾ ਯੂਨੀਵਰਸਿਟੀ ਤੋਂ ਬਾਇਓਫ਼ਿਜ਼ਿਕਸ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਹੋ ਗਈ। ਇਸ ਉਪਰੰਤ ਉਸ ਨੇ ਸਾਹਾ ਇੰਸਟੀਚਿਊਟ ਵਿੱਚ ਡਿਪਾਰਟਮੈਂਟ ਆਫ਼ ਕ੍ਰਿਸਟੈਲੋਗ੍ਰਾਫ਼ੀ ਐਂਡ ਮੌਲਿਕਿਊਲਰ ਬਾਇਓਲੋਜੀ ਵਿੱਚ ਜੁਆਇਨ ਕਰ ਲਿਆ।

ਇੱਥੇ ਉਸ ਨੇ ਮੌਲਿਕਿਊਲਰ ਬਾਇਓਲੋਜੀ ਦੇ ਖੇਤਰ ਵਿੱਚ ਡੂੰਘੀ ਰੀਸਰਚ ਕੀਤੀ। 1972 ਈ. ਵਿੱਚ ਅੰਜਲੀ ਦੇ ਪਤੀ ਪ੍ਰੋ. ਸਿਵਤੋਸ਼ ਮੁਖਰਜੀ ਨੇ ਸਕੂਲ ਆਫ਼ ਲਾਈਫ਼ ਸਾਇੰਸਜ਼, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਵਿਖੇ ਜੁਆਇਨ ਕਰ ਲਿਆ। ਡਾ. ਅੰਜਲੀ ਵੀ ਆਪਣਾ ਲੀਅਨ ਸਾਹਾ ਇੰਸਟੀਚਿਊਟ, ਕਲਕੱਤਾ ਵਿਖੇ ਹੀ ਛੱਡ ਕੇ ਇੱਥੇ ਆ ਗਈ। ਉਸ ਨੇ ਵੀ ਸਕੂਲ ਆਫ਼ ਲਾਈਫ਼ ਸਾਇੰਸਜ਼ ਵਿੱਚ ਵਿਜ਼ਿਟਿੰਗ ਫੈਲੋ ਵਜੋਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ। 1974 ਈ. ਵਿੱਚ ਪ੍ਰੋ. ਐਸ. ਐਨ. ਬਿਸਵਾਸ ਅਤੇ ਹੋਰ ਸਹਿਕਰਮੀਆਂ ਦੀ ਸਖ਼ਤ ਮਿਹਨਤ ਸਦਕਾ ਮੌਜੂਦਾ ਸਕੂਲ ਆਫ਼ ਐਨਵਾਇਰਨ-ਮੈਂਟਲ ਸਾਇੰਸਜ਼ ਹੋਂਦ ਵਿੱਚ ਆਇਆ। ਬੱਸ, ਫਿਰ ਕੀ ਸੀ? ਰੀਸਰਚ ਅਤੇ ਅਧਿਆਪਨ ਨਾਲੋ-ਨਾਲ ਜੋਰਾਂ-ਸ਼ੋਰਾਂ ਤੇ ਚੱਲਣ ਲੱਗੇ। ਉਨ੍ਹਾਂ ਦੀ ਰੀਸਰਚ ਮੁੱਖ ਤੌਰ ਤੇ ਡਰੱਗ ਅਤੇ ਰੇਡੀਏਸ਼ਨਾਂ ਦੇ ਸੈੱਲ ਅਤੇ ਸੈੱਲ ਦੇ ਭਾਗਾਂ ਉੱਤੇ ਪ੍ਰਭਾਵਾਂ (ਜੁਦਾ-ਜੁਦਾ ਅਤੇ ਸਾਂਝੇ) ਅਤੇ ਡਰੱਗ ਸਟਰਕਚਰ ਅਤੇ ਮਾਡਲਿੰਗ ਉੱਤੇ ਆਧਾਰਿਤ ਸੀ। ਪ੍ਰੋ. ਐਸ.ਐਨ. ਬਿਸਵਾਸ 5 ਮਾਰਚ, 1975 ਤੋਂ 14 ਜੂਨ, 1976 ਤੱਕ, ਸਕੂਲ ਆਫ਼ ਐਨਵਾਇਰਨਮੈਂਟਲ ਸਾਇੰਸਜ਼ ਦੇ ਡੀਨ ਰਹੇ। 8 ਮਈ, 1984 ਤੋਂ 7 ਮਈ, 1986 ਤੱਕ ਡਾ. ਅੰਜਲੀ ਮੁਖਰਜੀ ਇਸ ਯੂਨਿਟ ਦੀ ਡੀਨ ਰਹੀ। 1980 ਵਿੱਚ ਉਸ ਨੇ ਇੰਟਰਨੈਸ਼ਨਲ ਸੈਂਟਰ ਫ਼ਾਰ ਥਿਊਰੈਟੀਕਲ ਫ਼ਿਜ਼ਿਕਸ, ਟ੍ਰੀਐਸਟੇ, ਇਟਲੀ ਵਿਖੇ ਕੋਰਸ ਅਟੈਂਡ ਕੀਤਾ।

ਸੰਨ 1991 ਤੱਕ ਆਪਣੀ ਰਿਟਾਇਰਮੈਂਟ ਤੱਕ ਉਹ ਉੱਥੇ ਹੀ ਕੰਮ ਕਰਦੀ ਰਹੀ। ਰਿਟਾਇਰ ਹੋਣ ਉਪਰੰਤ ਉਹ ਦੋਵੇਂ ਕਲਕੱਤਾ ਆ ਗਏ। ਪ੍ਰੰਤੂ 1993 ਵਿੱਚ ਡਾ. ਅੰਜਲੀ ਨੂੰ ਭਾਰੀ ਸਦਮਾ ਲੱਗਾ ਜਦੋਂ ਉਸ ਦੇ ਪਤੀ ਪ੍ਰੋ. ਸਿਵਤੋਸ਼ ਮੁਖਰਜੀ ਚੱਲ ਵਸੇ। ਅੰਜਲੀ ਦਾ ਕਹਿਣਾ ਸੀ ਕਿ ਉਸ ਦਾ ਪਤੀ ਉਸ ਦੀ ਹਰ ਮੁਸ਼ਕਿਲ ਵਿੱਚ ਚਟਾਨ ਵਾਂਗ ਉਸ ਦੀ ਪਿੱਠ ਪਿੱਛੇ ਖੜ੍ਹਾ ਹੁੰਦਾ ਸੀ। ਪਤੀ ਦੀ ਮੌਤ ਤੋਂ ਬਾਅਦ 1994 ਵਿੱਚ ਉਹ ਸਿਵਤੋਸ਼ ਮੁਖਰਜੀ ਸਾਇੰਸ ਸੈਂਟਰ ਦੀ ਆਨਰੇਰੀ ਡਾਇਰੈਕਟਰ ਵਜੋਂ ਕੰਮ ਕਰਨ ਲੱਗੀ। ਇਹ ਸੈਂਟਰ ਆਸ਼ੂਤੋਸ਼ ਮੁਖਰਜੀ ਮੈਮੋਰੀਅਲ ਇੰਸਟੀਚਿਊਟ, ਕਲਕੱਤਾ ਦਾ ਇੱਕ ਹਿੱਸਾ ਹੈ। ਉਹ ਕੈਂਸਰ ਫਾਊਂਡੇਸ਼ਨ ਆਫ਼ ਇੰਡੀਆ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸੀ ਜਿਸ ਦੀ ਸਥਾਪਨਾ ਸੰਨ 2002 ਵਿੱਚ ਕਲਕੱਤਾ ਵਿਖੇ ਹੋਈ ਅਤੇ ਇਸ ਦੇ ਪਹਿਲੇ ਚੇਅਰਮੈਨ ਪ੍ਰੋ. ਮਕਸੂਦ ਸਿਦੀਕੀ ਸਨ। ਇਹ ਕੈਂਸਰ ਤੋਂ ਬਚਾਓ ਅਤੇ ਰੋਕਥਾਮ ਲਈ ਕਾਰਜ ਕਰਨ ਵਾਲੀ ਇੱਕ ਵਾਲੰਟੀਅਰ ਆਰਗੇਨਾਈਜੇਸ਼ਨ ਹੈ। ਉਸ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਹਾਜ਼ਰੀ ਲਗਵਾਈ। ਉਸ ਦੀਆਂ ਕਈ ਲਿਖਤਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰੀਸਰਚ ਜਰਨਲਾਂ ਵਿੱਚ ਛਪੀਆਂ। ਉਸ ਦੀਆਂ ਕਈ ਕਿਤਾਬਾਂ ਵੀ ਪ੍ਰਕਾਸ਼ਿਤ ਹੋਈਆਂ। ਉਹ ਬੈਲੂਰ ਮੱਠ ਅਤੇ ਰਾਮਾਕ੍ਰਿਸ਼ਨਾ ਮਿਸ਼ਨ ਨੂੰ ਆਪਣੀ ਅੰਦਰੂਨੀ ਤਾਕਤ ਅਤੇ ਪ੍ਰੇਰਣਾ ਦਾ ਸ੍ਰੋਤ ਸਮਝਦੀ ਸੀ। 30 ਮਈ, 2009 ਨੂੰ ਉਹ ਇਸ ਦੁਨੀਆਂ ਤੋਂ ਚੱਲ ਵਸੀ।



ਚੰਦਰਨਗਰ ਕਾਲਜ, ਚੰਦਰਨਗਰ ਦੇ ਅਕਾਦਮਿਕ ਜਨਰਲ ਦੇ ਉਦਘਾਟਨੀ ਸਮਾਰੋਹ ਮੌਕੇ ਅੰਜਲੀ ਮੁਖਰਜੀ

(ਬਾਕੀ ਅਗਲੇ ਸਫੇ 'ਤੇ)

## ਸ਼ਹਾਦਤ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ ਦੇ ਕਾਰਨਾਮੇ ਨੂੰ ਉਸ ਸਮੇਂ ਦੇ ਭਾਰਤੀਆਂ ਨੇ ਕਿਉਂ ਨਾ ਸਲਾਹਿਆ?

ਅੱਜ ਸ਼ਹੀਦ ਊਧਮ ਸਿੰਘ ਦਾ ਨਾਂ ਬੜੇ ਸਤਿਕਾਰ ਅਤੇ ਮਾਣ ਨਾਲ ਲਿਆ ਜਾ ਰਿਹਾ ਹੈ। ਉਸ ਦੇ ਸ਼ਹੀਦੀ ਦਿਨ 'ਤੇ 31 ਜੁਲਾਈ ਨੂੰ ਪੰਜਾਬ ਸਰਕਾਰ ਵਲੋਂ ਸਰਕਾਰੀ ਤੌਰ 'ਤੇ ਛੁੱਟੀ ਕੀਤੀ ਜਾਂਦੀ ਹੈ। ਉਸ ਦੇ ਨਾਂ 'ਤੇ ਸੰਸਥਾਵਾਂ ਖੋਲ੍ਹੀਆਂ ਜਾ ਰਹੀਆਂ ਹਨ, ਬੁੱਤ ਲਾਏ ਜਾ ਰਹੇ ਹਨ, ਹਾਲਾਂ ਵਿੱਚ ਤਸਵੀਰਾਂ ਲਾਈਆਂ ਜਾ ਰਹੀਆਂ ਹਨ, ਸੜਕਾਂ ਅਤੇ ਕਲੋਨੀਆਂ ਦੇ ਨਾਂ ਰੱਖੇ ਜਾ ਰਹੇ ਹਨ। ਪਰ ਵੇਖਣ ਵਾਲੀ ਗੱਲ ਹੈ ਕਿ ਕੀ ਸਾਡੇ ਦੇਸ਼ ਵਾਸੀਆਂ ਨੇ ਉਸ ਦੇ ਕਾਰਨਾਮੇ ਨੂੰ ਉਸ ਸਮੇਂ ਸਲਾਹਿਆ ਸੀ ਜਦ ਉਸ ਨੇ ਇੰਗਲੈਂਡ ਦੇ ਕੈਕਸਟਨ ਹਾਲ ਵਿਖੇ 13 ਮਾਰਚ 1940 ਦੀ ਸ਼ਾਮ ਨੂੰ ਜ਼ਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਪੂਰੇ ਵੀਹ ਸਾਲ ਗਿਆਰਾਂ ਮਹੀਨੇ ਬਾਅਦ ਇਕ ਐਸਾ ਕਾਰਨਾਮਾ ਕੀਤਾ ਜਦ ਕਿ ਇਸ ਨੂੰ ਸਲਾਹੇ ਜਾਣ ਦੀ ਲੋੜ ਸੀ? ਇਹ ਵੀ ਉਸ ਸਮੇਂ ਜਦ ਕਿ ਸਭ ਨੂੰ ਪਤਾ ਸੀ ਕਿ ਉਸ ਨੂੰ ਆਉਂਦੇ ਕੁਝ ਦਿਨਾਂ ਵਿੱਚ ਫਾਂਸੀ ਲਾਇਆ ਜਾਣਾ ਹੈ ਤੇ ਉਸ ਸਮੇਂ ਉਸ ਨੂੰ ਇਖ਼ਲਾਕੀ ਮਦਦ ਦੀ ਲੋੜ ਸੀ। ਇਸ ਦਿਨ ਉਸ ਨੇ ਸਰ ਮਾਈਕਲ ਉਡਵਾਇਰ ਜੋ ਕਿ 1913 ਤੋਂ 1919 ਤੀਕ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਹਿ ਚੁੱਕਾ ਸੀ ਨੂੰ ਆਪਣੀ ਗੋਲੀ ਦਾ ਨਾ ਉਕਣ ਵਾਲਾ ਨਿਸ਼ਾਨਾ ਬਣਾਇਆ। ਉਡਵਾਇਰ ਉਹ ਅਧਿਕਾਰੀ ਜਿਸ ਨੇ ਪੰਜਾਬੀਆਂ 'ਤੇ ਅਥਾਹ ਅਤਿਆਚਾਰ ਢਾਹੇ ਉਹ ਜ਼ਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਸੀ।

ਉਪਰੋਕਤ ਪ੍ਰਸ਼ਨ ਬਾਰੇ ਇੰਗਲੈਂਡ ਵਾਸੀ ਜੋਗਿੰਦਰ ਸ਼ਮਸ਼ੇਰ ਨੇ ਆਪਣੀ ਪੁਸਤਕ 'ਲੰਡਨ ਦੇ ਸ਼ਹੀਦ' ਵਿੱਚ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਸ. ਊਧਮ ਸਿੰਘ ਨੇ ਇੰਗਲੈਂਡ ਦੇ ਕੈਕਸਟਨ ਹਾਲ ਵਿਖੇ 13 ਮਾਰਚ 1940 ਦੀ ਸ਼ਾਮ ਨੂੰ ਜ਼ਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਪੂਰੇ ਵੀਹ ਸਾਲ ਗਿਆਰਾਂ ਮਹੀਨੇ ਬਾਅਦ ਇਕ ਐਸਾ ਕਾਰਨਾਮਾ ਕੀਤਾ ਜੋ ਭਾਰਤ ਦੀ ਆਜ਼ਾਦੀ ਲਹਿਰ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ ਤੇ ਜਿਸਦਾ ਜ਼ਿਕਰ ਕਰਦਿਆਂ ਲੋਕਾਂ ਦੇ ਸਿਰ ਸਤਿਕਾਰ ਤੇ ਸ਼ਰਧਾ ਨਾਲ ਝੁੱਕ ਜਾਂਦੇ ਹਨ।

ਅਫ਼ਸੋਸ ਦੀ ਗੱਲ ਹੈ ਕਿ ਹੱਸ ਹੱਸ ਕੇ ਦੇਸ਼ ਦੀ ਅਣਖ਼ ਦੀ ਖ਼ਾਤਰ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਲੰਡਨ ਵਿੱਚ ਸ਼ਹੀਦ ਹੋਣ ਵਾਲੇ ਇਸ ਦੂਜੇ ਸੂਰਬੀਰ (ਲੰਡਨ ਦਾ ਪਹਿਲਾ ਸ਼ਹੀਦ ਮਦਨ ਲਾਲ ਢੀਂਗਰਾ ਸੀ ਜਿਸ ਨੂੰ 17 ਅਗਸਤ 1909 ਨੂੰ ਲੰਡਨ ਵਿਚ ਫਾਂਸੀ ਦਿੱਤੀ ਗਈ) ਨੂੰ ਉਸ ਸਮੇਂ ਭਾਵ 1940 ਦੇ ਸਿਆਸਤਦਾਨਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਉਸ ਦੇ



ਕਾਰਨਾਮੇ ਨੂੰ ਸਲਾਹੁਣ ਦੀ ਥਾਂ 'ਤੇ ਉਸ ਸਮੇਂ ਜੋ ਕੁਝ ਕੀਤਾ ਉਸ ਨੂੰ ਜਾਣ ਕੇ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ।

ਉਸ ਸਮੇਂ ਮਹਾਤਮਾ ਗਾਂਧੀ ਨੇ ਇਸ ਕਾਰਨਾਮੇ ਨੂੰ ਪਾਗ਼ਲਪਨ ਕਰਾਰ ਦਿੰਦੇ ਹੋਇ ਕਿਹਾ ਸੀ,"ਸਰ ਮਾਈਕਲ ਉਡਵਾਇਰ ਦੀ ਮੌਤ, ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਸਰ ਲੂਈ ਡੇਨ ਦੇ ਜ਼ਖਮੀ ਹੋਣ ਨਾਲ ਮੈਨੂੰ ਡੂੰਘਾ ਦੁੱਖ ਹੋਇਆ ਹੈ। ਮੈਂ ਮਿਰਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾ ਕਰਦਾ ਹਾਂ ਅਤੇ ਆਸ ਰੱਖਦਾ ਹਾਂ ਕਿ ਜ਼ਖਮ ਛੇਤੀ ਤੰਦਰੁਸਤ ਹੋ ਜਾਣਗੇ। ਮੈਂ ਇਸ ਕਾਰਨਾਮੇ ਨੂੰ ਪਾਗ਼ਲਪਨ ਸਮਝਦਾ ਹਾਂ। ਇਹੋ ਜਿਹੇ ਕਾਰਨਾਮੇ ਉਨ੍ਹਾਂ ਮੰਤਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿੰਨ੍ਹਾਂ ਲਈ ਉਹ ਕੀਤੇ ਜਾਂਦੇ ਹਨ। ਮੈਨੂੰ ਆਸ ਹੈ ਕਿ ਰਾਜਸੀ ਫੈਸਲੇ ਵੇਲੇ ਇਸ ਨੂੰ ਨਜ਼ਰ ਅੰਦਾਜ਼ ਨਹੀਂ ਹੋਣ ਦਿੱਤਾ ਜਾਵੇਗਾ"। ਉਸ ਵੇਲੇ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਕਿਹਾ, "ਇਸ ਦੁਖਾਂਤਕ ਘਟਨਾ ਲਈ, ਸਾਨੂੰ ਬਹੁਤ ਅਫ਼ਸੋਸ ਹੈ। ਇਹ ਪਤਾ ਲੱਗਣ 'ਤੇ ਕੁਝ ਸ਼ਾਂਤੀ ਹੋਈ ਹੈ ਕਿ ਇਸ ਨਾਲ ਕੋਈ ਰਾਜਸੀ ਮਹੱਤਤਾ ਸੰਬੰਧਤ ਨਹੀਂ"।

14 ਮਾਰਚ 1940 ਨੂੰ ਪੰਜਾਬ ਅਸੈਂਬਲੀ ਵਿੱਚ ਉਸ ਸਮੇਂ ਦੇ ਵਜ਼ੀਰੇ ਆਜ਼ਮ ਸਰ ਸਕੰਦਰ ਹਯਾਤ ਖਾਂ ਨੇ ਪੇਸ਼ ਕੀਤੇ ਮਤੇ ਵਿੱਚ ਇਸ ਦਲੇਰੀ ਭਰੇ ਕਾਰਨਾਮੇ ਨੂੰ ਕਮੀਨਾ ਕਿਹਾ ਸੀ। ਮਤੇ ਅਨੁਸਾਰ, "ਇਹ ਹਾਊਸ ਉਸ ਕਮੀਨੇ ਹਮਲੇ ਦੀ, ਜਿਹੜਾ ਕਿ ਰਿਪੋਰਟਰਾਂ ਮੁਤਾਬਕ ਇਕ ਹਿੰਦੁਸਤਾਨੀ ਨੇ ਕੈਕਸਟਨ ਹਾਲ ਲੰਡਨ ਵਿਖੇ ਕੀਤਾ, ਪੂਰੀ ਨਿਖੇਧੀ ਕਰਦਾ ਹੈ ਅਤੇ ਇਸ ਉਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਹ ਲੇਡੀ ਉਡਵਾਇਰ ਅਤੇ ਪ੍ਰਵਾਰ ਦੇ ਹੋਰ ਜੀਆਂ ਨਾਲ ਪੂਰੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ"। ਉਸ ਨੇ ਮਤੇ ਨੂੰ ਪੇਸ਼ ਕਰਦਿਆਂ ਕਿਹਾ ਸੀ, "ਇਹੋ ਜਿਹੇ ਹਿੰਸਾ ਦੇ ਕਾਰਨਾਮੇ ਹਿੰਦੁਸਤਾਨ ਦੇ ਨਾਮ ਧੱਬਾ ਹਨ ਅਤੇ ਦੇਸ਼ ਦੀਆਂ ਰਵਾਇਤਾਂ ਦੇ ਖਿਲਾਫ ਹਨ"। ਕਾਂਗਰਸ ਪਾਰਟੀ ਉਸ ਸਮੇਂ ਵਿਰੋਧੀ ਧਿਰ ਵਿੱਚ ਸੀ। ਪਰ ਕਿਸੇ ਨੇ ਵੀ ਇਸ ਮਤੇ ਦੀ ਵਿਰੋਧਤਾ ਨਾ ਕੀਤੀ ਤੇ ਇਹ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ। ਯਾਦ ਰਹੇ ਕਿ ਸਰ ਸਕੰਦਰ ਹਯਾਤ ਖਾਂ ਦੀ ਇਸ ਵਜ਼ਾਰਤ ਵਿੱਚ ਸਰ ਸੁੰਦਰ ਸਿੰਘ ਮਜੀਠੀਆ, ਸਰ ਛੋਟੂ ਰਾਮ ਅਤੇ ਹੋਰ ਅੰਗਰੇਜ਼ ਪ੍ਰਸਤ ਸ਼ਾਮਲ ਸਨ ਜਿਸ ਨੇ 1939 ਵਿੱਚ ਦੂਜਾ ਵਿਸ਼ਵ ਯੁੱਧ ਦੇ ਸ਼ੁਰੂ ਵਿੱਚ ਅਨੇਕਾਂ ਦੇਸ਼ ਭਗਤਾਂ ਨੂੰ ਡੀਫੈਂਸ ਆਫ ਇੰਡੀਆ ਰੂਲਜ਼ ਹੇਠਾਂ ਗ੍ਰਿਫਤਾਰ ਕਰਕੇ ਕੈਂਪਾਂ ਵਿੱਚ ਨਜ਼ਰਬੰਦ ਕੀਤਾ ਸੀ।

ਉਡਵਾਇਰ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪੰਜਾਬ ਦੇ ਸਾਰੇ ਦਫ਼ਤਰ ਬੰਦ ਹੋ ਗਏ ਤੇ ਝੰਡੇ ਨੀਵੇਂ ਕਰ ਦਿੱਤੇ ਗਏ। ਉਸ ਦੀ ਬਹਾਦਰੀ ਦੇ ਗੁਣ ਗਾਏ। ਪਰ ਉਸ ਮਹਾਨ ਸ਼ਹੀਦ ਲਈ ਬਹੁਤ ਹੀ ਘਟੀਆ ਸ਼ਬਦਾਂ ਦਾ ਇਸਤੇਮਾਲ ਕੀਤਾ ਗਿਆ। ਭਾਰਤ ਤੋਂ ਇਲਾਵਾ ਇੰਗਲੈਂਡ ਵਿੱਚ ਜਿੱਥੇ ਕਿ ਇਹ ਘਟਨਾ ਵਾਪਰੀ ਵਿਖੇ ਵੀ ਇੰਡੀਆ ਹਾਊਸ ਵਿੱਚ ਉਸ ਸਮੇਂ ਦੇ ਇੰਡੀਅਨ ਹਾਈ ਕਮਿਸ਼ਨਰ ਸਰ ਫਿਰੋਜ਼ ਖਾਨ ਵਲੋਂ ਇਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ, ਮੁਸਲਮ ਲੀਗ, ਸਿੱਖ਼ ਖ਼ਾਲਸਾ ਜੱਥਾ, ਇੰਡੀਆ ਲੀਗ, ਪਾਰਸੀ ਐਸੋਸੀਏਸ਼ਨ ਤੇ ਹੋਰ ਕਈ ਜਥੇਬੰਦੀਆਂ ਦੇ ਪ੍ਰਤੀਨਿੱਧ ਸ਼ਾਮਲ ਹੋਏ। ਇਸ ਵਿੱਚ ਵੀ ਇਸ ਕਾਰਨਾਮੇ ਦੀ ਨਿਖੇਧੀ ਕੀਤੀ ਗਈ ਤੇ ਉਡਵਾਇਰ ਦੀ ਮੌਤ 'ਤੇ ਸ਼ੋਕ ਪ੍ਰਗਟ ਕੀਤਾ ਗਿਆ। ਪਰ ਇਸ ਦੇ ਬਾਵਜੂਦ ਵੀ ਕਿਸੇ ਨੇ ਉਸ ਦਾ ਕੇਸ ਲੜਨ ਲਈ ਵਕੀਲ ਕੀਤਾ ਜਿਵੇਂ ਕਿ ਸ. ਜਾਹਲ ਸਿੰਘ ਨੂੰ ਸ. ਊਧਮ ਸਿੰਘ ਵੱਲੋਂ ਲਿਖੇ ਪੱਤਰ ਤੋਂ ਸਪੱਸ਼ਟ ਹੁੰਦਾ ਹੈ, "ਮੈਂ ਜਾਣਦਾ ਹਾਂ ਕਿ ਇਥੇ ਰਹਿੰਦੇ ਕਈ ਹਿੰਦੁਸਤਾਨੀ ਮੇਰੇ ਖ਼ਿਲਾਫ਼ ਹਨ। ਪਰ ਮੇਰਾ ਦਿਲ ਜਾਣਦਾ ਹੈ ਕਿ ਤੁਹਾਨੂੰ ਗੱਲ ਦਸਾਂ। ਮੈਨੂੰ ਨਹੀਂ ਪਤਾ ਕਿ ਕੌਣ ਮੇਰੀ ਖ਼ਾਤਰ ਸੋਲਿਸਟਰ (ਵਕੀਲ) ਦਾ ਝੰਜਟ ਕਰ ਰਿਹਾ ਹੈ। ਮੈਂ ਨਹੀਂ ਚਾਹੁੰਦਾ ਕਿ ਉਸ ਦਾ ਪੈਸਾ ਮੇਰੇ ਮੁਕੱਦਮੇ 'ਤੇ ਲੱਗੇ ਜਦੋਂ ਕਿ ਮੈਨੂੰ ਕੁਝ ਵੀ ਹੋਵੇ, ਚਿੰਤਾ ਨਹੀਂ ਮੈਂ ਕਿਸੇ ਵੀ ਥਾਓਂ ਜਾਣ ਲਈ ਤਿਆਰ ਹਾਂ, ਤਾਂ ਮੇਰੀ ਖਾਤਰ ਲੋਕ ਕਿਉਂ ਕਸ਼ਟ ਕਰਦੇ ਹਨ। ਮੈਨੂੰ ਮੌਤ ਦਾ ਡਰ ਨਹੀਂ ਕਿਉਂਕਿ ਜਲਦੀ ਹੀ ਫਾਂਸੀ ਨਾਲ ਵਿਆਹ ਹੋਣਾ ਹੈ। ...ਜੇ ਤੁਹਾਨੂੰ ਪਤਾ ਲੱਗੇ ਕਿ ਮੇਰੀ ਮਦਦ ਕਰਨ ਵਾਲੇ ਕੌਣ ਹਨ, ਬਰਾਏ ਮਿਹਰਬਾਨੀ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦੇਣਾ, ਮੈਨੂੰ ਖ਼ੁਸ਼ੀ ਹੋਵੇਗੀ। ਜੋ ਉਹ ਕਾਤਿਲ ਦੀ ਮਦਦ ਕਰਨ ਦੀ ਥਾਉਂ ਵਿਦਿਆ ਤੇ ਪੈਸਾ ਖਰਚਣ।"ਇਸ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਇੰਗਲੈਂਡ ਵਿਚ ਉਸ ਦੇ ਬਹੁਤ ਘੱਟ ਹਮਦਰਦੀ ਸਨ। ਅੰਤਰ ਰਾਸ਼ਟਰੀ ਪੱਧਰ 'ਤੇ ਉਸ ਦੇ ਹੱਕ ਵਿੱਚ ਇਕੋ ਇਕ ਆਵਾਜ਼ ਸਾਰੇ ਵਿਸ਼ਵ ਵਿੱਚ ਗੂੰਜੀ ਉਹ ਸੀ ਜਰਮਨ ਰੇਡੀਓ ਜਿਸ ਨੇ ਆਪਣੇ ਪ੍ਰਸਾਰਨ ਵਿੱਚ ਕਿਹਾ ਸੀ, "ਅਤਿਆਚਾਰ ਦਾ ਸ਼ਿਕਾਰ ਲੋਕਾਂ ਦੀ ਆਵਾਜ਼ ਗੋਲੀਆਂ ਬਣ ਕੇ ਗੂੰਜੀ (ਦਾ ਕਰਾਈ ਆਫ਼ ਟੌਰਮੈਂਟਡ ਪਿਓਪਲ ਸਪੋਕ ਵਿਦ ਸ਼ੌਟਸ)". ਇਨਕਲਾਬੀ ਗਰੁੱਪਾਂ ਵਲੋਂ ਕੱਢੀ ਜਾਂਦੀਆਂ ਗੁਪਤ ਅਖਬਾਰਾਂ ਵਿੱਚ ਸ਼ਾਇਦ ਉਸ ਨੂੰ ਸਲਾਹਿਆ ਗਿਆ ਹੋਵੇ ਪਰ ਸਾਨੂੰ ਅਜਿਹੇ ਕੋਈ ਪ੍ਰਗਟ ਰੂਪ ਵਿੱਚ ਲਿਖਤ ਨਹੀਂ ਮਿਲਦੀ ਜਿਸ ਵਿੱਚ ਉਸ ਦੇ ਕਾਰਨਾਮੇ ਦੀ ਸ਼ਲਾਘਾ ਕੀਤੀ ਗਈ ਹੋਵੇ।



ਡਾ. ਚਰਨਜੀਤ ਸਿੰਘ ਗੁਮਟਾਲਾ
001 9375739812


ਜੋਗਿੰਦਰ ਸ਼ਮਸ਼ੇਰ ਨੇ ਠੀਕ ਹੀ ਲਿਖਿਆ ਹੈ ਕਿ ਭਾਰਤ ਦੀਆਂ ਨਰਮ ਦੱਲ ਦੀਆਂ ਰਾਜਸੀ ਪਾਰਟੀਆਂ, ਸਾਰੀ ਬਰਤਾਨਵੀ ਸਰਕਾਰ, ਪ੍ਰਤੀਗਾਮੀ ਫਿਰਕਾਪ੍ਰਸਤ ਅਤੇ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਬੇ-ਜ਼ਮੀਰੇ ਲੋਕ ਇਕ ਬੰਨੇ ਸਨ। ਪਰ ਦੂਜੇ ਬੰਨੇ ਊਧਮ ਸਿੰਘ ਸੀ, ਜਿਸ ਕੋਲ ਕਿ ਬਲਵਾਨ ਆਤਮਾ ਅਤੇ ਸ਼ੇਰ ਵਰਗਾ ਜਿਗਰਾ ਸੀ, ਜਿਸ ਨਾਲ ਕਰੋੜਾਂ ਉਨ੍ਹਾਂ ਹਿੰਦੁਸਤਾਨੀਆਂ ਦੀ ਹਮਦਰਦੀ ਸੀ, ਜੋ ਬੇ-ਆਵਾਜ਼ ਸਨ। ਸ਼ਾਇਦ ਇਸ ਲਈ ਕਿ ਊਧਮ ਸਿੰਘ ਦਾ ਕਾਰਨਾਮਾ ਜਿੰਨੀ ਦਲੇਰੀ ਭਰਿਆ ਸੀ, ਉਸ ਦਾ ਸਾਥ ਦੇਣ ਲਈ ਵੀ ਉਨੀ ਦਲੇਰੀ ਦੀ ਲੋੜ ਸੀ।

# ਔਰਤ ਦੇ ਅੰਤਰੀਵ ਮਨ ਨੂੰ ਬ੍ਰਹਿਮੰਡ ਨਾਲ ਜੋੜਦੀ ਗੁਲਸ਼ਨ ਦਿਆਲ ਦੀ ਕਵਿਤਾ

ਬੀਤੇ ਦਿਨੀਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਜ਼ੂਮ ਲਿੰਕ ਰਾਹੀਂ ਹੋਈ ਵਿਪਸਾ ਦੀ ਮਾਸਿਕ ਮਿਲਣੀ ਆਪਣੇ ਪਿੱਛੇ ਇਕ ਅਮਿੱਟ ਪੈੜ ਛੱਡ ਗਈ। ਮੀਟਿੰਗ ਦੇ ਸ਼ੁਰੂ ਵਿਚ ਡਾ. ਸੁਖਵਿੰਦਰ ਕੰਬੋਜ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਪ੍ਰੋਗਰਾਮ ਦੀ ਰੂਪ ਰੇਖਾ ਦੱਸੀ ਅਤੇ ਜਗਜੀਤ ਨੌਸ਼ਹਿਰਵੀ ਦੀ ਮਾਤਾ ਕੁਲਵੰਤ ਕੌਰ ਸੰਧੂ ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ।ਉਹਨਾ ਇਸ ਮੌਕੇ ਚਰਨਜੀਤ ਸਿੰਘ ਪੰਨੂ ਦੀ ਭੈਣ ਕੁਲਵੰਤ ਭੁੱਲਰ ਅਤੇ ਪ੍ਰਸਿੱਧ ਕਹਾਣੀਕਾਰ ਰਾਵਿੰਦਰ ਅਟਵਾਲ ਦੀ ਧਰਮ ਪਤਨੀ ਬਲਦੇਵ ਕੌਰ ਅਟਵਾਲ ਦੇ ਵਿਛੋੜੇ 'ਤੇ ਵੀ ਗਹਿਰੇ ਦੁੱਖ ਦਾ ਪਰਗਟਾਵਾ ਕੀਤਾ। ਪੁਸਤਕ ਸੈਸ਼ਨ ਵਿਚ ਲਾਜ ਨੀਲਮ ਸੈਣੀ ਨੇ ਗੁਲਸ਼ਨ ਦਿਆਲ ਦੀ ਜਾਣ ਪਛਾਣ ਕਰਵਾਉਂਦੇ ਹੋਏ ਦੱਸਿਆ ਕਿ ਗੁਲਸ਼ਨ ਦੇ ਘਰ ਵਿਚ ਸਾਹਿਤਕ ਮਹੌਲ ਹੋਣ ਕਰਕੇ ਉਹ ਬਚਪਨ ਤੋਂ ਹੀ ਅਖ਼ਬਾਰਾਂ ਤੇ ਸਾਹਿਤਕ ਰਸਾਲੇ ਪੜ੍ਹਦੀ ਆ ਰਹੀ ਹੈ ਪਰੰਤੂ ਆਪਣੇ ਲੇਖਕ ਹੋਣ ਨੂੰ ਉਹ ਇਕ ਹਾਦਸਾ ਸਮਝਦੀ ਹੈ। ਉਸ ਨੇ ਦੋ ਕਾਵਿ ਸੰਗ੍ਰਹਿ 'ਗਜਰ' ਅਤੇ 'ਅਣਕਹੀਆਂ' ਅਤੇ ਇਕ ਵਾਰਤਕ ਪੁਸਤਕ 'ਪਰਿਕਰਮਾ' ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਸ ਉਪਰੰਤ ਡਾ. ਉਮਿੰਦਰ ਜੌਹਲ ਨੇ ਗੁਲਸ਼ਨ ਦੇ ਕਾਵਿ ਸੰਸਾਰ ਬਾਰੇ ਪੇਪਰ ਪੇਸ਼ ਕਰਦੇ ਹੋਏ ਕਿਹਾ ਕਿ ਗੁਲਸ਼ਨ ਦੀ ਕਵਿਤਾ ਔਰਤ ਦੇ ਅੰਤਰ ਮਨ ਦੀ ਵਿਥਿਆ ਦਾ ਕਾਵਿ ਪ੍ਰਵਚਨ ਕਹਿ ਸਕਦੇ ਹਾਂ ਪਰ ਇਸ ਕਵਿਤਾ ਵਿਚ ਔਰਤ ਦੀ ਪ੍ਰਗਟਾਈ ਵਿਥਿਆ ਪੰਜਾਬੀ ਕਵਿਤਾ ਵਿਚਲੀ ਔਰਤ ਦੀ ਵਿਥਿਆ ਨਾਲ ਬਿਲਕੁਲ ਮੇਲ ਨਹੀਂ ਖਾਂਦੀ। ਇਸ ਵਿਚ ਔਰਤ ਦੀ ਮਾਨਸਿਕ ਸੰਤੁਸ਼ਟੀ ਝਲਕਦੀ ਹੈ। ਦੂਜੇ ਪੇਪਰ ਵਿਚ ਡਾ. ਮੋਹਨ ਤਿਆਗੀ ਨੇ ਗੁਲਸ਼ਨ ਦੀ ਕਾਵਿ ਸੰਵੇਦਨਾ ਦੀ ਗੱਲ ਕਰਦੇ ਕਿਹਾ ਕਿ ਗੁਲਸ਼ਨ ਦੀ ਕਵਿਤਾ ਔਰਤ ਦੇ ਅੰਤਰੀਵੀ ਮਨ ਨੂੰ ਬ੍ਰਹਿਮੰਡ ਨਾਲ ਜੋੜਦੀ ਹੈ। ਇਹ ਮਨ ਦੇ ਗਹਿਰੇ ਪਾਣੀਆਂ ਵਿਚ ਚਲ ਰਹੀ ਹਲਚਲ ਹੈ:

ਚਲੋ ਹੱਥ ਵਿਚ ਹੱਥ ਪਾਈਏ
ਇਕ ਜੰਜ਼ੀਰ ਬਣ ਜਾਈਏ।






ਇਸ ਉਪਰੰਤ ਗੁਲਸ਼ਨ ਨੇ ਆਪਣੇ ਕਾਵਿ ਸਫ਼ਰ ਦੀ ਗੱਲ ਕਰਦਿਆਂ ਡਾ. ਉਮਿੰਦਰ ਜੌਹਲ ਅਤੇ ਡਾ. ਮੋਹਨ ਤਿਆਗੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹਨਾ ਦੋਵਾਂ ਵੱਲੋਂ ਪੜ੍ਹੇ ਪੇਪਰਾਂ ਨੇ 'ਉਸ ਨਾਲ ਉਸਦੀ ਹੀ ਪਛਾਣ ਨੂੰ ਹੋਰ ਗੂੜਾ ਕੀਤਾ ਹੈ'। ਇਸ ਤੋਂ ਬਾਅਦ ਪੇਪਰਾਂ ਉਪਰ ਹੋਈ ਉਸਾਰੂ ਅਤੇ ਭਖਵੀਂ ਚਰਚਾ ਵਿਚ ਅਮਰਜੀਤ ਕੌਰ ਪੰਨੂ, ਡਾ. ਗੁਰਪ੍ਰੀਤ ਧੁੱਗਾ, ਬੀਬੀ ਸੁਰਜੀਤ ਕੌਰ, ਲਾਜ ਨੀਲਮ ਸੈਣੀ ਅਤੇ ਡਾ. ਸੁਖਵਿੰਦਰ ਕੰਬੋਜ ਨੇ ਭਾਗ ਲਿਆ। ਡਾ. ਸੁਹਿੰਦਰਬੀਰ ਸਿੰਘ ਨੇ ਇਸ ਸੈਸ਼ਨ ਦੀ ਅੰਤਿਕਾ ਵਿਚ ਕਿਹਾ ਕਿ ਗੁਲਸ਼ਨ ਦੀ ਕਵਿਤਾ ਸਹਿਜ ਦੀ ਕਵਿਤਾ ਹੈ। ਉਸਦੇ ਅਵਚੇਤਨ ਵਿਚ ਸਭਿਅਤਾ ਅਤੇ ਸਿਮਰਤੀ ਭਾਰੂ ਹਨ। ਉਹ ਇਕ ਸੰਭਾਵਨਾਵਾਂ ਭਰਪੂਰ ਸ਼ਾਇਰਾ ਹੈ। ਆਸ ਹੈ ਕਿ ਉਹ ਭਵਿੱਖ ਵਿਚ ਹੋਰ ਵੀ ਵਧੀਆ ਕਵਿਤਾ ਲਿਖੇਗੀ।

ਇਸ ਉਪਰੰਤ ਕਵੀ ਦਰਬਾਰ ਵਿਚ ਤਾਰਾ ਸਾਗਰ, ਮਹਿੰਦਰ ਸਿੰਘ ਸੰਘੇੜਾ, ਐਸ਼ ਕਮ ਐਸ਼, ਬੀਬੀ ਸੁਰਜੀਤ ਕੌਰ, ਸੁਰਿੰਦਰ ਸੀਰਤ, ਚਰਨਜੀਤ ਪੰਨੂ, ਡਾ. ਗੁਰਪ੍ਰੀਤ ਧੁੱਗਾ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਟੋਰਾਂਟੋ, ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ, ਸੁਰਜੀਤ ਸਖੀ, ਡਾ ਮੋਹਨ ਤਿਆਗੀ, ਡਾ ਉਮਿੰਦਰ ਜੌਹਲ, ਡਾ. ਸੁਹਿੰਦਰਬੀਰ ਸਿੰਘ, ਕੁਲਵਿੰਦਰ ਅਤੇ ਸੁਖਵਿੰਦਰ ਕੰਬੋਜ ਨੇ ਹਿੱਸਾ ਲਿਆ। ਕਵੀ ਦਰਬਾਰ ਦਾ ਸੰਚਾਲਨ ਵਿਪਸਾ ਦੀ ਮੀਤ ਪ੍ਰਧਾਨ ਅਮਰਜੀਤ ਪੰਨੂ ਨੇ ਬਾਖ਼ੂਬੀ ਨਿਭਾਇਆ।ਅਗਲੀ ਮਾਸਿਕ ਮਿਲਣੀ ਵਿਚ ਸੁਰਜੀਤ ਸਖੀ ਦੀ ਗ਼ਜ਼ਲ ਸੰਵੇਦਨਾ 'ਤੇ ਗੱਲਬਾਤ ਕੀਤੀ ਜਾਵੇਗੀ।

**ਰਿਪੋਰਟ: ਲਾਜ ਨੀਲਮ ਸੈਣੀ**
**ਸਹਾਇਕ ਸਕੱਤਰ**
**ਫੋਨ: (510) 502-0551**

# ਅੰਜਲੀ ਮੁਖਰਜੀ

(ਸਫਾ 30 ਦੀ ਬਾਕੀ)

ਹਵਾਲੇ:
1. Anjali Mookerjee, 'Road to Research', Lilavati's Daughters – The Women Scientists of India, January 2014 Edition, Pages: 198-201.
2. Official Website of University of Calicut, Distt. Malappuram, Kerala: www.universityofcalicut.info. Webpage: www.universityofcalicut.info/index.php?option=com_content & task=view & id = 709 & Itemid = 416
3. Official Website of Cancer Foundation of India: cancerfoundationofindia.org Webpage: cancerfoundationofindia.org/about-us/committees/index.html
4. Indian Academy of Sciences; www.ias.ac.in, Anjali Mookerjee (1927 – 2009).
5. Rohini Godbole and Ram Ramaswami, 'Preface' Lilavati's Daughters – The Women Scientists of India, Second Printing, July 2010, Page: XV
6. Official Website of School of Environmental Sciences, Jawaharlal Nehru University, New Delhi: www.jnu.ac.in Webpage:http://www.jnu.ac.in/ses-past-dean
7. www.chandernagorecollege.org/events_activities/events_activities 2016.shtml. [For Picture]



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop